## ਅੱਜ ਦਾ ਵਿਚਾਰ

ਲੋੜ ਤੋਂ ਵੱਧ ਮਿੱਠਾ ਬੋਲਣ ਵਾਲਿਆਂ ਤੋਂ ਵੀ ਸਾਵਧਾਨ ਰਹੋ ਕਿਉਂਕਿ ਮਿੱਠਾ ਸ਼ਹਿਦ ਬਣਾਉਣ ਵਾਲੀ ਮੱਖੀ ਵੀ ਡੰਗ ਬਹੁਤ ਜ਼ਹਿਰੀਲਾ ਹੁੰਦਾ


# PREETNAMA ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180



ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ

www.preetnama.com



ਸਾਲ 1, ਅੰਕ 19, ਮਿਤੀ : ਸਤੰਬਰ 06, 2019 ਤੋਂ 12 ਸਤੰਬਰ, 2019 ਵੈਬਸਾਈਟ : www.preetnama.com ਈਮੇਲ preetnamausa@gmail.com


# ਪੰਜਾਬੀ ਮੁੰਡਿਆਂ ਨੂੰ ਜੰਗੀ ਹਾਲਾਤ ਵਾਲੇ ਮੁਲਕ ਇਰਾਕ ਵਿਚ ਕਿਵੇਂ ਪਹੁੰਚਾ ਦਿੰਦੇ ਨੇ ਠੱਗ ਟਰੈਵਲ ਏਜੰਟ




ਮੈ ਕੁਝ ਨਹੀਂ ਕੀਤਾ, ਮੈਂ ਤਾਂ ਇਹਨਾਂ ਪੰਜਾਬੀ ਨੌਜਵਾਨਾਂ ਦੀ ਬੱਸ ਰੋਟੀ ਅਤੇ ਰਹਿਣ ਦਾ ਹੀ ਪ੍ਰਬੰਧ ਕੀਤਾ ਸੀ, ਜੋ ਕਿ ਮੇਰਾ ਫ਼ਰਜ਼ ਵੀ ਸੀ", ਇਹ ਕਹਿਣਾ ਹੈ ਇਰਾਕ ਦੇ ਸ਼ਹਿਰ ਇਰਬਿਲ ਵਿਚ ਰਹਿਣ ਵਾਲੇ ਚਰਨਜੀਤ ਸਿੰਘ ਉਰਫ਼ ਭਲਵਾਨ ਦਾ। ਚਰਨਜੀਤ ਸਿੰਘ ਭਲਵਾਨ, ਉਹੀ ਨੌਜਵਾਨ ਹੈ ਜਿਸ ਨੇ ਇਰਾਕ ਤੋਂ ਪਿਛਲੇ ਦਿਨੀਂ ਪੰਜਾਬ ਪਰਤੇ ਸੱਤ ਨੌਜਵਾਨਾਂ ਦੀ ਕਰੀਬ ਪੰਜ ਮਹੀਨੇ ਮਦਦ ਕੀਤੀ। ਚਰਨਜੀਤ ਸਿੰਘ ਭਲਵਾਨ ਦਾ ਸਬੰਧ ਅੰਮ੍ਰਿਤਸਰ ਨਾਲ ਹੈ ਅਤੇ ਉਹ ਪਿਛਲੇ ਦਸ ਸਾਲਾਂ ਤੋਂ ਇਰਬਿਲ ਵਿਚ ਇੱਕ ਸ਼ੀਸ਼ੇ ਦੀ ਕਟਿੰਗ ਕਰਨ ਵਾਲੀ ਕੰਪਨੀ ਵਿਚ ਕੰਮ ਕਰਦਾ ਹੈ। ਬੀਬੀਸੀ ਪੰਜਾਬੀ ਨਾਲ ਇਰਬਿਲ ਤੋਂ ਫ਼ੋਨ ਉੱਤੇ ਗੱਲਬਾਤ ਕਰਦਿਆਂ 38 ਸਾਲਾ ਚਰਨਜੀਤ ਸਿੰਘ ਨੇ ਦੱਸਿਆ ਕਿ ਜਿਸ ਸਮੇਂ ਇਹਨਾਂ ਮੁੰਡਿਆਂ ਦਾ ਉਸ ਨੂੰ ਫ਼ੋਨ ਆਇਆ ਤਾਂ ਉਹ ਪੰਜਾਬ ਵਿਚ ਸੀ। ਵਾਪਸ ਇਰਾਕ ਪਰਤਣ ਉੱਤੇ ਜਦੋਂ ਇਹਨਾਂ ਮੁੰਡਿਆਂ ਨਾਲ ਮੁਲਾਕਾਤ ਹੋਈ ਤਾਂ ਇਹਨਾਂ ਆਪਣੀ ਹੱਡਬੀਤੀ ਸੁਣਾਈ। ਚਰਨਜੀਤ ਸਿੰਘ ਮੁਤਾਬਕ ਦਿੱਕਤ ਵਿਚ ਘਿਰੇ ਨੌਜਵਾਨਾਂ ਦੀ ਗੱਲ ਸੁਣ ਕੇ ਉਸ ਤੋਂ ਰਿਹਾ ਨਾ ਗਿਆ ਅਤੇ ਇਹਨਾਂ ਨੂੰ ਹੌਸਲਾ ਦਿੱਤਾ ਕਿ ਜਦੋਂ ਤੱਕ ਇਰਾਕ ਵਿਚ ਹੋ ਮੈਂ ਤੁਹਾਡੀ ਮਦਦ ਕਰਾਂਗਾ।

### ਟੂਰਿਸਟ ਵੀਜ਼ੇ 'ਤੇ ਲਿਆਂਦੇ ਸਨ ਇਰਾਕ

ਚਰਨਜੀਤ ਸਿੰਘ ਨੇ ਦੱਸਿਆ ਕਿ ਅਸਲ ਵਿਚ ਏਜੰਟ ਇਹਨਾਂ ਨੂੰ ਟੂਰਿਸਟ ਵੀਜ਼ੇ ਉੱਤੇ ਇਰਾਕ ਲੈ ਤਾਂ ਆਇਆ ਪਰ ਇਹਨਾਂ ਲਈ ਵਰਕ ਪਰਮਿਟ ਦਾ ਪ੍ਰਬੰਧ ਨਾ ਕਰ ਸਕਿਆ। ਜਿਸ ਕਾਰਨ ਇਹਨਾਂ ਨੂੰ ਇੱਥੇ ਕੰਮ ਮਿਲਣ ਦੀ ਥਾਂ ਜੁਰਮਾਨਾ ਪੈਣਾ ਸ਼ੁਰੂ ਹੋ ਗਿਆ। ਚਰਨਜੀਤ ਸਿੰਘ ਨੇ ਦੱਸਿਆ ਕਿ ਇਰਾਕ ਵਿਚ ਕੰਮ ਕਰਨ ਲਈ ਵਰਕ ਪਰਮਿਟ (ਸਥਾਨਕ ਭਾਸ਼ਾ ਵਿਚ ਕਾਮਾ) ਲੈਣਾ ਪੈਂਦਾ ਹੈ ਅਤੇ ਇਸ ਤੋਂ ਬਿਨਾਂ ਇੱਥੇ ਕੋਈ ਵੀ ਵਿਦੇਸ਼ੀ ਬੰਦਾ ਕੰਮ ਨਹੀਂ ਕਰ ਸਕਦਾ। ਉਨ੍ਹਾਂ ਦੱਸਿਆ ਕਿ ਇਹ ਸਾਰੇ ਮੁੰਡੇ ਇੱਕ ਕਮਰੇ ਵਿਚ ਰਹੇ ਸਨ ਅਤੇ ਇਹਨਾਂ ਦੇ ਖਾਣ ਪੀਣ ਦਾ ਸਾਰਾ ਪ੍ਰਬੰਧ ਉਸ ਨੇ ਅਤੇ ਉਸ ਦੇ ਕੁਝ ਦੋਸਤਾਂ ਨੇ ਚੁੱਕਿਆ। ਚਰਨਜੀਤ ਸਿੰਘ ਨੇ ਦੱਸਿਆ ਕਿ ਜਿਸ ਏਜੰਟ ਦੇ ਹਵਾਲੇ ਨਾਲ ਇਹ ਇਰਾਕ ਪਹੁੰਚੇ ਸੀ, ਉਸ ਨਾਲ ਵੀ ਉਨ੍ਹਾਂ ਨੇ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਆਪਣਾ ਮਕਾਨ ਬਦਲ ਲਿਆ। ਅੱਠ ਮਹੀਨੇ ਬੀਤ ਜਾਣ ਤੋਂ ਬਾਅਦ ਜਦੋਂ ਗੱਲ ਨਾ ਬਣੀ ਤਾਂ ਇਹਨਾਂ ਨੂੰ ਭਾਰਤੀ ਵਿਦੇਸ਼ ਮੰਤਰਾਲੇ ਦੀ ਮਦਦ ਨਾਲ ਵਾਪਸ ਸਵਦੇਸ਼ ਭੇਜਿਆ ਗਿਆ। ਚਰਨਜੀਤ ਸਿੰਘ ਨੇ ਦੱਸਿਆ ਕਿ ਕਦੇ ਕੰਮ ਕਾਜ ਦੇ ਚੱਕਰ ਵਿਚ ਜੇਕਰ ਉਹ ਬਾਹਰ ਵੀ ਹੁੰਦਾ ਤਾਂ ਉਸ ਦੇ ਦੋਸਤ ਇਹਨਾਂ ਨੌਜਵਾਨਾਂ ਦੀ ਮਦਦ ਕਰਦੇ ਸਨ।

### ਭਾਰਤੀਆਂ ਦੀ ਇਰਾਕ ਵਿਚ ਜ਼ਿੰਦਗੀ

ਚਰਨਜੀਤ ਸਿੰਘ ਪਿਛਲੇ ਦਸ ਸਾਲਾਂ ਤੋਂ ਇਰਾਕ ਦੇ ਸ਼ਹਿਰ ਇਰਬਿਲ ਵਿਚ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਰਬਿਲ ਤੋਂ ਇਲਾਵਾ ਇਰਾਕ ਦੇ ਹੋਰਨਾਂ ਸ਼ਹਿਰਾਂ ਵਿਚ ਪੰਜਾਬੀ ਨੌਜਵਾਨ ਕੰਮ ਕਰਦੇ ਹਨ। ਜ਼ਿਆਦਾਤਰ ਪੰਜਾਬੀ ਡਰਾਈਵਰ, ਕੰਨਸਟਕਸ਼ਨ, ਹੋਟਲ ਵਿਚ ਸਾਫ਼ ਸਫ਼ਾਈ ਦਾ ਕੰਮ ਕਰਦੇ ਹਨ।ਉਨ੍ਹਾਂ ਦੱਸਿਆ ਕਿ ਕਈ ਪੰਜਾਬੀਆਂ ਨੇ ਇੱਥੇ ਆਪਣੇ ਕਾਰੋਬਾਰ ਵੀ ਸੈੱਟ ਕਰ ਲਏ ਹਨ। ਉਨ੍ਹਾਂ ਆਖਿਆ ਕਿ ਏਜੰਟ ਜ਼ਿਆਦਾਤਰ ਨੌਜਵਾਨਾਂ ਨੂੰ ਇਰਾਕ ਬਾਰੇ ਗੁਮਰਾਹ ਕਰ ਰਹੇ ਹਨ। ਇਰਾਕ ਦੇ ਹਾਲਾਤ ਦੀ ਗੱਲ ਕਰਦਿਆਂ ਚਰਨਜੀਤ ਸਿੰਘ ਨੇ ਦੱਸਿਆ ਕਿ ਕੁਝ ਸ਼ਹਿਰਾਂ ਵਿਚ ਖ਼ਤਰਾ ਹੈ ਪਰ ਇਰਬਿਲ ਅਤੇ ਬਗ਼ਦਾਦ ਸੁਰੱਖਿਅਤ ਹਨ। ਭਲਵਾਨ ਮੁਤਾਬਕ ਨਾ ਸਿਰਫ਼ ਪੰਜਾਬ ਬਲਕਿ ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਯੂ ਪੀ ਅਤੇ ਆਂਧਰਾ ਪ੍ਰਦੇਸ਼ ਦੇ ਨੌਜਵਾਨ ਇੱਥੇ ਏਜੰਟਾਂ ਰਾਹੀਂ ਇੱਥੇ ਪਹੁੰਚ ਰਹੇ ਹਨ। ਉਨ੍ਹਾਂ ਆਖਿਆ ਕਿ ਇਰਾਕ ਵਿਚ ਸਭ ਤੋਂ ਜ਼ਿਆਦਾ ਗਿਣਤੀ ਆਂਧਰਾ ਪ੍ਰਦੇਸ਼ ਦੇ ਨਾਗਰਿਕਾਂ ਦੀ ਹੈ।ਇਰਾਕ ਬਾਰੇ ਆਪਣਾ ਤਜਰਬਾ ਸਾਂਝਾ ਕਰਦਿਆਂ ਚਰਨਜੀਤ ਸਿੰਘ ਨੇ ਦੱਸਿਆ ਕਿ ਇਰਬਿਲ ਸ਼ਹਿਰ ਪੂਰੀ ਤਰਾਂ ਸੁਰੱਖਿਅਤ ਹੈ ਅਤੇ ਜਦੋਂ ਆਈਐਸਆਈ ਦਾ ਪੂਰਾ ਜ਼ੋਰ ਉਸ ਸਮੇਂ ਵੀ ਉਹ ਦੇਸ਼ ਨਹੀਂ ਸੀ ਪਰਤਿਆ। ਇਸ ਦਾ ਕਾਰਨ ਉਸ ਨੇ ਦੱਸਿਆ ਕਿ ਇੱਥੋਂ ਦੇ ਮੂਲ ਲੋਕ (ਕੁਰਦਿਸ਼) ਬਹੁਤ ਚੰਗੇ ਹਨ ਅਤੇ ਮਿਲਾਪੜੇ ਸੁਭਾਅ ਦੇ ਹਨ।

### ਇਰਾਕ ਵਾਇਆ ਦੁਬਈ ਰੂਟ

ਚਰਨਜੀਤ ਸਿੰਘ ਨੇ ਦੱਸਿਆ ਕਿ ਜ਼ਿਆਦਾਤਰ ਦੁਬਈ ਰਾਹੀਂ ਨੌਜਵਾਨਾਂ ਨੂੰ ਇਰਾਕ ਟੂਰਿਸਟ ਵੀਜ਼ੇ ਉੱਤੇ ਲੈ ਕੇ ਆਉਂਦੇ ਹਨ, ਜੋ ਕਿ ਤੀਹ ਦਿਨ ਦਾ ਹੁੰਦਾ ਹੈ। ਉਹਨਾਂ ਦੱਸਿਆਕਿ ਦੁਬਾਈ ਤੋਂ ਇਰਾਕ ਦਾ ਵੀਜ਼ਾ ਸੌਖਾ ਮਿਲ ਜਾਂਦਾ ਹੈ, ਇਸ ਕਰਕੇ ਏਜੰਟ ਇਸ ਰੂਟ ਦਾ ਇਸਤੇਮਾਲ ਕਰਦੇ ਹਨ। ਉਹਨਾਂ ਦੱਸਿਆ ਕਿ ਇਰਾਕ ਪਹੁੰਚ ਕੇ ਇੱਕ ਲੱਖ ਰੁਪਇਆ ਹੋਰ ਖ਼ਰਚ ਕੇ ਵਰਕ ਪਰਮਿਟ (ਸਥਾਨਕ ਭਾਸ਼ਾ ਵਿਚ ਕਾਮਾ ) ਲੈਣਾ ਪੈਂਦਾ ਹੈ, ਜਿਸ ਦੀ ਮਿਆਦ ਇੱਕ ਸਾਲ ਦੀ ਹੁੰਦੀ ਹੈ। ਇਸ ਸਾਲ ਬਾਅਦ ਵੀਹ ਹਜ਼ਾਰ ਰੁਪਏ ਫਿਰ ਤੋਂ ਖ਼ਰਚ ਕਰ ਕੇ ਇਸ ਨੂੰ ਰੀਨਿਊ ਕਰਵਾਉਣਾ ਪੈਂਦਾ ਹੈ। ਚਰਨਜੀਤ ਸਿੰਘ ਦਾ ਕਹਿਣਾ ਸੀ ਕਿ ਸੈਲਾਨੀ ਵੀਜ਼ਾ ਤੀਹ ਦਿਨ ਦਾ ਹੁੰਦਾ ਹੈ ਅਤੇ ਇਸ ਤੋ ਬਾਅਦ ਜੇਕਰ ਉਹ ਵਰਕ ਪਰਮਿਟ ਲੈਣ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਉਹ ਇੱਥੇ ਨੌਕਰੀ ਕਰਦੇ ਹਨ ਅਤੇ ਜੇਕਰ ਇਹ ਨਹੀਂ ਹਾਸਲ ਹੁੰਦਾ ਤਾਂ ਉਹ ਗ਼ੈਰਕਾਨੂੰਨੀ ਤੌਰ ਉੱਤੇ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ, ਜਿਸ ਤਰਾਂ ਦੇਸ਼ ਪਰਤੇ ਸੱਤ ਨੌਜਵਾਨਾਂ ਨਾਲ ਹੋਇਆ। ਚਰਨਜੀਤ ਸਿੰਘ ਮੁਤਾਬਕ ਇਰਾਕ ਆਉਣ ਦਾ ਅਸਲ ਖਰਚਾ ਡੇਢ ਤੋਂ ਦੋ ਲੱਖ ਦੇ ਵਿਚਾਲੇ ਹੈ ਪਰ ਏਜੰਟ ਨੌਜਵਾਨਾਂ ਤੋਂ ਤਿੰਨ ਤਿੰਨ ਲੱਖ ਰੁਪਏ ਵਸੂਲ ਰਹੇ ਹਨ। ਚਰਨਜੀਤ ਸਿੰਘ ਮੁਤਾਬਕ ਬਹੁਤ ਸਾਰੇ ਏਜੰਟ ਪੰਜਾਬੀ ਏਜੰਟ ਇਰਾਕ ਅਤੇ ਪੰਜਾਬ ਵਿਚ ਸਰਗਰਮ ਹਨ ਜੋ ਕੁਝ ਪੈਸਿਆਂ ਦੇ ਲਾਲਚ ਵਿਚ ਇੱਥੇ ਪੰਜਾਬੀਆਂ ਨੂੰ ਗ਼ਲਤ ਤਰੀਕੇ ਨਾਲ ਇੱਥੇ ਪਹੁੰਚ ਰਹੇ ਹਨ। ਤਨਖ਼ਾਹ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇੱਥੇ ਮਹੀਨੇ ਵਿਚ ਪੰਜ ਸੌ ਅਮਰੀਕੀ ਡਾਲਰ ਤੱਕ ਦੀ ਇੱਕ ਆਮ ਪੰਜਾਬੀ ਕਮਾ ਲੈਂਦਾ ਹੈ ਅਤੇ ਜੇਕਰ ਉਹ ਓਵਰ ਟਾਈਮ ਲਗਾਉਂਦਾ ਹੈ ਤਾਂ ਇਹ ਵੱਧ ਕੇ ਸੱਤ ਸੌ ਅਮਰੀਕੀ ਡਾਲਰ ਹੋ ਜਾਂਦੀ ਹੈ।

### ਪੰਜਾਬ ਤੋਂ ਨੌਜਵਾਨੀ ਦਾ ਪਰਵਾਸ

ਪੰਜਾਬ ਸਰਕਾਰ ਸੂਬੇ ਤੋਂ ਰੋਜ਼ੀ-ਰੋਟੀ ਲਈ ਵਿਦੇਸ਼ ਜਾ ਰਹੇ ਨੌਜਵਾਨ ਮੁੰਡੇ-ਕੁੜੀਆਂ ਦੇ ਰੁਝਾਨ ਤੋਂ ਭਲੀਭਾਂਤ ਜਾਣੂ ਹੈ ਅਤੇ ਇਸ ਨੂੰ ਰੋਕਣ ਲਈ ਸਾਰਥਕ ਕਦਮ ਚੁੱਕਣ ਦਾ ਦਾਅਵਾ ਵੀ ਕਰ ਰਹੀ ਹੈ। ਪੰਜਾਬ ਦੇ ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦਿਆਂ ਕਿਹਾ ਪੰਜਾਬ ਸਰਕਾਰ ਪਰਵਾਸ ਦੇ ਰੁਝਾਨ ਬਾਰੇ ਚਿੰਤਤ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਸੂਬੇ ਵਿਚ ਠੱਗ ਟਰੈਵਲ ਏਜੰਟਾਂ ਨੂੰ ਨੱਥ ਪਾਉਣ ਅਤੇ ਵੱਡੀਆਂ ਕੰਪਨੀਆਂ ਤੋਂ ਨਿਵੇਸ਼ ਕਰਵਾ ਕੇ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਨੌਜਵਾਨ ਪੰਜਾਬ ਵਿਚ ਜੋ ਕੰਮ ਨਹੀਂ ਕਰਦੇ ਉਹੀ ਕੰਮ ਵਿਦੇਸ਼ਾਂ ਵਿਚ ਕਰ ਲੈਂਦੇ ਹਨ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਗੈਰ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ਾਂ ਵਿਚ ਦਾ ਕੇ ਫਸਣ ਦੀ ਬਜਾਇ ਭਾਰਤ ਵਿਚ ਰਹਿ ਕੇ ਕੰਮ ਕਰਨ।

### ਇਰਾਕ ਸੰਬੰਧੀ ਭਾਰਤ ਸਰਕਾਰ ਦਾ ਪੱਖ

ਇਰਾਕ ਵਿੱਚ 39 ਭਾਰਤੀਆਂ ਦੇ ਲਾਪਤਾ ਹੋਣ ਤੋਂ ਬਾਅਦ ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਇਰਾਕ ਦੀ ਯਾਤਰਾ ਨਾ ਕਰਨ ਦਾ ਆਦੇਸ਼ ਜਾਰੀ ਕੀਤਾ ਸੀ। ਇਸੀ ਸਾਲ ਫਰਵਰੀ ਮਹੀਨੇ ਵਿਚ ਇਰਾਕ ਦੀ ਸਥਿਤੀ ਕੁਝ ਠੀਕ ਹੋਣ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਦੇ ਨਵੇਂ ਆਦੇਸ਼ ਤੋਂ ਬਾਅਦ ਯਾਤਰਾ ਤੋਂ ਪਾਬੰਦੀ ਹਟਾ ਲਈ ਹੈ। ਪਰ ਨਾਲ ਹੀ ਇੱਥੋਂ ਦੇ ਪੰਜ ਸ਼ਹਿਰਾਂ ਦੀ ਯਾਤਰਾ ਅਗਲੇ ਹੁਕਮਾਂ ਤੱਕ ਨਾ ਕਰਨ ਦੀ ਸਲਾਹ ਦਿੱਤੀ ਹੈ ਇਹ ਸ਼ਹਿਰ ਹਨ ਨੀਨਵੇਹ (ਮੋਸੂਲ), ਸਲਾਊਦੀਨ (ਤਿਕਰਿਤ), ਦਿਆਲਾ,ਅਨਬਰ ਅਤੇ ਕਿਰਕੁਕ।

## ਇਸ ਮਹੀਨੇ ਦੇ ਦਿਨ ਤਿਉਹਾਰ

| | |
|---|---|
| ਜਨਮ ਦਿਨ ਗਣੇਸ਼ ਜੀ | 2 ਸਤੰਬਰ |
| ਜਨਮ ਦਿਨ ਬਾਬਾ ਵਡਭਾਗ ਸਿੰਘ ਜੀ | 3 ਸਤੰਬਰ |
| ਜਨਮ ਦਿਨ ਬਾਬਾ ਸ੍ਰੀ ਚੰਦ ਜੀ | 7 ਸਤੰਬਰ |
| ਜੋੜ ਮੇਲਾ ਗੁ. ਸ੍ਰੀ ਕੰਧ ਸਾਹਿਬ (ਬਟਾਲਾ) | 16 ਸਤੰਬਰ |

| | |
|---|---|
| ਸੰਗਰਾਂਦ | 17 ਸਤੰਬਰ |
| ਪੂਰਨਮਾਸੀ | 13 ਸਤੰਬਰ |
| ਮੱਸਿਆ | 28 ਸਤੰਬਰ |
| ਪੰਚਮੀ | 3 ਸਤੰਬਰ |

# ਹੜ੍ਹਾਂ ਨਾਲ ਹੋਈ ਭਿਆਨਕ ਤਬਾਹੀ...!!

ਹੜ੍ਹਾਂ ਕਾਰਨ ਭਿਆਨਕ ਤਬਾਹੀ ਮਚੀ ਹੋਈ ਹੈ। ਹੜ੍ਹਾਂ ਨੇ ਜਿੱਥੇ ਲੋਕਾਂ ਦੇ ਸਾਹ ਸੁਕਾਏ ਹੋਏ ਹਨ, ਉੱਥੇ ਹੀ ਕਰੋੜਾਂ ਰੁਪਏ ਦਾ ਨੁਕਸਾਨ ਵੀ ਹੋ ਚੁੱਕਿਆ ਹੈ। ਕਈ ਲੋਕਾਂ ਦੀਆਂ ਇਸ ਹੜ੍ਹਾਂ ਦੇ ਕਾਰਨ ਜਾਨਾਂ ਵੀ ਜਾ ਚੁੱਕੀਆਂ ਹਨ। ਭਾਵੇਂ ਕਿ ਪ੍ਰਸ਼ਾਸਨ ਅਤੇ ਸਰਕਾਰ ਦੇ ਵੱਲੋਂ ਹੜ੍ਹ ਆਉਣ ਤੋਂ ਕਈ ਮਹੀਨੇ ਪਹਿਲੋਂ ਹੀ ਪ੍ਰਬੰਧ ਮੁਕੰਮਲ ਕਰ ਲੈਣ ਦੇ ਦਾਅਵੇ ਕੀਤੇ ਜਾ ਰਹੇ ਸਨ। ਉਹ ਦਾਅਵੇ ਬਿਲਕੁਲ ਹੀ ਇਸ ਵਕਤ ਕੋਰੇ ਝੂਠੇ ਅਤੇ ਫੋਕੇ ਸਾਬਤ ਹੋਏ ਹਨ। ਦੱਸ ਦੇਈਏ ਕਿ 16 ਅਪ੍ਰੈਲ 2019 ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਧੀਕ ਡਿਪਟੀ ਕਮਿਸ਼ਨਰ (ਜ.) ਵੱਲੋਂ ਜ਼ਿਲ੍ਹੇ ਅੰਦਰ ਸੰਭਾਵਿਤ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਅਤੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਿੰਚਾਈ ਤੇ ਡਰੇਨਜ਼ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਸੀ ਅਤੇ ਇਸ ਦੌਰਾਨ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਸੀ। ਭਾਵੇਂ ਹੀ ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਿਤ ਵਿਭਾਗਾਂ ਨੂੰ ਬਰਸਾਤਾਂ ਦੇ ਸੀਜ਼ਨ ਤੋਂ ਪਹਿਲਾਂ-ਪਹਿਲਾਂ ਪ੍ਰਬੰਧ ਮੁਕੰਮਲ ਕਰਨ ਦੀ ਹਦਾਇਤ ਕੀਤੀ ਤੇ ਜ਼ਿਲ੍ਹੇ ਵਿੱਚ ਪੈਂਦੀਆਂ ਡਰੇਨਾਂ, ਨਹਿਰਾਂ, ਛੱਪੜਾਂ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਸੀ ਅਤੇ ਉਨ੍ਹਾਂ ਨੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੰਭਾਵਿਤ ਹੜ੍ਹਾਂ ਦੀ ਸਥਿਤੀ ਲਈ ਮੈਡੀਕਲ ਸਹੂਲਤਾਂ, ਖਾਣ ਪੀਣ ਦੀਆਂ ਵਸਤਾਂ ਦੇ ਭੰਡਾਰ, ਡਾਕਟਰੀ ਸਹੂਲਤਾਂ, ਬਿਜਲੀ ਸਪਲਾਈ, ਸੜਕਾਂ ਦੀ ਆਵਾਜਾਈ ਚਾਲੂ ਰੱਖਣ, ਟਰਾਂਸਪੋਰਟ ਸਬੰਧੀ, ਪੁਲਿਸ ਗਸ਼ਤ, ਟੈਲੀਫ਼ੋਨ ਸੇਵਾਵਾਂ ਚਾਲੂ ਰੱਖਣ ਤੇ ਜ਼ਰੂਰੀ ਵਸਤੂਆਂ ਦੇ ਪ੍ਰਬੰਧ ਪਹਿਲ ਦੇ ਆਧਾਰ ਤੇ ਕਰਨ ਆਦਿ ਸਮੇਤ ਹੋਰ ਲੋੜੀਂਦੇ ਪ੍ਰਬੰਧਾਂ ਲਈ ਹਦਾਇਤਾਂ ਜਾਰੀ ਕੀਤੀਆਂ ਸਨ। ਪਰ.!! ਅਫ਼ਸੋਸ ਇਸ ਗੱਲ ਦਾ ਹੈ ਕਿ 16 ਅਪ੍ਰੈਲ ਨੂੰ ਜਾਰੀ ਹੋਏ ਪ੍ਰੈੱਸ ਨੋਟ ਵਿੱਚ ਜੋ ਦਾਅਵੇ ਕੀਤੇ ਗਏ ਸਨ, ਉਨ੍ਹਾਂ ਦੇ ਵਿੱਚੋਂ ਇੱਕ ਵੀ ਨੇਪਰੇ ਨਹੀਂ ਚੜ ਸਕਿਆ। ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਗ਼ਲਤੀ ਦੇ ਕਾਰਨ ਪੰਜਾਬ ਦੇ ਅੰਦਰ ਇੰਨ੍ਹੇਂ ਭਿਆਨਕ ਹੜ੍ਹ ਆਏ ਹਨ, ਜਿਸ ਦਾ ਅੰਦਾਜ਼ਾ ਲਗਾਉਣਾ ਵੀ ਹੁਣ ਮੁਸ਼ਕਲ ਹੋਇਆ ਪਿਆ ਹੈ। ਦੱਸ ਦੇਈਏ ਕਿ ਸਰਕਾਰ ਅਤੇ ਪ੍ਰਸ਼ਾਸਨ ਦੇ ਵੱਲੋਂ ਹੁਣ ਹੜ੍ਹਾਂ ਨੂੰ ਕੁਦਰਤੀ ਆਫ਼ਤਾਂ ਦਾ ਨਾਂਅ ਦਿੱਤਾ ਜਾ ਰਿਹਾ ਹੈ ਅਤੇ ਮੀਡੀਆ ਤੋਂ ਬਚਣ ਦੇ ਲਈ ਕਈ ਪ੍ਰਕਾਰ ਦੇ ਐਲਾਨ ਅਤੇ ਵਾਅਦੇ ਕੀਤੇ ਜਾ ਰਹੇ ਹਨ। ਪਰ ਇਹ ਐਲਾਨ ਅਤੇ ਵਾਅਦੇ ਵੀ ਦਾਅਵਿਆਂ ਦੇ ਵਾਂਗ ਝੂਠੇ ਹੀ ਸਾਬਤ ਹੋਣਗੇ। ਕਿਉਂਕਿ ਹਰ ਵਾਰ ਹੀ ਹੜ੍ਹਾਂ ਦੇ ਮੌਸਮ ਵਿੱਚ ਲੋਕਾਂ ਦਾ ਲੱਖਾਂ ਕਰੋੜਾਂ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ, ਪਰ ਸਰਕਾਰ ਪ੍ਰਭਾਈ ਕਰਵਾਉਣ ਦੀ ਬਿਜਾਏ, ਖ਼ਜ਼ਾਨਾ ਖ਼ਾਲੀ ਹੈ, ਕਹਿ ਕੇ ਪੱਲਾ ਝਾੜ ਦਿੰਦੀ ਹੈ। ਪੰਜਾਬ ਦੇ ਅੰਦਰ ਵੱਡੇ ਪੱਧਰ 'ਤੇ ਹੜ੍ਹਾਂ ਕਾਰਨ ਮਚੀ ਤਬਾਹੀ ਨੇ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਅਤੇ ਇਹ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਆਜ਼ਾਦੀ ਦੇ 73 ਸਾਲਾਂ ਬਾਅਦ ਵੀ ਪੰਜਾਬ ਵਾਸੀਆਂ ਨੂੰ ਹੜ੍ਹਾਂ ਤੋਂ ਨਹੀਂ ਬਚਾ ਸਕੀ। ਬੁੱਧੀਜੀਵੀਆਂ ਦੀ ਮੰਨੀਏ ਤਾਂ ਉਨ੍ਹਾਂ ਦਾ ਸਿੱਧੇ ਤੌਰ 'ਤੇ ਇਹ ਹੀ ਦੋਸ਼ ਹੈ ਕਿ ਹੜ੍ਹਾਂ ਨਾਲ ਪੰਜਾਬ ਦੇ ਅੰਦਰ ਜੋ ਵੀ ਭਿਆਨਕ ਤਬਾਹੀ ਹੋਈ ਹੈ, ਇਸ ਨਾਲ ਸਰਕਾਰੀ ਦਾਅਵਿਆਂ ਅਤੇ ਪ੍ਰਬੰਧਾਂ ਦੀ ਪੋਲ ਖੱਲ੍ਹ ਗਈ ਹੈ। ਉਨ੍ਹਾਂ ਦਾ ਦੋਸ਼ ਇਹ ਵੀ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਸਮੇਂ ਸਮੇਂ 'ਤੇ ਫੋਕੇ ਅਤੇ ਝੂਠੇ ਪ੍ਰੈੱਸ ਬਿਆਨ ਜਾਰੀ ਕਰਕੇ ਲੋਕਾਂ ਨੂੰ ਗੁਮਰਾਹ ਕਰਦਾ ਰਿਹਾ ਹੈ। ਵੇਖਿਆ ਜਾਵੇ ਤਾਂ ਜੇਕਰ ਸਰਕਾਰ ਅਤੇ ਪ੍ਰਸ਼ਾਸਨ ਸੱਚੇ ਹਨ ਤਾਂ ਮੀਡੀਆ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਕਿਉਂ ਡਰਦੇ ਹਨ ? ਇਹ ਮੰਨ ਕਿਉਂ ਨਹੀਂ ਲੈਂਦੇ ਕਿ ਉਨ੍ਹਾਂ ਦੀ ਗ਼ਲਤੀ ਕਾਰਨ ਹੀ ਪੰਜਾਬ ਅੰਦਰ ਹੜ੍ਹ ਆਏ ਹਨ।



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

## ਇਸ ਅੰਕ ਦਾ ਸਵਾਲ

**ਕੀ ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਵਲੋਂ ਕਰਤਾਰਪੁਰ ਲਾਂਘਾ ਬੰਦ ਕਰਨ ਦੀ ਮੰਗ ਕਰਨਾ ਠੀਕ ਹੈ**

**ਜਵਾਬ :-**

**ਹਾਂ ਜਾਂ ਨਾਂਹ ਵਿੱਚ ਦੱਸੋ**

ਤੁਸੀਂ ਸਾਨੂੰ ਆਪਣੇ ਜੁਆਬ ਈਮੇਲ ਕਰ ਸਕਦੇ ਹੋ
preetnamausa@gmail.com

# ਡੈਲਵੇਅਰ ਗੁਰੂ ਘਰ ਵਿਖੇ ਪਹਿਲਾ ਕੀਰਤਨ ਦਰਬਾਰ ਕਰਾਇਆ ਗਿਆ



ਫਿਲਾਡੇਲਫੀਆ (ਰਾਜ ਗੋਗਨਾ)— ਬੀਤੇਂ ਦਿਨ ਗੁਰੂ ਹਰਿਕ੍ਰਿਸ਼ਨ ਗੁਰਮਤਿ ਸੰਗੀਤ ਅਕੈਡਮੀ , ਗੁਰਦੁਆਰਾ ਫਿਲਾਡੈਲਫੀਆ ਸਿੱਖ ਸੁਸਾਇਟੀ , ਯੂ ਐਸ ਏ ਵਲੋਂ , ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ , ਪਹਿਲਾ ਕੀਰਤਨ ਦਰਬਾਰ , ਗੁਰਦੁਆਰਾ ਔਫ ਡੈਲਵੇਅਰ ਵਿੱਖੇ ਕਰਵਾਇਆ ਗਿਆ ਜਿਸ ਵਿੱਚ ਡਾ ਮਨਪ੍ਰੀਤ ਸਿੰਘ ਜੀ , ਅਤੇ ਗੁਰਮਤਿ ਸੰਗੀਤ ਦੇ ਸਿਖਿਆਰਥੀਆਂ ਵਲੋਂ ਪੁਰਾਤਨ ਤੰਤੀ ਸਾਜ਼ਾਂ ਦੇ ਨਾਲ ਗੁਰਬਾਣੀ ਦਾ ਕੀਰਤਨ ਰਾਗਾਂ ਵਿੱਚ ਗਾਇਨ ਕੀਤਾ ।

ਗੁਰਦੁਆਰਾ ਔਫ ਡੈਲਵੇਅਰ ਦੀ ਪ੍ਰਬੰਧਕ ਕਮੇਟੀ ਅਤੇ ਹੈੱਡ ਗ੍ਰੰਥੀ ਭਾਈ ਗੁਰਬਿੰਦਰ ਸਿੰਘ ਜੀ ਨੇ ਬਹੁਤ ਹੀ ਸਹਿਯੋਗ ਦਿੱਤਾ ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਗੁਰੂ ਹਰਿਕ੍ਰਿਸ਼ਨ ਗੁਰਮਤਿ ਸੰਗੀਤ ਅਕੈਡਮੀਂ ਵੱਲੋਂ ਗੁਰੂ ਨਾਨਕ ਦੇਵ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਵੱਖ -ਵੱਖ ਗੁਰੂ ਘਰਾਂ ਵਿੱਚ ਇਹ ਕੀਰਤਨ ਦਰਬਾਰ ਕਰਵਾਏ ਜਾਣਗੇ । ਜਿਕਰਯੋਗ ਹੜ੍ਹ ਕਿ ਅਮਰੀਕਾ ਦੇ ਸਮੂੰਹ ਗੁਰੂ ਘਰਾਂ ਚ' ਬੱਚਿਆ ਦੀ ਰੁੱਚੀ ਅਤੇ ਉਹਨਾਂ ਦੇ ਮਾਪਿਆਂ ਦੇ ਸਹਿਯੋਗ ਸਦਕਾ ਹੋ ਰਹੇ ਹਨ ਜੋ ਇੱਥੇ ਦੇ ਜੰਮਪਲ ਬੱਚਿਆ ਨੂੰ ਆਪਣੇ ਸਿੱਖ ਧਰਮ ਬਾਰੇ ਪੂਰੀ ਜਾਣਕਾਰੀ ਮਿਲ ਸਕੇ ।ਗੁਰੂ ਘਰ ਦੀ ਕਮੇਟੀ ਵੱਲੋਂ ਬੱਚਿਆ ਵੱਲੋਂ ਜਿੰਨਾਂ ਨੇ ਇਨੀ ਮਿਹਨਤ ਅਤੇਸਹਿਯੋਗ ਸਦਕਾ ਇਹ ਉਪਰਾਲੇ ਕੀਤੇ ਹਨ ਬੱਚਿਆ ਸਮੇਤ ਉਹਨਾਂ ਦੇ ਮਾਂ- ਬਾਪ ਦੀ ਵੀ ਸ਼ਲਾਘਾ ਕੀਤੀ ਜਿਨਾਂ ਨੇ ਉਹਨਾਂ ਨੂੰ ਸਿੱਖ ਧਰਮ ਨਾਲ ਜੋੜ ਕੇ ਰੱਖਿਆ ਹੈ।



# ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਨਲਾਈਨ ਦੇਣੀ ਪਵੇਗੀ ਅਰਜ਼ੀ

ਕਰਤਾਰਪੁਰ ਸਾਹਿਬ ਲਾਂਘੇ ਉੱਤੇ ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚਾਲੇ ਤੀਜੇ ਗੇੜ ਦੀ ਗੱਲਬਾਤ ਖ਼ਤਮ ਹੋ ਗਈ ਹੈ। ਭਾਰਤ ਦੇ ਸਿੱਖ ਸ਼ਰਧਾਲੂ ਹੁਣ ਬਿਨਾ ਵੀਜ਼ਾ ਦੇ ਸਾਰਾ ਸਾਲ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜਾ ਸਕਣਗੇ। ਇਸ ਲਾਂਘੇ ਰਾਹੀਂ ਭਾਰਤੀ ਮੂਲ ਦੇ ਉਹ ਲੋਕ ਵੀ ਕਰਤਾਰਪੁਰ ਸਾਹਿਬ ਸਥਿਤ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਣਗੇ, ਜਿਨ੍ਹਾਂ ਕੋਲ ਓਵਰਸੀਜ਼ ਸਿਟੀਜ਼ਨਸ਼ਿਪ ਆੱਫ਼ ਇੰਡੀਆ ਕਾਰਡ ਹੈ।ਮੀਟਿੰਗ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ ਐੱਸਐੱਲ ਦਾਸ ਨੇ ਅਟਾਰੀ ਵਿਖੇ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸ਼ਰਧਾਲੂਆਂ ਨੂੰ ਆੱਨਲਾਈਨ ਅਰਜ਼ੀ ਦੇਣੀ ਹੋਵੇਗੀ ਤੇ ਇਸ ਲਈ ਭਾਰਤ ਸਰਕਾਰ ਵੱਲੋਂ ਪੰਜਾਬ ਸਰਕਾਰ ਨਾਲ ਮਿਲ ਕੇ ਇੱਕ ਪੋਰਟਲ ਤਿਆਰ ਕੀਤਾ ਜਾ ਰਿਹਾ ਹੈ। ਉਸੇ ਪੋਰਟਲ ਉੱਤੇ ਅਰਜ਼ੀ ਦੇਣੀ ਹੋਵੇਗੀ। ਪਾਕਿਸਤਾਨ ਸਰਕਾਰ ਸ਼ਰਧਾਲੂ ਦੇ ਕਰਤਾਰਪੁਰ ਸਾਹਿਬ ਜਾਣ ਤੋਂ ਚਾਰ ਦਿਨ ਪਹਿਲਾਂ ਉਨ੍ਹਾਂ ਦੀ ਆਮਦ ਦੀ ਪੁਸ਼ਟੀ ਕਰੇਗੀ। ਦਾਸ ਨੇ ਦੱਸਿਆ ਕਿ ਸਮਝੌਤੇ ਮੁਤਾਬਕ ਗ਼ੈਰ-ਸਿੱਖ ਵੀ ਇਸ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਗੁਰੂਘਰ ਦੇ ਦਰਸ਼ਨ ਕਰ ਸਕਣਗੇ।

ਭਾਰਤ-ਪਾਕਿਸਤਾਨ ਵਿਚਾਲੇ ਹੋਏ ਸਮਝੌਤੇ ਤੋਂ ਬਾਅਦ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਰੋਜ਼ਾਨਾ 5,000 ਸ਼ਰਧਾਲੂ ਦਰਸ਼ਨਾਂ ਲਈ ਜਾ ਸਕਣਗੇ। ਵਿਸ਼ੇਸ਼ ਮੌਕਿਆਂ ਉੱਤੇ ਜ਼ਿਆਦਾ ਸ਼ਰਧਾਲੂ ਵੀ ਇੱਥੇ ਪੁੱਜ ਸਕਣਗੇ। ਪਾਕਿਸਤਾਨ ਨੇ ਭਾਰਤ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਸ਼ਰਧਾਲੂਆਂ ਦੀ ਵੱਧ ਤੋਂ ਵੱਧ ਗਿਣਤੀ ਨੂੰ ਕਰਤਾਰਪੁਰ ਸਾਹਿਬ ਲਾਂਘੇ 'ਤੇ ਆਉਣ ਦੀ ਇਜਾਜ਼ਤ ਦੇਣੀ ਚਾਹੁੰਦਾ ਹੈ। ਕਰਤਾਰਪੁਰ ਸਾਹਿਬ ਲਾਂਘਾ ਸਾਲ ਦੇ 365 ਦਿਨ ਖੁੱਲ੍ਹਾ ਰਹੇਗਾ। ਸ਼ਰਧਾਲੂਆਂ ਕੋਲ ਇਹ ਵਿਕਲਪ ਵੀ ਹੋਵੇਗਾ ਕਿ ਉਹ ਇਕੱਲੇ ਉੱਥੇ ਜਾ ਸਕਣਗੇ ਤੇ ਜਾਂ ਫਿਰ ਉਨ੍ਹਾਂ ਨੂੰ ਟੋਲੀਆਂ ਜਾਂ ਜੱਥਿਆਂ ਵਿੱਚ ਜਾਣ ਦੀ ਸਹੂਲਤ ਹੋਵੇਗੀ। ਦੋਵੇਂ ਧਿਰਾਂ ਬੁੱਢੀ ਰਾਵੀ ਨਹਿਰ ਉੱਤੇ ਪੁਲ਼ ਬਣਾਉਣ ਲਈ ਸਹਿਮਤ ਹੋ ਗਏ ਹਨ। ਦੋਵੇਂ ਦੇਸ਼ ਹੰਗਾਮੀ ਹਾਲਾਤ ਵਿੱਚ ਨਿਕਾਸੀ ਪ੍ਰਕਿਰਿਆ ਲਈ ਵੀ ਸਹਿਮਤ ਹੋ ਗਏ ਹਨ; ਖ਼ਾਸ ਕਰ ਕੇ ਉਨ੍ਹਾਂ ਮੌਕਿਆਂ ਲਈ ਜਦੋਂ ਮੈਡੀਕਲ ਐਮਰਜੈਂਸੀ ਦੀ ਹਾਲਤ ਹੋਵੇ। ਇਸ ਮੰਤਵ ਲਈ ਬੀਐੱਸਐੱਫ਼ ਤੇ ਪਾਕਿਸਤਾਨ ਰੇਂਜਰਜ਼ ਵਿਚਾਲੇ ਸਿੱਧੀ ਗੱਲਬਾਤ ਦੀ ਵਿਵਸਥਾ ਹੋਵੇਗੀ।



# ਸ: ਰਵੀ ਸਿੰਘ ਖਾਲਸਾ ਸਿੱਖ ਕੌਮ ਦੀ ਅਗਵਾਈ ਲਈ ਅਤੇ ਸੇਵਾ ਭਾਵਨਾ ਲਈ ਖਰੇ ਉਤਰੇ : ਕੁਲਵਿੰਦਰ ਸਿੰਘ ਫਲੋਰਾ



ਵਾਸ਼ਿਗਟਨ ਡੀ.ਸੀ ( ਰਾਜ ਗੋਗਨਾ )— ਬੀਤੇਂ ਦਿਨ ਅਮਰੀਕਾ ਦੀ ਰਾਜਧਾਨੀ ਵਾਸ਼ਿਗਟਨ ਵਿਖੇਂ ਬਾਬੇ ਨਾਨਕ ਦੇ 550 ਵੇਂ ਜਨਮ ਦਿਹਾੜੇ ਤੇ ਕੱਢੀ ਗਈ ਪਰੇਡ ਚ' ਵਿਸ਼ੇਸ਼ ਤੌਰ ਤੇ ਪੁੱਜੇ ਸ: ਰਵੀ ਸਿੰਘ ਬਾਨੀ ਸਿੱਖ ਏਡ ਦੇ ਬਾਰੇ ਵਰਜੀਨਆ ਤੋਂ ਪੱਤਰਕਾਰ ਕੁਲਵਿੰਦਰ ਨੇ ਇਕ ਮਿਲਣੀ ਦੌਰਾਨ ਸ: ਰਵੀ ਸਿੰਘ ਤੋਂ ਕਾਫ਼ੀ ਪ੍ਰਭਾਵਤ ਹੋਏ ਅਤੇ ਦੁਨੀਆ ਲਈ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦੀ ਸ਼ਲਾਘਾ ਕਰਦੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਲੋਕ ਕੀ ਸੋਚਦੇ ਹਨ ਪਰ ਮੇਰੀ ਰੂਹ ਗਵਾਹੀ ਭਰਦੀ ਹੈ ਕਿ ਸਿੱਖ ਕੌਮ ਨੂੰ ਇਸ ਜੱਥੇਦਾਰ ਦੀ ਅਗਵਾਈ ਦੀ ਬਹੁਤ ਜ਼ਰੂਰਤ ਹੈ । ਕੌਮ ਦੀ ਰੂਹ ਵਿੱਚ ਦਲੇਰਾਨਾ ਭਾਵਨਾ ਨਾਲ ਸੇਵਾ ਤੇ ਸਮਰਪਨ ਦੇ ਮਤਲਬ ਨਾਲ ਗੁਰੂ ਦੀ ਮਨਸ਼ਾ ਵਿੱਚ ਰਹਿ ਕੇ ਵਿਚਰਨ ਵਾਲੀ ਸ਼ਖਸ਼ੀਅਤ ਸ. ਰਵੀ ਸਿੰਘ ਖਾਲਸਾ ਨੂੰ ਮਿਲ ਕੇ ਖੇੜੇ ਦਾ ਅਹਿਸਾਸ ਬਹੁਤ ਵੱਡਾ ਸੀ । ਸਿੱਖ ਕੌਮ ਸੇਵਾ ਦੀ ਭਾਵਨਾ ਨਾਲ ਨੱਕੋ ਨੱਕ ਭਰੇ ਹੋਏ ਇਸ ਇਨਸਾਨ ਦੀ ਅਗਵਾਈ ਨਾਲ ਅੰਤਰਰਾਸ਼ਟਰੀ ਛੋਹਾਂ ਪਾ ਸਕਦੀ ਹੈ । ਦੁਨੀਆਂ ਦੇ ਜਿਹੜੇ ਹਿਸਿਆਂ ਵਿੱਚ ਵੱਡੀਆਂ ਵੱਡੀਆਂ ਤਾਕਤਾਂ ਵਾਲੇ ਖੜਨ ਤੋਂ ਵੀ ਮੁਨਕਰ ਹੋਣ । ਉੱਥੇ ਜਿੱਥੇ ਪਤਾ ਹੋਵੇ ਕਿ ਬੰਬਾਂ ਨਾਲ ਉੱਡ ਜਾਣਾ ਤੇ ਸੀਨਿਆਂ ਚ ਛੇਕ ਹੋਣਗੇ ਰਵੀ ਸਿੰਘ ਖਾਲਸਾ ਛਾਤੀ ਡਾਹ ਕੇ ਭਾਈ ਘਨਈਆ ਜੀ ਦਾ ਅਸਲ ਵਾਰਸ ਹੋ ਨਿਬੜਿਆ ਹੈ । ਸਭ ਗੋਬਿੰਦ ਹੈ ਸਭ ਗੋਬਿੰਦ ਹੈ ਗੋਬਿੰਦ ਬਿਨ ਨਹੀਂ ਕੋਇ ਦੇ ਸਿਧਾਂਤ ਤੇ ਪਹਿਰਾ ਦਿੰਦਾ ਗੁਰੂ ਸਾਹਿਬਾ ਦੇ ਥਾਪੜੇ ਨਾਲ ਸਭ ਲੋਕਾਈ ਨੂੰ ਇਨਸਾਨੀ , ਸੇਵਾ ਤੇ ਪਿਆਰ ਰਾਹੀਂ ਰੱਬ ਨੂੰ ਮਿਲਣ ਦਾ ਸੁਨੇਹਾ ਦੇ ਰਿਹਾ ਹੈ । ਛਾਤੀ ਠੋਕ ਕੇ ਇਨਸਾਨੀਅਤ ਉੱਪਰ ਜ਼ੁਲਮ ਕਰਨ ਵਾਲਿਆਂ ਨੂੰ ਵੰਗਾਰ ਰਿਹਾ ਹੈ । ਸਿੱਖ ਕੌਮ ਇਸ ਵਕਤ ਜਿਹੜੇ ਹਾਲਾਤਾਂ ਵਿੱਚੋਂ ਗੁਜ਼ਰ ਰਹੀ ਹੈ ਸਰਦਾਰ ਰਵੀ ਸਿੰਘ ਖਾਲਸਾ ਕੌਮ ਦੀ ਅਗਵਾਈ ਲਈ ਪੂਰਨ ਤੌਰ ਤੇ ਖਰਾ ਉੱਤਰ ਰਿਹਾ ਹੈ ।ਸਰਦਾਰ ਰਵੀ ਸਿੰਘ ਖਾਲਸਾ ਨਿੰਰਕਾਰ ਦੇ ਨਾਮ ਵਿੱਚ ਭਿੱਜੀ ਰੂਹ ਨੂੰ ਚੜਦੀਆਂ ਕਲਾ ਬਖ਼ਸ਼ਣ ਅਤੇ ਸਾਨੂੰ ਸਭ ਨੂੰ ਸੋਝੀ ਬਖ਼ਸ਼ਣ ।

# ਪੀਐਲਈਡੀਬੀ ਦੇ ਚੇਅਰਮੈਨ ਪਵਨ ਦੀਵਾਨ ਨੂੰ ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਸੌਂਪਿਆ ਨਿਯੁਕਤੀ ਪੱਤਰ



ਨਿਊਯਾਰਕ /ਚੰਡੀਗੜ੍ਹ ਰਾਜ ਗੋਗਨਾ )—ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ (ਪੀਐਲਈਡੀਬੀ) ਦੇ ਨਵ ਨਿਯੁਕਤ ਚੇਅਰਮੈਨ ਪਵਨ ਦੀਵਾਨ ਨੂੰ ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਵਲੋਂ ਉਨ੍ਹਾਂ ਨਿਯੁਕਤੀ ਪੱਤਰ ਸੌਂਪਿਆ ਗਿਆ। ਇਸ ਮੌਕੇ ਅਰੋੜਾ ਨੇ ਦੀਵਾਨ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੋਚ ਤੇ ਕੰਮ ਕਰਦਿਆਂ ਉਦਯੋਗਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਅਤੇ ਉਨ੍ਹਾਂ ਦੀ ਤਰੱਕੀ ਨੂੰ ਹੁਲਾਰਾ ਦੇਣ ਲਈ ਕਿਹਾ, ਤਾਂ ਜੋ ਸੂਬੇ ਨੂੰ ਵਿਕਾਸ ਦੀਆਂ ਲੀਹਾਂ ਤੇ ਹੋਰ ਅੱਗੇ ਵਧਾਇਆ ਜਾ ਸਕੇ। ਜਦਕਿ ਪਵਨ ਦੀਵਾਨ ਨੇ ਸੀਐਮ ਕੈਪਟਨ ਅਮਰਿੰਦਰ ਸਿੰਘ, ਐਮਪੀ ਮਨੀਸ਼ ਤਿਵਾੜੀ, ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਉਨ੍ਹਾਂ ਦੀਆਂ ਉਮੀਦਾਂ ਤੇ ਖਰੇ ਉਤਰਨ ਦੀ ਪੂਰੀ ਕੋਸ਼ਿਸ਼ ਕਰਨਗੇ।

# ਕੈਨੇਡੀਅਨ ਗਾਇਕ ਹਰਪ੍ਰੀਤ ਰੰਧਾਵਾ ਇਕ ਹੋਰ ਬਿਲਕੁਲ ਨਵਾਂ ਸਿੰਗਲ ਟਰੈਕ 6 ਸਤੰਬਰ ਨੂੰ ਵੱਖਰਾ ਵਿਸ਼ਾ ਲੈ ਕੇ ਹਾਜ਼ਿਰ ਹੋ ਰਿਹਾ




ਨਿਊਯਾਰਕ (ਰਾਜ ਗੋਗਨਾ)— ਸਾਡੇ ਪਿੰਡ ਮੇਲਾ ਲੱਗਦਾ, ਮੈਂ ਕਿਹਨੂੰ ਕਿਹਨੂੰ ਦੱਸਾਂ ਇਹ ਰਾਜ ਦੀ ਆ ਗੱਲਾ, ਮਸਲਾ ਹੈ 18 ਲੱਖ ਦਾ, ਮਿੱਤਰਾਂ ਦਾ ਬੀਬਾ ਪਾਸਪੋਰਟ ਵੇਖ ਲੈ ,ਅਸੀਂ ਜਗੀਰਾ ਵਾਲੇ ਨਹੀਂ ਅਸੀਂ ਜਮੀਰਾ ਵਾਲੇ ਹਾਂ ਵਰਗੇ ਖੂਬਸੂਰਤ ਗੀਤਾਂ ਨੂੰ ਗਾਉਣ ਵਾਲੇ ਕੈਨੇਡੀਅਨ ਗਾਇਕ ਹਰਪ੍ਰੀਤ ਰੰਧਾਵਾ ਇਕ ਹੋਰ ਬਿਲਕੁਲ ਨਵਾ ਸਿੰਗਲ ਟਰੈਕ ਵੱਖਰਾ ਵਿਸ਼ਾ ਲੈ ਕੇ ਹਾਜ਼ਿਰ ਹੋ ਰਿਹਾ ਜਿਸ ਨੂੰ ਆਪਣੀ ਕਲਮ ਨਾਲ ਪਰੋਇਆ ਪ੍ਰਸਿੱਧ ਗੀਤਕਾਰ ਭੱਟੀ ਭੜੀਵਾਲਾ ਨੇ ਤੇ ਮਿਊਜਕ ਦਿੱਤਾ ਮਿਊਜ਼ਿਕ ਰਾਈਡਰ ਨੇ, ਲੋਕ ਰੰਗ ਆਡੀਓ ਤੇ ਗੋਰਾ ਧਨੋਆ(ਕੈਨੇਡਾ) ਵੱਲੋਂ ਇਸਨੂੰ ਪੇਸ਼ ਕੀਤਾ ਜਾ ਰਿਹਾ ਹੈ ਗਾਇਕ ਹਰਪ੍ਰੀਤ ਰੰਧਾਵਾ ਨੇ ਸਾਡੇ ਪੱਤਰਕਾਰ ਨੂੰ ਫ਼ੋਨ ਵਾਰਤਾ ਤੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਗੀਤ ਵਿੱਚ ਬਾਹਰ ਵੱਸਦੇ ਪੰਜਾਬੀ ਵੀਰਾ ਵੱਲੋਂ ਜਦੋਂ ਵੀ ਕਦੇ ਸਾਡੇ ਪੰਜਾਬ ਨੂੰ ਕਿਸੇ ਵੀ ਤਰ੍ਹਾਂ ਦੀ ਸਪੋਟ ਦੀ ਲੋੜ ਪੈਂਦੀ ਹੈ ਤੇ ਦਿਲ ਖੋਲ੍ਹ ਕੇ, ਮੋਢੇ ਨਾਲ ਮੋਢਾ ਲਾ ਕੇ ਖੜ ਜਾਂਦੇ ਨੇ ਅਸੀਂ ਵੀ ਦਿਲੋਂ ਅਰਦਾਸ ਕਰਦੇ ਹਾਂ ਕਿ ਸਾਡੇ ਪਰਦੇਸੀ ਵੀਰ ਸਦਾ ਹੀ ਚੜ੍ਹਦੀ ਕਲਾ ਵਿਚ ਰਹਿਣ ਇਸ ਵਿਸ਼ੇ ਨੂੰ ਛੂਹਦਾਂ ਹੋਇਆ ਗੀਤ ਰਹਿਣ ਚੜ੍ਹਦੀ ਕਲਾ ਚ ਬਈ ਸਾਡੇ ਯਾਰ ਕੈਨੇਡਾ ਵਾਲੇ 6 ਸਤੰਬਰ ਨੂੰ ਰਿਲੀਜ਼ ਕੀਤਾ ਜਾਵੇਗਾ ।ਧੰਨਵਾਦ ਸਾਡੀ ਪੂਰੀ ਟੀਮ ਦਾ ਜਿਨ੍ਹਾਂ ਨੇ ਬਹੁਤ ਮਿਹਨਤ ਕੀਤੀ ਸਾਹਿਬ ਸਿੰਘ ਢਿੱਲੋਂ, ਜਸ ਸੰਘਾ, ਸੋਢੀ ਨਾਗਰਾ(ਰੌਕਣ ਪੰਜਾਬ ਦੀ)ਸਾਬੀ ਸੁਖੀਆ ਨੰਗਲ, ਬਲਜੀਤ ਫੌਜੀ,ਟੇਕ ਚੰਦ ਜਗਤਪੁਰ, ਰਾਜ ਗੋਗਨਾ ਯੂ.ਐਸ. ਏ ਸੀਨੀਅਰ ਉੱਘੇ ਪੱਤਰਕਾਰ, ਬਲਜੀਤ ਸੰਘਾ,ਅਵਤਾਰ ਗਿੱਲ ਜਗਰੂਪ ਮਾਨ, ਕੁਲਵਿੰਦਰ ਸਿੰਘ ਲੋਕ ਰੰਗ, ਤੀਰਥ ਦਿਉਲ, ਗੀਤਕਾਰ ਜੱਸ ਵਰਿਆਹਾਂ ਵਾਲਾ ਬੱਗਾ ਸਲਕਾਣੀਆ ਜੀ, ਦੇਵ ਮੁੰਡੀ,ਬੌਬੀ ਅਟਵਾਲ,ਮਲਕੀਤ ਧੀਰਪੁਰੀਆ,ਬਿੱਟੂ ਬਾਈ ਆਦਿ ?

# ਪੰਜਾਬ ਭਵਨ ਸਰੀ ਵਿਖੇਂ ਪੰਜਾਬੀ ਸਾਹਿਤ ਅਤੇ ਸੱਭਿਆਚਾਰਿਕ ਸੰਮੇਲਨ 21ਤੇ 22 ਸਤੰਬਰ ਨੂੰ ਹੋਵੇਗਾ : ਸੁੱਖੀ ਬਾਠ

ਨਿਊਯਾਰਕ / ਸਰੀ 3 ਸਤੰਬਰ ( ਰਾਜ ਗੋਗਨਾ )—ਪੰਜਾਬ ਭਵਨ ਸਰੀ ਕੈਨੇਡਾ ਵਿਖੇ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ -3 ਜੋ ਕਿ 21 ਤੇ 22 ਸਤੰਬਰ 2019 ਹੋਣ ਜਾ ਰਿਹਾ ਹੈ।ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਐੱਸ. ਪੀ. ਸਿੰਘ ਜੀ ਸਾਬਕਾ,ਵਾਈਸ ਚਾਂਸਲਰ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਕਰਨਗੇ। ਇਸ ਮੌਕੇ ਜਿੱਥੇ ਦੇਸ਼ਾਂ ਵਿਦੇਸ਼ਾਂ ਤੋਂ ਪੰਜਾਬੀ ਸਾਹਿਤ ਨਾਲ ਜੁੜੇ ਲੇਖਕ, ਕਵੀ, ਵਿਦਵਾਨ, ਬੁੱਧੀਜੀਵੀ ਅਤੇ ਸਾਹਿਤਕ ਪ੍ਰੇਮੀ ਵੱਡੇ ਪੱਧਰ ਤੇ ਸ਼ਮੂਲੀਅਤ ਕਰਨਗੇ । ਪੰਜਾਬ ਭਵਨ ਸਰੀ ਦੇ ਬਾਨੀ ਅਤੇ ਉੱਘੇ ਸਮਾਜ ਸੇਵੀ ਸੁੱਖੀ ਬਾਠ ਨੇ ਇਸ ਸਮਾਗਮ ਵਿਚ ਸ਼ਾਮਲ ਹੋਣ ਸਮੂੰਹ ਪ੍ਰੇਮੀਆਂ ਨੂੰ ਖੁੱਲਾ ਅਤੇ ਨਿੱਘਾ ਸੱਦਾ ਦਿੱਤਾ ਹੈ।ਉਹਨਾਂ ਦੱਸਿਆ ਕਿ ਇਸ ਮੌਕੇ ਨੈਸ਼ਨਲ ਬੁੱਕ ਟਰੱਸਟ, ਦਿੱਲੀ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਪੁਸਤਕ ਮੇਲਾ ਵੀ ਲਗਾਇਆ ਜਾ ਰਿਹਾ ਹੈ।

# ਵਾਸ਼ਿੰਗਟਨ ਡੀ. ਸੀ. ਵਿਖੇ 550ਵਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮੇਲੇ ਦੇ ਰੂਪ ਧਾਰਨ ਕਰ ਗਿਆ

- ਗਰਮੀ ਦੇ ਬਾਵਜੂਦ ਵੀ ਹਜ਼ਾਰਾਂ ਵਿਚ ਸੰਗਤਾਂ ਦੀ ਸ਼ਮੂਲੀਅਤ
- ਗੋਰਿਆਂ ਨੇ ਵੀ ਲੰਗਰ ਛਕਿਆ ਤੇ ਬਾਬੇ ਨਾਨਕ ਦੀਆਂ ਸਿੱਖਿਆਵਾਂ ਦੀ ਜਾਣਕਾਰੀ ਲਈ






ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ)– ਅਮਰੀਕਾ ਦੀ। ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਮੈਟਰੋਪੁਲਿਟਨ ਦੀਆਂ ਸੰਗਤਾਂ ਵਲੋਂ ਇੱਕ ਓਂਕਾਰ ਸੰਸਥਾ ਦੇ ਬੈਨਰ ਹੇਠ ਬਹੁਤ ਹੀ ਸ਼ਰਧਾ ਤੇ ਧਾਰਮਿਕ ਰਹੁਰੀਤਾਂ ਨਾਲ ਮਨਾਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਰੱਥ ਤੇ ਸਜਾ ਕੇ ਲਿਆਂਦੀ ਗਈ। ਜਿਸ ਨੂੰ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪੰਡਾਲ ਤੋਂ ਸਟੇਜ ਤੱਕ ਬਹੁਤ ਹੀ ਸ਼ਰਧਾ ਨਾਲ ਗੁਰੂ ਸ਼ਬਦ ਦਾ ਗਾਇਨ ਕਰਦੀਆਂ ਸੰਗਤਾਂ ਨੇ ਸਟੇਜ ਤੇ ਸੁਸ਼ੋਭਿਤ ਕੀਤਾ। ਇਹ ਆਲੌਕਿਕ ਨਜ਼ਾਰਾ ਵੇਖਣਯੋਗ ਸੀ।ਵੱਖ-ਵੱਖ ਜਥਿਆਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਮੁੱਖ ਤੌਰ ਤੇ ਭਾਈ ਸ਼ਵਿੰਦਰ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਨਿਰਮਲ ਸਿੰਘ, ਬੀਬੀ ਗੁਨੀਤ ਕੌਰ ਦੇ ਜਥੇ ਵਲੋਂ ਬਹੁਤ ਹੀ ਸ਼ਰਧਾ ਨਾਲ ਬਾਬੇ ਨਾਨਕ ਦੀਆ ਸਿੱਖਿਆਵਾਂ ਨਾਲ ਸੰਬਧਤ ਸ਼ਬਦ ਕੀਰਤਨ ਕੀਤਾ। ਜਿੱਥੇ ਜੈਕਾਰਿਆਂ ਦੀ ਗੂੰਜ ਨਾਲ ਇਹ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਫ਼ਲਸਫ਼ੇ ਨੂੰ ਸਮਰਪਿਤ ਕੀਤਾ ਗਿਆ।ਉੱਥੇ ਲੰਗਰ ਅਤੁੱਟ ਵਰਤਾਇਆ ਗਿਆ। ਗਰਮਖਿਆਲੀਆ ਮਾਨ ਗਰੁੱਪਵੱਲੋਂ ਖਾਲਿਸਤਾਨ ਜ਼ਿੰਦਾਬਾਦ ਦੇ ਬੈਨਰਾਂ ਨਾਲ ਆਪਣੀ ਸ਼ਮੂਲੀਅਤ ਦਾ ਪ੍ਰਗਟਾਵਾ ਕੀਤਾ। ਅਤੇ ਸਿੱਖਾਂ ਦੀ ਅੰਤਰਰਾਸ਼ਟਰੀ ਸ਼ਖਸੀਅਤ ਸ:ਰਵੀ ਸਿੰਘ ਖਾਲਸਾ ਜਿੰਨੇ ਨੇ ਸਿੱਖ ਕੌਮ ਦੀ ਸੇਵਾ ਭਾਵਨਾ ਦੀ ਅਗਵਾਈ ਕਰਨ ਵਾਲੇ ਮਹਾਨ ਸ਼ਖ਼ਸੀਅਤ ਦੇ ਤੌਰ ਤੇ ਜਾਣੇ ਜਾਂਦੇ ਹਨ ਵੀ ਵਿਸ਼ੇਸ਼ ਤੌਰ ਤੇ ਪੁੱਜੇ ਹੋਏ ਸਨ ਜਿੰਨਾ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਚਾਨਣਾ ਪਾਇਆ।ਉਪਰੰਤ ਸਿੱਖ ਸਕਾਲਰਜ਼ ਵਲੋਂ ਬਾਬੇ ਨਾਨਕ ਦੀਆਂ ਸਿੱਖਿਆਵਾਂ ਤੇ ਮਾਨਵਤਾ ਦੀ ਸੇਵਾ ਸੰਬੰਧੀ ਖ਼ੂਬ ਚਾਨਣਾ ਪਾਇਆ ਗਿਆ। ਜਿਸ ਵਿੱਚ ਰਵੀ ਸਿੰਘ ਸਿੱਖ ਏਡ ਨੂੰ ਸੁਣਨ ਲਈ ਸੰਗਤਾਂ ਦੀ ਖਾਸ ਦਿਲਚਸਪੀ ਦੇਖੀ ਗਈ। ਬਾਬੇ ਨਾਨਕ ਦਾ 550ਵਾਂ ਗੁਰਪੁਰਬ ਮੇਲੇ ਦਾ ਰੂਪ ਧਾਰਨ ਕਰ ਗਿਆ।ਜਿੱਥੇ ਵੱਖ-ਵੱਖ ਗੁਰੂਘਰਾਂ ਤੋਂ ਆਏ ਲੰਗਰ ਨੂੰ ਸੰਗਤਾਂ ਤੋਂ ਇਲਾਵਾ ਗੋਰਿਆਂ-ਕਾਲਿਆਂ ਨੇ ਵੀ ਖ਼ੂਬ ਛਕਿਆ, ਜੋ ਕੈਪੀਟਲ ਹਿਲ ਤੇ ਯਾਦਗਾਰ ਦੇਖਣ ਆਏ ਹੋਏ ਸਨ। ਭਾਵੇਂ ਇਸ ਗੁਰਪੁਰਬ ਨੂੰ ਸ਼ਰਧਾ ਦੇ ਤੌਰ ਤੇ ਸੰਪੂਰਨ ਕਰਨ ਵਿੱਚ ਗੁਰੂਘਰਾਂ, ਜਥੇਬੰਦੀਆਂ ਅਤੇ ਸੰਸਥਾਵਾਂ ਦਾ ਭਰਪੂਰ ਯੋਗਦਾਨ ਸੀ। ਫਿਰ ਵੀ ਆਸ ਤੋਂ ਘੱਟ ਸ਼ਮੂਲੀਅਤ ਨੇ ਪ੍ਰਬੰਧਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਜਿਸ ਲਈ ਹਰ ਕੋਈ ਆਪਣੇ ਆਪ ਨੂੰ ਦੋਸ਼ ਦੇ ਰਿਹਾ ਸੀ ਕਿ ਕੁਝ ਖਾਮੀਆਂ ਜ਼ਰੂਰ ਰਹੀਆਂ ਹੋਣਗੀਆਂ। ਜਿਨ੍ਹਾਂ ਨੂੰ ਸੁਧਾਰਨ ਲਈ ਭਵਿੱਖ ਵਿੱਚ ਉਪਰਾਲੇ ਕੀਤੇ ਜਾਣਗੇ ਤਾਂ ਜੋ ਸੰਗਤਾਂ ਦਾ ਭਾਰੀ ਇਕੱਠ ਜੁਟਾਇਆ ਜਾ ਸਕੇ।ਸਥਾਨਕ ਮੀਡੀਏ ਨੂੰ ਦੂਰ ਰੱਖਿਆ ਗਿਆ ਜਿਸ ਦਾ ਮੁੱਖ ਕਾਰਨ ਨਿੱਜ ਨੂੰ ਤਰਜੀਹ ਦੇਣ ਤੇ ਆਪਣੀ ਹਉਮੈ ਤੱਕ ਸੀਮਤ ਰੱਖਣ ਲਈ ਗੱਲ ਆਮ ਵੇਖੀ ਗਈ ਹੈ। ਪਰ ਸਮੁੱਚੇ ਤੌਰ ਤੇ ਕੈਪੀਟਲ ਤੇ ਗੁਰਪੁਰਬ ਮਨਾਉਣ ਦੀ ਰੀਤ ਸ਼ੁਰੂ ਕਰਨਾ ਕਾਫ਼ੀ ਸਲਾਹਿਆ ਗਿਆ।ਸਟਾਲਾਂ ਰਾਹੀਂ ਕਾਫ਼ੀ ਕੁਝ ਪ੍ਰਦਰਸ਼ਨ ਕੀਤਾ ਗਿਆ । ਜਿਸ ਵਿੱਚ ਮੈਡੀਕਲ ਚੈਕਅਪ ਤੇ ਸਿੱਖੀ ਸੰਬੰਧੀ ਲਿਟਰੇਚਰ ਵੰਡਣਾ ਸ਼ਲਾਘਾ ਯੋਗ ਸੀ। ਆਸ ਹੈ ਕਿ "ਇਕ ਉਂਕਾਰ" ਸੰਸਥਾ ਭਵਿਖ ਵਿੱਚ ਹਰ ਧਾਰਮਿਕ ਪ੍ਰੋਗਰਾਮ ਕੈਪੀਟਲ ਹਿੱਲ ਤੇ ਕਰਨ ਵਿੱਚ ਸ਼ਮੂਲੀਅਤ ਕਰਿਆ ਕਰੇਗੀ। ਜਿਨਾ ਕੋਲ ਫੰਡਾਂ ਦੇ ਵਸੀਲੇ ਕਾਫ਼ੀ ਹਨ।

# ਵਿਸ਼ਵ ਕਬੱਡੀ ਕੱਪ ਦੇ ਸਪਾਂਸਰਾਂ ਸਿਰ ਬੱਝੇਗਾ ਇਤਿਹਾਸਕ ਸਫਲਤਾ ਦਾ ਸਿਹਰਾ

- 15 ਸਤੰਬਰ ਨੂੰ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ 'ਤੇ ਹੋਵੇਗਾ ਪ੍ਰਮੁੱਖ ਸ਼ਖਸ਼ੀਅਤਾਂ ਦਾ ਸਨਮਾਨ- ਗਾਖਲ



ਵਾਟਸਨਵਿੱਲ (ਰਾਜ ਗੋਗਨਾ) ਮਿਤੀ 15 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਵਲੋਂ ਕਰਵਾਏ ਜਾ ਰਹੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਇਕ ਅਹਿਮ ਤਕਨੀਕੀ ਤੇ ਪ੍ਰਸ਼ਾਸ਼ਨਿਕ ਮੀਟਿੰਗ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸਭ ਤੋਂ ਪਹਿਲਾਂ ਇਕ ਮਤੇ ਰਾਹੀਂ ਆਪਣੇ ਸਾਰੇ ਸਪਾਂਸਰਸਜ਼ ਦਾ ਧੰਨਵਾਦ ਕੀਤਾ ਗਿਆ। ਖਾਸ ਤੌਰ 'ਤੇ ਡਾਇਮੰਡ ਸਪਾਂਸਰ ਸ. ਇੰਦਰ ਸਿੰਘ ਦੋਸਾਂਝ, ਸਰਾਏ ਪਰਿਵਾਰ, ਪਹਿਲੇ ਇਨਾਮ ਦੇ ਸਪਾਂਸਰ ਜਗਜੀਤ ਸਿੰਘ ਰੱਕੜ (ਓਸ਼ੀਅਨ ਟਰਾਂਸਪੋਰਟ), ਕੁਲਜੀਤ ਸਿੰਘ ਨਿੱਝਰ (ਵਾਈਟ ਹਾਕ), ਦੂਜੇ ਵੱਡੇ ਇਨਾਮ ਦੇ ਸਪਾਂਸਰ ਸਹੋਤਾ ਭਰਾ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਤੀਜਾ ਵੱਡਾ ਇਨਾਮ ਦੇਣ ਵਾਲੇ ਬੋਪਾਰਾਏ ਭਰਾ ਜਸਵਿੰਦਰ ਬੋਪਾਰਾਏ, ਦਲਬੀਰ ਬੋਪਾਰਾਏ, ਮਲਕੀਤ ਬੋਪਾਰਾਏ ਅਤੇ ਗੁਰਦੇਵ ਬੋਪਾਰਾਏ ਦਾ ਧੰਨਵਾਦ ਵੀ ਕੀਤਾ ਗਿਆ। ਇਸ ਕਬੱਡੀ ਕੱਪ ਨੂੰ ਸਫਲ ਬਣਾਉਣ ਲਈ ਇਸ ਵੱਡੇ ਸਹਿਯੋਗ ਦੀ ਭਵਿੱਖ ਵਿਚ ਵੀ ਅਜਿਹੀ ਆਸ ਪ੍ਰਗਟਾਈ। ਆਲ ਓਪਨ ਦੇ ਮੁੱਖ ਸਪਾਂਸਰ ਸਵ. ਸੰਤੋਖ ਸਿੰਘ ਤੱਖਰ ਦੇ ਪਰਿਵਾਰ ਦਾ ਵੀ ਉਚੇਚਾ ਧੰਨਵਾਦ ਕੀਤਾ ਗਿਆ। ਸ. ਗਾਖਲ ਨੇ ਕਿਹਾ ਕਿ ਵਿਸ਼ਵ ਕਬੱਡੀ ਦੇ ਮੁੱਖ ਮਹਿਮਾਨ ਸੈਨੇਟ ਦੀ ਚੋਣ ਲੜ ਰਹੇ ਮੈਨੀ ਗਰੇਵਾਲ ਹੋਣਗੇ ਅਤੇ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਸੇਵਾ ਸਿੰਘ ਰੰਧਾਵਾ, ਜਸਪ੍ਰੀਤ ਅਟਾਰਨੀ, ਰਾਜ ਸਲਵਾਨ, ਮੇਜਰ ਸਿੰਘ ਬੈਂਸ ਤੇ ਤੀਰਥ ਸਿੰਘ ਗਾਖਲ ਸਾਂਝੇ ਰੂਪ ਵਿਚ ਕਰਨਗੇ। ਸ. ਗਾਖ਼ਲ ਨੇ ਇਹ ਵੀ ਮਾਣ ਨਾਲ ਕਿਹਾ ਕਿ ਉਹ ਆਪਣੇ ਪਿਤਾ ਸਵ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਗੋਲਡ ਮੈਡਲਾਂ ਨਾਲ ਸਨਮਾਨ ਕਰਨਗੇ। ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰ ਰਹੇ ਸ. ਇਕਬਾਲ ਸਿੰਘ ਗਾਖਲ ਤੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਵਿਸ਼ਵ ਕੱਪ ਵਿਚ ਚਾਰ ਪ੍ਰਮੁੱਖ ਟੀਮਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਮੈਟਰੋ ਸਪੋਰਟਸ ਕਲੱਬ ਨਿਊਯਾਰਕ ਅਤੇ ਕੈਨੇਡਾ ਕਲੱਬ ਦੀਆਂ ਟੀਮਾਂ ਸ਼ਾਮਿਲ ਹੋ ਰਹੀਆਂ ਹਨ। ਖਾਸ ਗੱਲ ਇਹ ਹੋਵੇਗੀ ਕਿ ਚੌਹਾਂ ਟੀਮਾਂ ਵਿਚ ਹੀ ਬਰਾਬਰ ਝੰਡਾਂ ਕਰਨ ਵਾਲੇ ਖਿਡਾਰੀਆਂ ਸੰਤੁਲਨ ਕਾਇਮ ਰੱਖਿਆ ਗਿਆ ਹੈ ਅਤੇ ਦਰਸ਼ਕਾਂ ਨੂੰ ਇਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਤਿਹਾਸਕ ਕਬੱਡੀ ਕੱਪ ਦਾ ਹਰ ਮੈਚ ਹੀ ਸਾਹ ਰੋਕ ਕੇ ਵੇਖਣ ਵਾਂਗ ਅਨੰਦ ਦੇਵੇਗਾ। ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਵਿਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਇਸ ਇਤਿਹਾਸਕ ਕਬੱਡੀ ਕੱਪ ਦੀ ਇਹ ਵੀ ਇਕ ਖਾਸੀਅਤ ਹੋਵੇਗੀ ਕਿ ਸਮਾਜਿਕ, ਖੇਡਾਂ, ਸਾਹਿਤ ਅਤੇ ਹੋਰ ਖੇਤਰਾਂ ਵਿਚ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕਰਨ ਵਾਲੀਆਂ ਪੰਜ ਸਖਸ਼ੀਅਤਾਂ ਡਾ. ਹਰਕੇਸ਼ ਸਿੰਘ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਗੈਰੀ ਸਿੰਘ ਡਿਪਟੀ ਮੇਅਰ ਯੂਨੀਅਨ ਸਿਟੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪ੍ਰਸ਼ਾਸ਼ਕੀ ਪੱਖ ਤੋਂ ਹਰ ਪਹਿਲੂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਸਕਿਉਰਿਟੀ, ਪਾਰਕਿੰਗ ਦਾ ਖਾਸ ਬੰਦੋਬਸਤ ਕਰਦਿਆਂ ਹਜ਼ਾਰਾਂ ਦੀ ਤਾਦਾਦ ਵਿਚ ਪੁੱਜਣ ਵਾਲੇ ਦਰਸ਼ਕਾਂ ਨੂੰ ਹਰ ਸਹੂਲਤ ਪ੍ਰਦਾਨ ਕਰਨ ਦੇ ਪ੍ਰਬੰਧ ਕੀਤੇ ਗਏ ਹਨ।

# ਸ੍ਰੀ ਗੁਰੁ ਗਰੰਥ ਸਾਹਿਬ ਜੀ ਦੇ 415ਵੇਂ ਪ੍ਰਕਾਸ਼ ਦਿਵਸ ਮੌਕੇ ਸਜਾਇਆ ਗਿਆ ਨਗਰ ਕੀਰਤਨ







## ਪੰਜ ਪਿਆਰਿਆਂ ਦੀ ਅਗਵਾਈ 'ਚ ਲਹਿਰਾਏ ਕੈਨੇਡਾ ਤੇ ਖਾਲਿਸਤਾਨ ਦੇ ਝੰਡੇ

ਐਬਟਸਫੋਰਡ :-(ਬਰਾੜ-ਭਗਤਾ ਭਾਈ ਕਾ) ਏਥੋਂ ਦੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਵੱਲੋਂ ਸਾਹਿਬ ਸ੍ਰੀ ਗੁਰੁ ਗਰੰਥ ਸਾਹਿਬ ਜੀ ਦੇ 415ਵੇਂ ਪ੍ਰਕਾਸ਼ ਦਿਵਸ ਮੌਕੇ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ 'ਚ ਪੰਜਾਬੀ ਭਾਈਚਾਰੇ ਨੇ ਗੁਰਬਾਣੀ ਦਾ ਅਨੰਦ ਮਾਣਿਆਂ। ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ 11ਥ30 ਵਜੇ ਸ਼ੁਰੂ ਹੋਇਆ ਅਤੇ ਸਾਢੇ 3 ਕਿਲੋਮੀਟਰ ਦਾ ਸਫ਼ਰ ਤਹਿ ਕਰਕੇ 5 ਵਜੇ ਗੁਰਦੁਆਰਾ ਸਾਹਿਬ ਪਹੁੰਚਿਆ। ਪੰਜ ਪਿਆਰਿਆਂ ਤੋਂ ਇਲਾਵਾ ਗੁਰੂ ਗਰੰਥ ਸਾਹਿਬ ਵਾਲੇ ਫਲੋਟ ਤੋਂ ਅੱਗੇ ਕੈਨੇਡਾ ਦੇ ਕੌਮੀ ਝੰਡੇ ਦੇ ਨਾਲ ਖਾਲਿਸਤਾਨ ਦਾ ਝੰਡਾ ਵੀ ਲਹਿਰਾਅ ਰਿਹਾ ਸੀ। ਗੱਤਕਾ ਟੀਮ ਵੱਲੋਂ ਫਲੋਟ ਦੇ ਮੂਹਰੇ ਮੂਹਰੇ ਗੱਤਕਾ ਖੇਡਣ ਦੇ ਜੌਹਰ ਵਿਖਾ ਰਹੀ ਸੀ ਅਤੇ ਨਗਰ ਕੀਰਤਨ ਵਾਲੇ ਰੂਟ 'ਤੇ ਸੰਗਤ ਦੇ ਖਾਣ ਪੀਣ ਦੀਆਂ ਮੁਫ਼ਤ ਸਟਾਲਾਂ ਲੱਗੀਆਂ ਹੋਈਆਂ ਸਨ। ਬੈਂਕਾਂ, ਖੇਡ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਵਪਾਰੀ ਵਰਗ ਅਤੇ ਪੁੰਨਦਾਨ ਕਰਨ ਵਾਲਿਆਂ ਨੇ ਆਪਣੇ ਤੌਰ 'ਤੇ ਨਿੱਜੀ ਸਟਾਲਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਸਿੱਖ ਮੋਟਰਸਾਇਕਲ ਕਲੱਬ ਵੱਲੋਂ ਵੀ ਆਪਣੀ ਪੂਰੀ ਟੀਮ ਨਾਲ ਨਗਰ ਕੀਰਤਨ 'ਚ ਸ਼ਮੂਲੀਅਤ ਕਰਨ ਲਈ ਵੱਡਾ ਯੋਗਦਾਨ ਪਾਇਆ ਜੋ ਕਿ ਗੁਰੂ ਗਰੰਥ ਸਾਹਿਬ ਵਾਲੇ ਦੇ ਅੱਗੇ ਅੱਗੇ ਚੱਲ ਰਹੇ ਸਨ ਵੱਡੀ ਗਿਣਤੀ ਵਿੱਚ ਸੰਗਤ ਸ੍ਰੀ ਗੁਰੂ ਗਰੰਥ ਸਾਹਿਬ ਵਾਲੇ ਫਲੋਟ ਦੇ ਨਾਲ ਨਾਲਤੁਰਦੀ ਗੁਰਬਾਣੀ ਦਾ ਜਾਪ ਕਰ ਰਹੀ ਸੀ। ਪਿਛਲੇ ਸਾਲਾਂ ਨਾਲੋਂ ਇਸ ਵਾਰ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ ਅਤੇ ਸੰਗਤ ਨੂੰ ਕਿਸੇ ਤਰਾਂ ਦੀ ਸਮੱਸਿਆ ਨਹੀਂ ਮਹਿਸੂਸ ਹੋਈ। ਬੋਲੇ ਸੋ ਨਿਹਾਲ ਦੇ ਪੰਜ ਜੈਕਾਰਿਆਂ ਨਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋਇਆ। ਭਾਵੇਂ ਸਿਟੀ ਨੇ ਇਸ ਵਾਰ ਆਪਣੀ ਪਾਰਕ 'ਚ ਸਟਾਲਾਂ ਜਾਂ ਟੈਂਟ ਲਾਉਣ ਦੀ ਆਗਿਆ ਨਹੀਂ ਦਿੱਤੀ, ਪਰ ਫਿਰ ਵੀ ਜਿੱਥੇ ਜਿੱਥੇ ਲੋਕਾਂ ਵੱਲੋਂ ਖਾਣ ਪੀਣ ਦੇ ਬੜੇ ਵਧੀਆ ਪ੍ਰਬੰਧ ਕੀਤੇ ਹੋਏ ਸਨ, ਸੰਗਤ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਹੀਂ ਆਈ। ਇਸ ਵਾਰਪਿਛਲੇ ਸਾਲਾਂ ਨਾਲੋਂ ਸੰਗਤ ਕਾਫੀ ਜ਼ਿਆਦਾ ਨਗਰ ਕੀਰਤਨ 'ਚ ਪਹੁੰਚੀ ਹੋਈ ਸੀ ਕਿਉਂਕਿ ਇਸ ਨਗਰ ਕੀਰਤਨ 'ਚ ਵਿਦਿਆਰਥੀ ਵਰਗ ਅਤੇ ਯਾਤਰੀ ਵੀਜ਼ੇ 'ਤੇ ਆਏ ਉਨ੍ਹਾਂ ਦੇ ਮਾਪੇ ਅਤੇ ਯਾਤਰੀ ਵੀਜ਼ੇ 'ਤੇ ਆਏ ਹੋਰ ਲੋਕ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

# ਦੁਨੀਆ ਦੇ ਪਹਿਲੇ ਸਪੇਸ ਹੋਟਲ ਦੀ ਪਹਿਲੀ ਝਲਕ ਆਈ ਸਾਹਮਣੇ

## ਇਕ ਵਾਰ ਵਿਚ ਇੱਥੇ 400 ਮਹਿਮਾਨਾਂ ਦੇ ਰਹਿਣ ਦੀ



ਵਾਸ਼ਿੰਗਟਨ : ਦੁਨੀਆਂ ਦੇ ਪਹਿਲੇ ਸਪੇਸ ਹੋਟਲ ਦੀ ਪਹਿਲੀ ਝਲਕ ਮਿਲ ਗਈ ਹੈ । ਇਸ ਹੋਟਲ ਵਿਚ ਆਉਣ ਵਾਲੇ ਯਾਤਰੀਆਂ ਨੂੰ ਕਿਸੇ ਲਗਜ਼ਰੀ ਹੋਟਲ ਵਰਗਾ ਹੀ ਮਹਿਸੂਸ ਹੋਵੇਗਾ। ਇਸ ਲਈ ਹੋਟਲ ਵਿਚ ਰੈਸਟੋਰੈਂਟ, ਬਾਰ ਅਤੇ ਸਿਨੇਮਾ ਹਾਲ ਜਿਹੀਆਂ ਸਹੂਲਤਾਂ ਹੋਣਗੀਆਂ । ਇਕ ਵਾਰ ਵਿਚ ਇੱਥੇ 400 ਮਹਿਮਾਨਾਂ ਦੇ ਰਹਿਣ ਦੀ ਵਿਵਸਥਾ ਹੈ । 'ਦੀ ਗੇਟਵੇਅ ਫਾਉਂਡੇਸ਼ਨ' ਸਪੇਸ ਹੋਟਲ ਦਾ ਨਿਰਮਾਣ ਕਰ ਰਿਹਾ ਹੈ । ਇਸ ਹੋਟਲ ਦਾ ਨਾਮ ਵੌਨ ਬਰੌਨ ਸਪੇਸ ਸਟੇਸ਼ਨ ਹੈ । ਇਸ ਦੇ ਨਿਰਮਾਣ ਲਈ ਉਸੇ ਤਕਨੀਕ ਦੀ ਵਰਤੋਂ ਕੀਤੀ ਗਈ ਹੈ ਜਿਹੜੀ ਇੰਟਰਨੈਸ਼ਨਲ ਸਪੇਸ ਸੈਂਟਰ ਵਿਚ ਕੀਤੀ ਗਈ ਸੀ । ਭਾਵੇਂਕਿ ਹੋਟਲ ਨਿਰਮਾਣ ਦਾ ਉਦੇਸ਼ ਸਿਰਫ ਵਿਗਿਆਨਕ ਨਹੀਂ ਹੈ ਅਤੇ ਇਹ ਕਿਸੇ ਲਗਜ਼ਰੀ ਕਰੂਜ਼ ਦੀ ਤਰ੍ਹਾਂ ਹੈ । ਸ਼ਾਨਦਾਰ ਕਰੂਜ਼ ਵਿਚ ਮਿਲਣ ਵਾਲੀਆਂ ਸਹੂਲਤਾਂ ਵਿਚ ਕਾਕਟੇਲ ਬਾਰ ਦੀ ਸਹੂਲਤ ਵੀ ਹੋਵੇਗੀ । ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਵੱਖ ਸਪੇਸ ਹੋਟਲ ਵਿਚ ਨਕਲੀ ਗ੍ਰੈਵਿਟੀ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੋ ਮਹਿਮਾਨ ਸਧਾਰਨ ਵਾਂਗ ਤੁਰ-ਫਿਰ ਸਕਣ । ਇਸ ਦਾ ਫਾਇਦਾ ਇਹ ਹੋਵੇਗਾ ਕਿ ਲੰਬੇ ਸਮੇਂ ਤੱਕ ਰੁੱਕਣ ਵਾਲੇ ਮਹਿਮਾਨਾਂ ਨੂੰ ਮੁਸ਼ਕਲ ਨਹੀਂ ਹੋਵੇਗੀ ਅਤੇ ਘੱਟ ਸਮੇਂ ਲਈ ਰੁੱਕਣ ਵਾਲੇ ਮਹਿਮਾਨ ਵੀ ਬਹੁਤ ਆਸਾਨੀ ਨਾਲ ਇੱਥੇ ਰਹਿ ਸਕਣਗੇ । ਸਪੇਸ ਹੋਟਲ ਵਿਚ ਕਰੂਜ਼ ਵਾਲੀਆਂ ਸਾਰੀਆਂ ਸ਼ਹੂਲਤਾਂ ਮਿਲਣਗੀਆਂ । ਮਹਿਮਾਨਾਂ ਲਈ ਬਾਰ, ਡਿਸਕ, ਡਾਂਸ ਕੌਰਨਰ ਤੋਂ ਲੈ ਕੇ ਆਰਾਮ ਦੀਆਂ ਸਾਰੀਆਂ ਸਹੂਲਤਾਂ ਮੌਜੂਦ ਹੋਣਗੀਆਂ ।

# ਪਾਕਿ ਜਾਣ ਵਾਲੇ ਸਿੱਖਾਂ ਨੂੰ ਇਮਰਾਨ ਸਰਕਾਰ ਨੇ ਦਿੱਤਾ ਖਾਸ ਤੋਹਫਾ



ਚੰਡੀਗੜ੍ਹ: ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਪਵਿੱਤਰ ਅਸਥਾਨਾਂ ਦੀ ਯਾਤਰਾ ਦੌਰਾਨ ਭਾਰਤ ਤੇ ਵਿਦੇਸ਼ਾਂ ਤੋਂ ਆਏ ਸਿੱਖ ਸ਼ਰਧਾਲੂਆਂ ਨੂੰ ਮਲਟੀਪਲ ਆਨ ਅਰਾਈਵਲ ਵੀਜ਼ਾ ਜਾਰੀ ਕਰੇਗੀ ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰੇਗੀ।ਦ ਨਿਊਜ਼ ਇੰਟਰਨੈਸ਼ਨਲ ਮੁਤਾਬਕ ਇਮਰਾਨ ਖਾਨ ਨੇ ਸੋਮਵਾਰ ਨੂੰ ਰਾਜਪਾਲ ਭਵਨ ਵਿੱਚ ਅੰਤਰਰਾਸ਼ਟਰੀ ਸਿੱਖ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਿਹਾ, 'ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਤੁਹਾਨੂੰ ਮਲਟੀਪਲ ?ਵੀਜ਼ੇ ਜਾਰੀ ਕੀਤੇ ਜਾਣਗੇ ਇਹ ਸਾਡੀ ਜ਼ਿੰਮੇਵਾਰੀ ਹੈ। ਅਸੀਂ ਤੁਹਾਨੂੰ ਇਹ ਸਹੂਲਤ ਦੇਵਾਂਗੇ। ਇਥੋਂ ਤਕ ਕਿ ਹਵਾਈ ਅੱਡੇ 'ਤੇ ਵੀਜ਼ਾ ਸਹੂਲਤ ਮੁਹੱਈਆ ਕਰਾਵਾਂਗੇ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਤੀਰਥ ਯਾਤਰਾ ਜਾਂ ਸੈਰ-ਸਪਾਟੇ ਲਈ ਪਾਕਿਸਤਾਨ ਦਾ ਦੌਰਾ ਕਰਨ ਦੇ ਇੱਛੁਕ ਵਿਦੇਸ਼ੀਆਂ ਨੂੰ ਵੀਜ਼ੇ ਲੈਣ 'ਚ ਦਰਪੇਸ਼ ਮੁਸ਼ਕਲਾਂ ਮਹਿਸੂਸ ਕੀਤੀਆਂ। ਉਨ੍ਹਾਂ ਕਿਹਾ, 'ਹਾਲਾਂਕਿ ਸਾਡੀ ਸਰਕਾਰ ਨੇ ਵੀਜ਼ਾ ਪ੍ਰਣਾਲੀ ਨੂੰ ਬਦਲਿਆ ਹੈ, ਰੁਕਾਵਟਾਂ ਪੈਦਾ ਕਰਨ ਦੀ ਮਾਨਸਿਕਤਾ ਹੌਲੀ ਹੌਲੀ ਘੱਟ ਹੁੰਦੀ ਜਾਵੇਗੀ।'

# ਭਾਰਤ ਸਰਕਾਰ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਨਾਲ ਵਿਤਕਰਾ



ਨਵੀਂ ਦਿੱਲੀ: ਕੇਂਦਰ ਦੀ ਮੋਦੀ ਸਰਕਾਰ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਨਾਲ ਵਿਤਕਰੇ ਦੀ ਨੀਤੀ ਛੱਡੀ ਨਹੀਂ। ਕੇਂਦਰ ਸਰਕਾਰ ਨੇ 11 ਸੂਬਿਆਂ ਦੀ ਸੂਚੀ ਤਿਆਰ ਕੀਤੀ ਹੈ, ਜਿਥੇ ਕੇਂਦਰੀ ਟੀਮ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾਣਾ ਹੈ ਪਰ ਇਸ ਸੂਚੀ ਵਿਚ ਪੰਜਾਬ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ ਗਿਆ। ਭਾਵੇਂ ਪੰਜਾਬ ਸਰਕਾਰ ਵਲੋਂ ਰੌਲਾ ਪਾਉਣ ਪਿੱਛੋਂ ਪੰਜਾਬ ਨੂੰ ਇਸ ਸੂਚੀ ਵਿਚ ਸ਼ਾਮਲ ਕਰਨ ਦੀ ਗੱਲ ਆਖੀ ਜਾ ਰਹੀ ਹੈ ਪਰ ਸਵਾਲ ਇਹ ਉਠ ਰਹੇ ਹਨ ਕਿ ਪੰਜਾਬ ਦੀ ਇਹ ਸਮੱਸਿਆ ਮੋਦੀ ਸਰਕਾਰ ਨੂੰ ਨਜ਼ਰ ਕਿਉਂ ਨਹੀਂ ਆ ਰਹੀ। ਪੰਜਾਬ ਵਿਚ ਇਹ ਬਿਪਤਾ ਮੀਂਹ ਪੈਣ ਕਾਰਨ ਨਹੀਂ, ਸਗੋਂ ਡੈਮਾਂ ਵਿਚੋਂ ਛੱਡੇ ਬੇਹਿਸਾਬੇ ਪਾਣੀ ਕਾਰਨ ਆਈ ਹੈ। ਡੈਮਾਂ ਦਾ ਇਹ ਪਾਣੀ ਤਬਾਹੀ ਮਚਾਉਂਦਾ ਹੋਇਆ ਪੰਜਾਬ ਵਿਚੋਂ ਲੰਘ ਰਿਹਾ ਹੈ। ਸਰਕਾਰੀ ਅਨੁਮਾਨ ਮੁਤਾਬਕ ਸੂਬੇ ਵਿਚ 1700 ਕਰੋੜ ਦਾ ਨੁਕਸਾਨ ਹੋਇਆ ਹੈ। ਸੈਂਕੜੇ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਹਜ਼ਾਰਾਂ ਏਕੜ ਫਸਲ ਬਰਬਾਦ ਹੋ ਗਈ ਹੈ। ਇਸ ਔਖੇ ਸਮੇਂ ਵਿਚ ਜਿਥੇ ਸਮਾਜ ਸੇਵੀ ਸੰਸਥਾਵਾਂ ਤੇ ਆਮ ਲੋਕ ਖੁੱਲ੍ਹ ਕੇ ਅੱਗੇ ਆਏ ਹਨ, ਉਥੇ ਕੇਂਦਰ ਸਰਕਾਰ ਵਲੋਂ ਕੀਤੀ ਪਿੱਠ ਉਤੇ ਸਵਾਲ ਉਠ ਰਹੇ ਹਨ। ਸਭ ਤੋਂ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਇਸ ਮੁੱਦੇ ਉਤੇ ਭਾਜਪਾ ਦਾ ਭਾਈਵਾਲ ਅਕਾਲੀ ਦਲ ਵੀ ਚੁੱਪ ਧਾਰੀ ਬੈਠਾ ਹੈ। ਪੰਜਾਬ ਦੇ ਹੱਕ ਵਿਚ ਖੜ੍ਹਨ ਦੀ ਥਾਂ ਪੰਜਾਬ ਤੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਆਖ ਰਹੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਨੇ ਮਦਦ ਮੰਗਣ ਲਈ ਕੇਂਦਰ ਤੱਕ ਚੰਗੀ ਤਰ੍ਹਾਂ ਪਹੁੰਚ ਹੀ ਨਹੀਂ ਕੀਤੀ। ਯਾਦ ਰਹੇ ਕਿ ਕੇਂਦਰ ਵਲੋਂ 11 ਸੂਬਿਆਂ ਵਿਚ ਹੜ੍ਹ ਦੀ ਮਾਰ ਨੂੰ ਵੇਖਦੇ ਹੋਏ ਇਥੇ ਹਾਲਾਤ ਦਾ ਜਾਇਜ਼ਾ ਲੈਣਾ ਲੈ ਟੀਮ ਭੇਜੀ ਹੈ। ਉਕਤ ਕੇਂਦਰੀ ਟੀਮਾਂ ਆਸਾਮ, ਮੇਘਾਲਿਆ, ਤ੍ਰਿਪੁਰਾ, ਬਿਹਾਰ, ਉਤਰਾਖੰਡ, ਹਿਮਾਚਲ ਪ੍ਰਦੇਸ਼, ਗੁਜਰਾਤ, ਰਾਜਸਥਾਨ, ਮਹਾਰਾਸ਼ਟਰ ਅਤੇ ਕੇਰਲਾ ਦਾ ਦੌਰਾ ਵੀ ਕਰਨਗੀਆਂ। ਇਨ੍ਹਾਂ ਦੀ ਸਿਫਾਰਸ਼ ਉਤੇ ਸੂਬਿਆਂ ਨੂੰ ਵਾਧੂ ਮਦਦ ਦਿੱਤੀ ਜਾਵੇਗੀ।

# ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਕਰਨ ਦੇ ਦਿਲ ਕੰਬਾਊ ਅੰਕੜੇ



ਚੰਡੀਗੜ੍ਹ: ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਸਮੇਤ ਦੇਸ਼ ਵਿਚ ਹਰ ਸਾਲ ਹਜ਼ਾਰਾਂ ਕਿਸਾਨ ਖੇਤੀ ਦੇ ਸੰਕਟ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ, ਪਰ 2016 ਤੋਂ ਬਾਅਦ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਅੰਕੜੇ ਜਾਰੀ ਕਰਨੇ ਬੰਦ ਕਰ ਦਿੱਤੇ ਗਏ ਹਨ। ਪਿਛਲੀ ਲੋਕ ਸਭਾ ਵਿਚ 2015 ਅਤੇ 2016 ਦੇ ਪੇਸ਼ ਕੀਤੇ ਅੰਕੜਿਆਂ ਮੁਤਾਬਕ ਦੇਸ਼ ਵਿਚ 2016 ਵਿਚ 2015 ਦੇ ਮੁਕਾਬਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿਚ 9.8 ਫੀਸਦੀ ਦੀ ਕਮੀ ਆਈ ਹੈ।

ਇਸੇ ਸਮੇਂ ਦੌਰਾਨ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਛੱਤੀਸਗੜ੍ਹ ਵਿਚ ਵੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿਚ ਕਮੀ ਦਰਜ ਕੀਤੀ ਗਈ ਹੈ ਪਰ ਪੰਜਾਬ, ਹਰਿਆਣਾ, ਕਰਨਾਟਕਾ, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਇਨ੍ਹਾਂ ਖੁਦਕੁਸ਼ੀਆਂ ਵਿਚ ਵਾਧਾ ਦਰਜ ਹੋਇਆ ਹੈ।

ਅੰਕੜਿਆਂ ਮੁਤਾਬਕ ਪੰਜਾਬ ਵਿਚ 2016 ਵਿਚ 2015 ਦੇ ਮੁਕਾਬਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿਚ 118.0 ਫੀਸਦੀ ਦਾ ਰਿਕਾਰਡ ਵਾਧਾ ਹੋਇਆ ਹੈ। ਇਹ ਵਾਧਾ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਹਰਿਆਣੇ ਵਿਚ ਉਸੇ ਸਮੇਂ ਦੌਰਾਨ ਇਹ ਵਾਧਾ 54.2 ਫੀਸਦੀ, ਗੁਜਰਾਤ ਵਿਚ 35.5 ਫੀਸਦੀ, ਕਰਨਾਟਕਾ ਵਿਚ 32.5 ਫੀਸਦੀ ਅਤੇ ਮੱਧ ਪ੍ਰਦੇਸ਼ ਵਿਚ 2.4 ਫੀਸਦੀ ਹੋਇਆ ਹੈ। ਇਨ੍ਹਾਂ ਅੰਕੜਿਆਂ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਖੇਤੀ ਸੰਕਟ ਦੀ ਲਪੇਟ ਵਿਚ ਦੇਸ਼ ਦੇ ਹੋਰ ਖਿੱਤੇ ਅਤੇ ਸੂਬੇ ਵੀ ਆ ਗਏ ਹਨ, ਜਿਨ੍ਹਾਂ ਵਿਚ ਸਭ ਤੋਂ ਵੱਧ ਖੇਤੀ ਵਿਚ ਵਿਕਸਿਤ ਪੰਜਾਬ ਵੀ ਸ਼ਾਮਲ ਹੈ।

ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਖੇਤੀ ਸੰਕਟ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ ਅਤੇ ਹੁਣ ਵੀ ਖੇਤੀ ਸੰਕਟ ਦਾ ਕੋਈ ਕਾਰਗਰ ਹੱਲ ਨਾ ਹੋਣ ਕਾਰਨ ਲਗਾਤਾਰ ਖੁਦਕੁਸ਼ੀਆਂ ਦਾ ਰੁਝਾਨ ਜਾਰੀ ਹੈ। ਪੰਜਾਬ ਵਿਚ 92 ਫੀਸਦੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕਰਜ਼ੇ ਦੇ ਭਾਰ ਕਾਰਨ ਕੀਤੀਆਂ ਹਨ, ਕਿਸਾਨਾਂ ਸਬੰਧੀ ਇਹ ਦਰ 95 ਫੀਸਦੀ ਅਤੇ ਖੇਤ ਮਜ਼ਦੂਰਾਂ ਵਿਚ 89 ਫੀਸਦੀ ਸੀ। ਪੰਜਾਬ ਵਿਚ ਲਗਭਗ 98 ਫੀਸਦੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਕੇਂਦਰ ਮਾਲਵਾ ਖੇਤਰ ਰਿਹਾ ਹੈ। ਗਿਆਰਾਂ ਜ਼ਿਲ੍ਹਿਆਂ ਵਿਚ ਵਧੇਰੇ ਖੁਦਕੁਸ਼ੀਆਂ ਹੋਈਆਂ ਹਨ। ਨੀਮ ਪਹਾੜੀ, ਦੁਆਬਾ ਅਤੇ ਮਾਝਾ ਖੇਤਰ ਦੇ ਗਿਆਰਾਂ ਜ਼ਿਲ੍ਹਿਆਂ ਵਿਚ ਕੇਵਲ 2 ਪ੍ਰਤੀਸ਼ਤ ਖੁਦਕੁਸ਼ੀਆਂ ਹੀ ਹੋਈਆਂ ਹਨ ਜਦੋਂ ਕਿ ਦੋਵਾਂ ਖੇਤਰਾਂ ਵਿਚ ਸੂਬੇ ਦੀ ਪੇਂਡੂ ਆਬਾਦੀ ਲਗਭਗ ਬਰਾਬਰ-ਬਰਾਬਰ ਹੈ ਪਰ ਸਿੱਖਿਆ ਦੀ ਦਰ ਦੇ ਹਿਸਾਬ ਨਾਲ ਮਾਲਵੇ ਦੇ ਜ਼ਿਲ੍ਹੇ ਦੂਜੇ ਖੇਤਰ ਭਾਵ ਨੀਮ ਪਹਾੜੀ, ਦੁਆਬਾ ਅਤੇ ਮਾਝਾ ਖੇਤਰ ਦੇ ਜ਼ਿਲ੍ਹਿਆਂ ਤੋਂ ਪਿੱਛੇ ਹਨ। ਜਦੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਜੋਤਾਂ ਦੇ ਆਕਾਰ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਸਹਿਜੇ ਹੀ ਸਾਫ ਹੋ ਜਾਂਦਾ ਹੈ ਕਿ ਪੰਜਾਬ ਵਿਚ ਖੇਤੀ ਸੰਕਟ ਦਾ ਵਧੇਰੇ ਮਾਰੂ ਅਸਰ ਸੀਮਾਂਤ, ਛੋਟੀ ਅਤੇ ਅਰਧ-ਦਰਮਿਆਨੀ ਕਿਸਾਨੀ 'ਤੇ ਪਿਆ ਹੈ ਕਿਉਂਕਿ ਕੁੱਲ ਕਿਸਾਨਾਂ ਦੀਆਂ ਖੁਦਕੁਸ਼ੀਆਂ ਵਿਚ ਇਸ ਕਿਸਾਨੀ ਦਾ ਲਗਭਗ 92 ਫੀਸਦੀ ਹਿੱਸਾ ਹੈ। ਪਿਛਲੇ ਸਮੇਂ ਵਿਚ ਦੇਸ਼ ਪੱਧਰ 'ਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਇਕੱਠੇ ਹੋ ਕੇ ਆਲ ਇੰਡੀਆ ਕਿਸਾਨ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕਰ ਕੇ ਸੰਘਰਸ਼ ਕੀਤਾ, ਨਤੀਜੇ ਵਜੋਂ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਨੂੰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਮਸਲਿਆਂ ਨੂੰ ਸੁਣਨ ਅਤੇ ਹੱਲ ਕੱਢਣ ਲਈ ਮਜਬੂਰ ਹੋਣਾ ਪਿਆ।

ਲੋਕ ਸਭਾ ਚੋਣਾਂ ਹੋਣ ਕਾਰਨ ਦੇਸ਼ ਪੱਧਰ 'ਤੇ ਅਤੇ ਕਾਫੀ ਸੂਬਾ ਸਰਕਾਰਾਂ ਨੇ ਆਪਣੇ ਪੱਧਰ ਉਤੇ ਖੇਤੀ ਸੰਕਟ ਦੇ ਹੱਲ ਲਈ ਵੱਖ-ਵੱਖ ਯੋਜਨਾਵਾਂ ਅਤੇ ਸਕੀਮਾਂ ਸ਼ੁਰੂ ਕੀਤੀਆਂ ਅਤੇ ਇਨ੍ਹਾਂ ਸਕੀਮਾਂ ਅਤੇ ਯੋਜਨਾਵਾਂ ਦਾ ਮੁੱਖ ਮਕਸਦ ਆਰਜ਼ੀ ਤੌਰ ਉਤੇ ਕਿਸਾਨਾਂ ਦੀ ਕਰਜ਼ਾ ਮੁਆਫੀ ਅਤੇ ਆਮਦਨ ਨੂੰ ਸਪਲੀਮੈਂਟ ਕਰਨਾ ਸੀ ਪਰ ਇਨ੍ਹਾਂ ਯੋਜਨਾਵਾਂ ਅਤੇ ਸਕੀਮਾਂ ਤੋਂ ਬਾਅਦ ਵੀ ਖੇਤੀ ਸੰਕਟ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਦੇਸ਼ ਅਤੇ ਪੰਜਾਬ ਵਿਚ ਖੁਦਕੁਸ਼ੀਆਂ ਲਗਾਤਾਰ ਜਾਰੀ ਹਨ, ਕਿਉਂਕਿ ਇਹ ਸਕੀਮਾਂ ਅਤੇ ਯੋਜਨਾਵਾਂ ਖੇਤੀ ਸੰਕਟ ਦੇ ਹੱਲ ਲਈ ਘੱਟ ਅਸਰਦਾਰ ਅਤੇ ਨਾਕਾਫੀ ਸਾਬਤ ਹੋਈਆ ਹਨ।

# ਹੁਣ ਨਸ਼ੇ ਨੂੰ ਸਿੱਧੀਆਂ ਹੋਈਆਂ ਪੰਜਾਬੀ ਮੁਟਿਆਰਾਂ, ਹੈਰਾਨ ਕਰਨ ਵਾਲੇ ਅੰਕੜੇ



ਹੁਸ਼ਿਆਰਪੁਰ : ਨਸ਼ਾ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ। ਹੁਣ ਮੁੰਡਿਆਂ ਦੇ ਨਾਲ-ਨਾਲ ਕੁੜੀਆਂ ਵੀ ਨਸ਼ੇ ਦੀਆਂ ਆਦੀ ਹੋ ਰਹੀਆਂ ਹਨ। ਉਂਝ ਤਾਂ ਪਹਿਲਾਂ ਵੀ ਅਨੇਕਾਂ ਕੇਸ ਸਾਹਮਣੇ ਆ ਚੁੱਕੇ ਹਨ ਪਰ ਹੁਸ਼ਿਆਰਪੁਰ ਤੋਂ ਆਏ ਅੰਕੜੇ ਹੈਰਾਨ ਕਰਨ ਵਾਲੇ ਹਨ। ਹੁਸ਼ਿਆਰਪੁਰ ਦੇ ਸਿਵਲ ਹਸਪਤਾਲ 'ਚ ਚੱਲ ਰਹੇ ਓਐਸਟੀ ਸੈਂਟਰ 'ਚ ਕਰੀਬ 300 ਨੌਜਵਾਨ ਨਸ਼ਾ ਛੱਡਣ ਲਈ ਆਪਣਾ ਇਲਾਜ ਕਰਵਾ ਰਹੇ ਹਨ। ਹੁਣ ਨਸ਼ੇ ਤੋਂ ਪੀੜਤ 11 ਮਹਿਲਾਵਾਂ ਵੀ ਇੱਥੇ ਇਲਾਜ ਕਰਵਾਉਣ ਆ ਰਹੀਆਂ ਹਨ। ਇਹ ਕੁੜੀਆਂ ਵੀ ਮੁੰਡਿਆਂ ਦੀ ਤਰ੍ਹਾਂ ਰੋਜ਼ ਨਸ਼ਾ ਛੱਡਣ ਵਾਲੀਆਂ ਦਵਾਈਆਂ ਖਾਦੀਆਂ ਹਨ। ਇਨ੍ਹਾਂ 'ਚ ਕੁਝ ਤਾਂ ਵਿਆਹੁਤਾ ਮਹਿਲਾਵਾਂ ਹਨ ਜੋ ਇਸ ਦਲਦਲ 'ਚ ਫਸ ਗਈਆਂ ਹਨ। ਡਾਕਟਰਾਂ ਮੁਤਾਬਕ ਦਵਾਈ ਖਾਣ ਤੋਂ ਬਾਅਦ ਉਨ੍ਹਾਂ ਨੂੰ ਵੀ ਬਾਕੀਆਂ ਦੀ ਤਰ੍ਹਾਂ ਸਾਰਾ ਦਿਨ ਹਸਪਤਾਲ 'ਚ ਰੁਕਣਾ ਪੈਂਦਾ ਹੈ। ਇਨ੍ਹਾਂ ਨੂੰ ਅਜਿਹੀ ਹਾਲਤ 'ਚ ਵੇਖ ਕੇ ਇੱਥੇ ਆਏ ਕੁਝ ਲੋਕ ਬੇਹੱਦ ਭਾਵੁਕ ਹੋ ਜਾਂਦੇ ਹਨ। ਇਹ ਕੁੜੀਆਂ ਪਿਛਲੇ 3 ਮਹੀਨਿਆਂ ਤੋਂ ਹੀ ਰਜਿਸਟਰਡ ਹੋਈਆਂ ਹਨ। ਇਹ ਵੀ ਮੁੰਡਿਆਂ ਨਾਲ ਲਾਈਨ 'ਚ ਲੱਗ ਨਸ਼ਾ ਛੱਡਣ ਦੀ ਦਵਾਈ ਖਾਂਦੀਆਂ ਹਨ। ਇਨ੍ਹਾਂ 'ਚ ਤਿੰਨ ਕੁੜੀਆਂ ਅਜਿਹੀਆਂ ਵੀ ਹਨ, ਜਿਨ੍ਹਾਂ ਦਾ ਸਾਥ ਕੋਈ ਨਹੀਂ ਦੇ ਰਿਹਾ।

# ਸਤਲੁਜ-ਯਮੁਨਾ ਲਿੰਕ ਨਹਿਰ ਦੀ ਸੁਪਰੀਮ ਕੋਰਟ 'ਚ ਸੁਣਵਾਈ ਸ਼ੁਰੂ

ਨਵੀਂ ਦਿੱਲੀ: ਪੰਜਾਬ ਤੇ ਹਰਿਆਣਾ ਵਿਚਾਲੇ ਅਹਿਮ ਮੁੱਦਾ ਬਣੀ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਦੀ ਉਸਾਰੀ ਬਾਰੇ ਅੱਜ ਤੋਂ ਸੁਪਰੀਮ ਕੋਰਟ ਵਿੱਚ ਸੁਣਵਾਈ ਸ਼ੁਰੂ ਹੋ ਗਈ ਹੈ। ਮਾਮਲੇ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਕਿਹਾ ਹੈ ਕਿ ਇਸ ਸਮੱਸਿਆ ਦਾ ਹੱਲ਼ ਜਲਦ ਨਿਕਲਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਸ ਲਈ ਕੇਂਦਰ ਸਰਕਾਰ ਨੂੰ ਚਾਰ ਮਹੀਨਿਆਂ ਦਾ ਸਮਾਂ ਦਿੱਤਾ ਹੈ। ਅੱਜ ਅਦਾਲਤ ਵਿੱਚ ਕੇਂਦਰ ਸਰਕਾਰ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਇਸ ਮਾਮਲੇ ਦਾ ਗੱਲਬਾਤ ਜ਼ਰੀਏ ਹੱਲ਼ ਕੱਢਣ ਲਈ ਤਿੰਨ ਮਹੀਨਿਆਂ ਦਾ ਸਮਾਂ ਚਾਹੀਦਾ ਹੈ। ਸਰਕਾਰ ਨੇ ਕਿਹਾ ਕਿ ਉਹ ਪੰਜਾਬ ਤੇ ਹਰਿਆਣਾ ਦੇ ਸੰਪਰਕ ਵਿੱਚ ਹਨ ਤੇ ਗੱਲ਼ਬਾਤ ਚੱਲ ਰਹੀ ਹੈ। ਇਸ ਤੋਂ ਬਾਅਦ ਅਦਾਲਤ ਨੇ ਕਿਹਾ ਤਿੰਨ ਨਹੀਂ ਚਾਰ ਮਹੀਨਿਆਂ ਦਾ ਸਮਾਂ ਲਓ ਪਰ ਮਾਮਲੇ ਨੂੰ ਕਿਸੇ ਤਣ-ਪੱਤਣ ਲਾਓ। ਇਸ ਦੌਰਾਨ ਹਰਿਆਣਾ ਸਰਕਾਰ ਨੇ ਕਿਹਾ ਕਿ ਮਾਮਲੇ ਦੇ ਹੱਲ਼ ਲਈ ਕੋਈ ਸਮਾਂ ਸੀਮਾਂ ਤੈਅ ਕੀਤੀ ਜਾਏ। ਅਜਿਹਾ ਨਾ ਹੋਵੇ ਕਿ ਇਹ ਮਾਮਲਾ ਅਨੰਤ ਕਾਲ ਤੱਕ ਚੱਲਦਾ ਹੀ ਰਹੇ। ਇਸ ਤੋਂ ਪਹਿਲਾਂ ਸੋਮਵਾਰ ਨੂੰ ਇਸ ਸਿਲਸਿਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਂਦਰੀ ਜਲ ਸ਼ਕਤੀ ਮੰਤਰੀ ਗਜਿੰਦਰ ਸਿੰਘ ਸ਼ੇਖ਼ਾਵਤ ਨੂੰ ਮਿਲੇ ਤੇ ਉਨ੍ਹਾਂ ਸਾਹਮਣੇ ਸੂਬੇ ਦਾ ਪੱਖ ਰੱਖਿਆ। ਇਸ ਮਾਮਲੇ ਵਿੱਚ ਸੂਬੇ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਤੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਵੀ ਦਿੱਲੀ ਪਹੁੰਚੇ। ਹਰਿਆਣਾ ਦੀ ਮੁੱਖ ਸਕੱਤਰ ਕੇਸ਼ਨੀ ਆਨੰਦ ਤੇ ਹੋਰ ਅਧਿਕਾਰੀ ਵੀ ਹਾਜ਼ਰ ਸੀ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਦੋਵਾਂ ਸੂਬਿਆਂ ਦੇ ਮੁੱਖ ਸਕੱਤਰ ਲਿੰਕ ਨਹਿਰ ਦੇ ਮੁੱਦੇ 'ਤੇ ਦੋ ਮੀਟਿੰਗਾਂ ਕਰ ਚੁੱਕੇ ਹਨ, ਜੋ ਬੇਸਿੱਟਾ ਰਹੀਆਂ ਕਿਉਂਕਿ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਆਪੋ-ਆਪਣੇ ਸਟੈਂਡ 'ਤੇ ਡਟੀਆਂ ਹੋਈਆਂ ਹਨ। ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਖੱਟਰ ਸਰਕਾਰ ਇਸ ਮੁੱਦੇ ਦਾ ਲਾਹਾ ਲੈਣਾ ਚਾਹੁੰਦੀ ਹੈ। ਖੱਟਰ ਸਰਕਾਰ ਇਸ ਪੇਚੀਦਾ ਮਸਲੇ ਦਾ ਜਲਦੀ ਹੱਲ ਚਾਹੁੰਦੀ ਹੈ ਪਰ ਅਜਿਹਾ ਹੋਣ ਦੀ ਸੰਭਾਵਨਾ ਨਹੀਂ। ਸੂਤਰਾਂ ਮੁਤਾਬਕ ਮੁੱਖ ਸਕੱਤਰਾਂ ਦੀ ਮੀਟਿੰਗ ਵਿੱਚ ਪੰਜਾਬ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਦਰਿਆਵਾਂ ਵਿਚ ਪਾਣੀ ਕਾਫੀ ਘੱਟ ਗਿਆ ਹੈ ਤੇ ਇਸ ਸਥਿਤੀ ਵਿਚ ਪੰਜਾਬ ਕੋਲ ਦੇਣ ਲਈ ਪਾਣੀ ਨਹੀਂ ਨਹੀਂ। ਦੂਜਾ, ਸੂਬੇ ਵਿਚ ਜ਼ਮੀਨ ਹੇਠਲਾ ਪਾਣੀ ਕਾਫੀ ਹੇਠਾਂ ਡਿੱਗ ਚੁੱਕਿਆ ਹੈ ਤੇ ਲਿੰਕ ਨਹਿਰ ਦੀ ਉਸਾਰੀ ਤੋਂ ਪਹਿਲਾਂ ਦਰਿਆਵਾਂ ਵਿਚਲੇ ਪਾਣੀ ਦਾ ਪਤਾ ਲਾਉਣਾ ਜ਼ਰੂਰੀ ਹੈ ਪਰ ਹਰਿਆਣਾ ਸਰਕਾਰ ਦੇ ਅਧਿਕਾਰੀ ਹਰ ਹਾਲਤ ਵਿੱਚ ਨਹਿਰ ਦੀ ਉਸਾਰੀ ਕੀਤੇ ਜਾਣ 'ਤੇ ਜ਼ੋਰ ਦਿੰਦੇ ਹਨ।

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿੱਚ ਸ਼ਰਧਾ ਨਾਲ ਮਨਾਇਆ ਗਿਆ ਪਹਿਲਾ ਪ੍ਰਕਾਸ਼ ਪੁਰਬ

ਨਿਊਯਾਰਕ—- ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿਚਮੰਡ ਹਿੱਲ ਨਿਊਯਾਰਕ ਵਿੱਚ ਐਤਵਾਰ ਨੂੰ ਪਹਿਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆਂ ਗਿਆ। ਅਖੰਡ-ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ। ਜਿਸ ਵਿੱਚ ਕਥਾਵਾਚਕ ਗਿਆਨੀ ਦਵਿੰਦਰ ਸਿੰਘ ਅਨੰਦਪੁਰ ਵਾਲੇ ਅਤੇ ਭਾਈ ਜਸਪਾਲ ਸਿੰਘ ਜੀ ਹੈੱਡ ਗ੍ਰੰਥੀ ਭਾਈ ਜਸਪਾਲ ਸਿੰਘ ਜੀ ਨੇ ਸੰਗਤਾ ਨੂੰ ਕਥਾ ਸਰਵਣ ਕਰਵਾਈ।ਭਾਈ ਗੁਰਪ੍ਰੀਤ ਸਿੰਘ ਜੀ ਬਲੜਵਾੜ , ਭਾਈ ਜਸਦੇਵ ਸਿੰਘ ਜੀ ਰਮਦਾਸ ਤੇ ਢਾਡੀ ਜੱਥਾ ਭਾਈ ਮੋਹਨ ਸਿੰਘ ਬਡਾਨਾ ਜੀ ਨੇ ਸੰਗਤਾਂ ਨੂੰ ਗੁਰਬਾਣੀ ਜੱਸ ਨਾਲ ਨਿਹਾਲ ਕੀਤਾ। ਚਾਹ ਪਕੌੜੇ , ਲੱਡੂ ਮਠਿਆਈ ਤੇ ਲੰਗਰ ਦਾ ਅਤੁੱਟ ਪ੍ਰਬੰਧ ਸੀ। ਗੁਰਦੁਆਰਾ ਪ੍ਰਧਾਨ ਸ. ਗੁਰਮੀਤ ਸਿੰਘ ਮਹਿਮਦਪੁਰ, ਮੀਤ ਪ੍ਰਧਾਨ ਸ. ਹਿੰਮਤ ਸਿੰਘ ਸਰਪੰਚ, ਸ. ਜੋਗਿੰਦਰ ਸਿੰਘ, ਸ. ਸੁਰਿੰਦਰ ਸਿੰਘ, ਸ. ਦਲੇਰ ਸਿੰਘ,ਸ. ਗੁਰਮੇਜ ਸਿੰਘ, ਪ੍ਰੀਤਮ ਸਿੰਘ ਗਿਲਜੀਆ,ਰਘੁਬੀਰ ਸਿੰਘ ਬੱਬੀ ਅਤੇ ਸਮੂਹ ਕਮੇਟੀ ਮੈਂਬਰ ਸਾਹਿਬਾਨ ਨੇ ਆਈਆਂ ਸੰਗਤਾ ਦਾ ਧੰਨਵਾਦ ਕੀਤਾ।








ਫੋਟੋ : ਬੀ. ਜੇ. ਸਟੂਡੀਓ 646-403-7334

















# ਆਟੋ ਇੰਡਸਟਰੀ ਦਾ ਹਾਲ: 'ਮਜ਼ਦੂਰ ਨੌਕਰੀ ਲੱਭ ਲੈਣਗੇ ਪਰ ਮਾਲਕ ਹੋ ਕੇ ਮੈਂ ਕਿੱਥੇ ਜਾਵਾਂ'



ਪੂਰਬੀ ਭਾਰਤ ਦੇ ਦੂਰ-ਦੁਰਾਡੇ ਦੇ ਇੱਕ ਪਿੰਡ ਵਿੱਚ ਇੱਕ ਨੌਜਵਾਨ ਜੋੜਾ ਗੱਲ ਕਰ ਰਿਹਾ ਸੀ ਕਿ ਹਫ਼ਤੇ ਦੇ ਅਖ਼ੀਰ ਤੱਕ ਹੀ ਚੌਲ ਚੱਲਣਗੇ। ਉਸ ਦੀ ਪਤਨੀ ਨੇ ਆਪਣੇ ਛੋਟੇ ਜਿਹੇ ਮਿੱਟੀ ਦੇ ਘਰ ਵੱਲ ਝਾਕ ਦੇ ਦੇਖਿਆ ਦੇ ਕਿਹਾ, "ਸਰ, ਤੁਸੀਂ ਗ਼ਲਤ ਜਗ੍ਹਾ ਆ ਗਏ ਹੋ, ਪਹਿਲਾਂ ਨੇੜਲੀਆਂ ਖਾਲੀ ਪਈਆਂ ਫੈਕਟਰੀਆਂ ਵਿੱਚ ਦੇਖੋ।" ਪਰਿਵਾਰ ਵਿੱਚ ਸਿਰਫ਼ ਉਸ ਦਾ ਪਤੀ ਹੀ ਕਮਾਉਣ ਵਾਲਾ ਹੈ। ਉਨ੍ਹਾਂ ਦਾ ਕਹਿਣਾ ਹੈ, "ਜਦੋਂ ਤੱਕ ਅਰਥਚਾਰੇ ਦੀ ਰਫ਼ਤਾਰ ਮੰਦੀ ਨਹੀਂ ਸੀ ਉਦੋਂ ਤੱਕ ਅਸੀਂ ਵਧੀਆ ਗੁਜ਼ਾਰਾ ਕਰ ਰਹੇ ਸੀ। ਹੁਣ ਖਾਣ ਦਾ ਪ੍ਰਬੰਧ ਕਰਨਾ ਔਖਾ ਹੋ ਗਿਆ ਹੈ ਅਤੇ ਮੈਂ ਆਪਣੇ ਬੱਚੇ ਵੀ ਸਕੂਲੋਂ ਹਟਾ ਲਏ ਹਨ। ਮੇਰੀ ਮਾਂ ਬਿਮਾਰ ਹੈ ਅਤੇ ਜੇਕਰ ਕਿਸੇ ਦਿਨ ਮੈਂ ਬਿਮਾਰ ਹੋ ਗਿਆ ਤਾਂ ਇਹ ਕਿਵੇਂ ਗੁਜ਼ਾਰਾ ਕਰਨਗੇ ?" ਰਾਮ ਪੂਰਬੀ ਭਾਰਤ ਦੇ ਜਮਸ਼ੇਦਪੁਰ 'ਚ ਇੱਕ ਕੰਪਨੀ ਲਈ ਕੰਮ ਕਰਦਾ ਸੀ, ਜੋ ਕਾਰਾਂ ਅਤੇ ਭਾਰੀ ਵਾਹਨਾਂ ਦੇ ਸਪੇਅਰ ਪਾਰਟ ਬਣਾਉਂਦੀ ਸੀ। ਪਰ ਪਿਛਲੇ ਸਾਲ ਉਸਨੇ ਸਿਰਫ਼ 14 ਦਿਨ ਹੀ ਕੰਮ ਕੀਤਾ। ਘਟਦੀ ਮੰਗ ਕਾਰਨ ਉਸ ਦੀ ਕੰਪਨੀ ਹਫ਼ਤੇ ਵਿੱਚ ਕਈ ਦਿਨ ਬੰਦ ਰਹਿੰਦੀ ਸੀ। ਭਾਰਤ ਵਿੱਚ ਮੰਗ ਘੱਟਣ ਕਾਰਨ ਆਰਥਿਕ ਵਿਕਾਸ ਦੀ ਰਫ਼ਤਾਰ ਸੁਸਤ ਹੋ ਰਹੀ ਹੈ। ਦੇਸ ਦੀ ਆਟੋਮੋਬਾਈਲ ਇੰਡਸਟਰੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ, ਜਿਸ ਦੇ ਤਹਿਤ ਕੰਪਨੀਆਂ ਨੂੰ ਅਸਥਾਈ ਤੌਰ 'ਤੇ ਉਤਪਾਦਨ ਰੋਕਣਾ ਪਿਆ ਅਤੇ ਨੌਕਰੀਆਂ ਵਿੱਚ ਕਟੌਤੀ ਕਰਨੀ ਪਈ। ਜੁਲਾਈ 2019 ਵਿੱਚ ਵਾਹਨਾਂ ਦੀ ਵਿਕਰੀ ਵਿੱਚ 30 ਫੀਸਦ ਦੀ ਗਿਰਾਵਟ ਆਈ ਹੈ।ਬੈਂਕਿੰਗ ਸੈਕਟਰ ਦੇ ਸੰਕਟ ਕਾਰਨ ਆਟੋ-ਡੀਲਰਜ਼ ਅਤੇ ਸੰਭਾਵਿਤ ਕਾਰ ਖਰੀਦਾਰ ਕ੍ਰੈਡਿਟ ਐਕਸਸ ਕਰਨ ਲਈ ਸੰਘਰਸ਼ ਕਰ ਰਹੇ ਹਨ ਇਹ ਛੋਟੇ ਅਤੇ ਮੱਧਮ ਆਕਾਰ ਦੇ ਧੰਦੇ ਹਨ, ਜੋ ਵੱਡੇ ਨਿਰਮਾਤਾਵਾਂ ਨੂੰ ਸਪਲਾਈ ਕਰਦੇ ਹਨ ਤੇ ਇਹੀ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।ਪੇਸ਼ੇ ਤੋਂ ਇੰਜੀਅਨੀਅਰ ਸਮੀਰ ਸਿੰਘ ਨੂੰ ਆਪਣੇ ਪਿਤਾ ਦੀ ਬਿਮਾਰੀ ਅਤੇ ਆਪਣੇ ਪਰਿਵਾਰ ਦੇ ਆਟੋ ਸਪੇਅਰਸ ਪਾਰਟਸ ਦੇ ਨਿਰਮਾਣ ਯੂਨਿਟ ਦੀ ਮਾੜੀ ਹਾਲਤ ਕਾਰਨ ਆਪਣੇ ਘਰ ਜਮਸ਼ੇਦਪੁਰ ਵਾਪਸ ਜਾਣਾ ਪਿਆ। ਆਪਣੀ ਵਾਪਸੀ ਮਗਰੋਂ ਪਿਛਲੇ ਦੋ ਦਹਾਕਿਆਂ 'ਚ ਸਮੀਰ ਨੇ ਨਾਲ ਕੇਵਲ ਵਪਾਰ ਨੂੰ ਮੁੜ ਖੜ੍ਹਾ ਕੀਤਾ ਬਲਕਿ ਆਪਣੀ ਉਤਪਾਦਨ ਇਕਾਈਆਂ ਨੂੰ ਵਧਾਇਆ, ਜੋ ਭਾਰੀ ਵਾਹਨਾਂ ਨੂੰ ਸਪੇਅਰਸ ਪਾਰਟਸ ਮੁਹੱਈਆ ਕਰਵਾਉਂਦੇ ਸਨ। ਉਨ੍ਹਾਂ ਨੇ ਦੱਸਿਆ, "ਮੈਨੂੰ ਆਪਣੀਆਂ ਯੂਨਿਟਾਂ ਨੂੰ ਚਲਾਉਂਦਿਆਂ ਰੱਖਣ ਲਈ ਇੰਨਾ ਸੰਘਰਸ਼ ਕਦੇ ਨਹੀਂ ਕਰਨਾ ਪਿਆ।" ਉਨ੍ਹਾਂ ਨੇ ਕਿਹਾ, "ਤੁਹਾਨੂੰ ਵਪਾਰ ਕਰਨ ਲਈ ਪੈਸੇ ਦੇ ਲੋੜ ਹੁੰਦੀ ਹੈ ਅਤੇ ਇੱਕ ਮਜ਼ਬੂਤ ਇੱਛਾ ਸ਼ਕਤੀ ਹੋਣੀ ਚਾਹੀਦੀ ਹੈ। ਮੇਰੇ ਵਰਗੇ ਹੋਰ ਛੋਟੇ ਪੱਧਰ ਦੇ ਕਾਰੋਬਾਰੀਆਂ ਨੇ ਆਪਣੇ ਸਾਰਾ ਪੈਸਾ, ਬਚਤ ਅਤੇ ਕਰਜ਼ ਆਪਣੇ ਕਾਰੋਬਾਰ 'ਚ ਲਗਾ ਦਿੱਤੇ ਹਨ।" "ਮੇਰੇ ਕਾਮੇ ਕਈ ਹਫ਼ਤੇ ਬੇਕਾਰ ਬੈਠੇ ਰਹੇ ਅਤੇ ਮੈਨੂੰ ਬਹੁਤ ਬੁਰਾ ਲੱਗਾ। ਜੇਕਰ ਇਹ ਜਾਰੀ ਰਹਿੰਦਾ ਤਾਂ ਸ਼ਾਇਦ ਉਹ ਹੋਰ ਕਿਤੇ ਨੌਕਰੀ ਲੱਭ ਲੈਂਦੇ। ਪਰ ਮੈਂ ਕੋਈ ਨੌਕਰੀ ਨਹੀਂ ਲੱਭ ਸਕਦਾ, ਮੇਰੀ ਜ਼ਿੰਦਗੀ ਇੱਥੋਂ ਹੀ ਸ਼ੁਰੂ ਹੁੰਦੀ ਹੈ ਤੇ ਇੱਥੇ ਹੀ ਖ਼ਤਮ ਹੁੰਦੀ ਹੈ।" ਪਿਛਲੇ ਦੋ ਦਹਾਕਿਆਂ ਦੇ ਮੁਕਾਬਲੇ ਮੌਜੂਦਾ ਦੌਰ 'ਚ ਭਾਰਤ 'ਚ ਆਟੋ ਸੈਕਟਰ ਦੀ ਵਿਕਰੀ 'ਚ ਭਾਰੀ ਗਿਰਾਵਟ ਆਈ ਹੈ। ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਆਟੋ ਸੈਕਟਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਰੀਬ 30-35 ਲੱਖ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਹੁਣ ਤੱਕ ਹਜ਼ਾਰਾਂ ਲੋਕ ਆਪਣੀ ਨੌਕਰੀ ਗੁਆ ਚੁੱਕੇ ਹਨ। ਉਦਯੋਗਿਕ ਸ਼ਹਿਰ ਜਮਸ਼ੇਦਪੁਰ ਦੇ ਲੋਕਾਂ ਦੇ ਸੰਕਟ ਮੱਠੇ ਪੈਂਦੇ ਅਰਥਚਾਰੇ ਦੇ ਅਸਰ ਨੂੰ ਦਰਸਾਉਂਦੇ ਹਨ। ਆਦਿਤਿਆਪੁਰ ਦੇ ਵਿੱਚੋ-ਵਿੱਚ ਪੈਂਦਾ ਇਮਲੀ ਚੌਂਕ ਕਾਫੀ ਭੀੜ-ਭੜੱਕੇ ਵਾਲਾ ਇਲਾਕਾ ਹੈ, ਜਿੱਥੇ ਜ਼ਿਆਦਾਤਰ ਆਟੋ-ਪਾਰਟਸ ਬਣਾਉਣ ਵਾਲੀਆਂ ਸਹਾਇਕ ਇਕਾਈਆਂ ਹਨ।

**'ਬਾਥਰੂਮ ਸਾਫ ਜਾਂ ਸੜਕਾਂ ਸਾਫ ਕਰਨ ਲਈ ਮਜ਼ਬੂਰ'**

ਇੱਥੇ ਦਿਹਾੜੀ 'ਤੇ ਕੰਮ ਕਰਨ ਵਾਲੇ ਸੈਂਕੜੇ ਮਜ਼ਦੂਰ ਰੋਜ਼ ਸਵੇਰੇ ਇਕੱਠੇ ਹੁੰਦੇ ਹਨ। ਪਰ ਅਸੀਂ ਇਸਦੇ ਬਿਲਕੁਲ ਉਲਟ ਨਜ਼ਾਰਾ ਦੇਖਿਆ। ਹਰ ਉਮਰ ਵਰਗ ਦੀਆਂ ਦੀਆਂ ਔਰਤਾਂ ਅਤੇ ਮਰਦ, ਬੇਚੈਨ ਅਤੇ ਉਤਾਵਲੇ ਹੋ ਕੇ ਇੱਕ ਦਿਨ ਕੰਮ ਮਿਲਣ ਦੀ ਆਸ ਕਰ ਰਹੇ ਸਨ। ਕਈਆਂ ਨੇ ਸਾਨੂੰ ਠੇਕੇਦਾਰ ਹੀ ਸਮਝ ਲਿਆ ਸੀ। ਤਿੰਨ ਬੱਚਿਆਂ ਦੀ ਮਾਂ ਲਕਸ਼ਮੀ ਘੱਟੋ-ਘੱਟ 15 ਕਿਲੋਮੀਟਰ ਤੋਂ ਰੁਜ਼ਗਾਰ ਦੀ ਆਸ 'ਚ ਆਉਂਦੀ ਹੈ ਪਰ ਪਿਛਲੇ ਕੁਝ ਮਹੀਨਿਆਂ ਤੋਂ ਉਹ ਲਗਾਤਾਰ ਨਿਰਾਸ਼ ਹੋ ਰਹੀ ਹੈ। ਉਸ ਦੇ ਮੁਤਾਬਕ, "ਹਰ ਦਿਨ ਬੁਰਾ ਹਾਲ ਹੋ ਰਿਹਾ ਹੈ। ਕੁਝ ਕਿਸਮਤ ਵਾਲਿਆਂ ਨੂੰ ਕੰਮ ਮਿਲ ਜਾਂਦਾ ਪਰ ਜ਼ਿਆਦਾਤਕ ਲੋਕ ਖਾਲੀ ਹੱਥ ਹੀ ਮੁੜਦੇ ਹਨ। ਇਥੋਂ ਤੱਕ ਬਸ ਦੇ ਕਿਰਾਏ ਲਈ ਪੈਸੇ ਵੀ ਨਹੀਂ ਜੁੜਦੇ।" "ਕਈ ਵਾਰ ਸਾਨੂੰ ਕਈ ਘੰਟੇ ਤੁਰ ਕੇ ਘਰ ਜਾਣਾ ਪੈਂਦਾ ਹੈ। ਅਸੀਂ 400 ਤੋਂ 500 ਰੁਪਏ ਰੋਜ਼ਾਨਾ ਕਮਾ ਲੈਂਦੇ ਸੀ, ਇਸ ਤੋਂ ਵੱਧ ਨਹੀਂ। ਪਰ ਹੁਣ ਅਸੀਂ ਬਾਥਰੂਮ ਸਾਫ ਜਾਂ ਸੜਕਾਂ ਸਾਫ ਕਰਕੇ 100 ਤੋਂ 1500 ਰੁਪਏ ਦੀ ਨੌਕਰੀ ਕਰਨ ਲਈ ਮਜ਼ਬੂਰ ਹਾਂ।" ਮੱਠੀ ਪੈਂਦੀ ਆਰਥਿਕ ਰਫ਼ਤਾਰ 'ਚ ਆਟੋ ਉਦਯੋਗ ਲਈ ਜੋ ਹੋਰ ਵੀ ਬੁਰੀ ਖ਼ਬਰ ਹੈ ਉਹ ਇਹ ਹੈ ਕਿ ਇਸ ਨਾਲ ਵਧੇਰੇ ਨੌਕਰੀਆਂ ਜਾਣ ਦਾ ਖ਼ਤਰਾ ਹੈ। ਮੈਂ ਸੰਜੇ ਸਭਰਵਾਲ ਨੂੰ ਮਿਲਿਆ, ਜੋ ਸਪੇਅਰਸ ਪਾਰਸਟ ਦੇ ਨਿਰਮਾਤਾ ਦੇ ਨਾਲ-ਨਾਲ ਕਾਰ ਉਦਯੋਗ ਬਾਡੀ (ACMA) ਦੇ ਜਨਰਲ ਸਕੱਤਰ ਵੀ ਹਨ।

**'ਹਾਲਾਤ ਸੁਧਰਨ ਵਿੱਚ ਸਮਾਂ ਲੱਗੇਗਾ'**

ਸਭਰਵਾਲ ਦਾ ਕਹਿਣਾ ਹੈ, "ਇਸ ਸਾਲ ਕਮੀ ਆਈ ਹੈ, ਹਰ ਇੱਕ ਉਤਪਾਦ ਸਮੂਹ ਜਿਵੇਂ ਦੋਪਹੀਆ ਵਾਹਨ, ਕਾਰਾਂ, ਵਪਾਰਕ ਵਾਹਨਾਂ ਆਦਿ ਨੂੰ ਪ੍ਰਭਾਵਿਤ ਕੀਤਾ ਹੈ। ਜੋ ਹੁਣ ਹੋ ਰਿਹਾ ਹੈ, ਅਜਿਹਾ ਪਹਿਲਾਂ ਕਦੇ ਨਹੀਂ ਹੋਇਆ।" ਹਜ਼ਾਰਾਂ ਲੋਕ ਰੋਜ਼ੀ-ਰੋਟੀ ਲਈ ਫੈਕਟਰੀਆਂ 'ਤੇ ਨਿਰਭਰ ਕਰਦੇ ਹਨ ਪਰ ਅੱਗੇ ਇਸ ਤੋਂ ਵੀ ਬੁਰੀ ਖ਼ਬਰ ਹੋ ਸਕਦੀ ਹੈ। ਰੁਪੇਸ਼ ਕਟਾਰੀਆ ਇੱਕ ਆਟੋ ਪਾਰਸਟ ਦੇ ਨਿਰਮਾਤਾ ਹਨ, ਉਨ੍ਹਾਂ ਕੋਲ ਦੋ ਇਕਾਈਆਂ ਹਨ ਜੋ ਪਿਛਲੇ ਮਹੀਨੇ ਤੋਂ ਸਿਰਫ਼ ਹਫ਼ਤੇ ਲਈ ਚੱਲੀਆਂ ਹਨ। ਤਕਰੀਬਨ ਖਾਲੀ ਪਈ ਫੈਕਟਰੀ ਵਿੱਚ ਬੈਠਿਆਂ ਉਨ੍ਹਾਂ ਨੇ ਕਿਹਾ, "ਜ਼ਿਆਦਾ ਪਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਮਾਰਕਿਟ 'ਚ ਅਚਾਨਕ ਹੀ ਗਿਰਾਵਟ ਆਈ।" "ਮੈਂ ਇਹ ਮੰਨ ਸਕਦਾ ਹਾਂ ਕਿ ਆਰਥਿਕ ਵਿਕਾਸ ਦੀ ਦਰ ਮੱਠੀ ਹੋਣ ਕਰ ਕੇ ਭਾਰੀ ਵਪਾਰਕ ਵਾਹਨਾਂ ਦੀ ਵਿਕਰੀ ਘੱਟ ਹੋ ਗਈ। ਪਰ ਸਸਤੇ ਵਾਹਨ ਜਿਵੇਂ ਕਿ ਮੋਟਰਸਾਈਕਲ, ਆਦਿ ਦੀ ਵਿਕਰੀ ਕਿਉਂ ਘੱਟ ਗਈ ?" ਇਹ ਤਾਂ ਇੰਨੇ ਮਹਿੰਗੇ ਨਹੀਂ ਹੁੰਦੇ। ਇਹ ਮੰਨਣਾ ਪਵੇਗਾ ਕਿ ਹਾਲਾਤ ਸੁਧਰਨ ਵਿੱਚ ਸਮਾਂ ਲੱਗੇਗਾ।" ਕਾਰ ਉਦਯੋਗ ਸੈਕਟਰ ਨੂੰ ਮੁੜ ਸੁਰਜੀਤ ਕਰਨ ਲਈ, ਵਪਾਰੀ ਇਹ ਮੰਗ ਕਰ ਰਹੇ ਹਨ ਕਿ ਟੈਕਸ ਵਿੱਚ ਕਟੌਤੀ ਕੀਤੀ ਜਾਵੇ ਅਤੇ ਡੀਲਰਾਂ ਤੇ ਗਾਹਕਾਂ ਨੂੰ ਅਸਾਨੀ ਨਾਲ ਲੋਨ ਮਿਲ ਜਾਵੇ। ਕੁਝ ਦਾ ਇਹ ਵੀ ਮੰਨਣਾ ਹੈ ਕਿ ਸਰਕਾਰ ਨੂੰ ਇਲੈਕਟਰਿਕ ਵਾਹਨਾਂ ਨੂੰ ਵਧਾਵਾ ਦੇਣ ਦੀ ਸਪੀਡ ਨੂੰ ਹੌਲੀ ਕਰਨਾ ਚਾਹੀਦਾ ਹੈ। ਆਰਥਿਕ ਸਥਿਤੀ ਨੂੰ ਸੁਧਾਰਨ ਲਈ ਸਰਕਾਰ ਨੇ ਹਾਲ ਹੀ ਵਿੱਚ ਕੁਝ ਕਦਮ ਚੁੱਕਣ ਬਾਰੇ ਐਲਾਨ ਕੀਤਾ ਹੈ। ਕਾਰ ਉਦਯੋਗ ਦਾ ਪ੍ਰਦਰਸ਼ਨ ਕਿਸ ਤਰ੍ਹਾਂ ਦਾ ਹੈ ਇਹ ਆਰਥਿਕ ਹਾਲਾਤ ਨੂੰ ਦਰਸਾਉਂਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕਾਰ ਉਦਯੋਗ ਵਿੱਚ ਸਭ ਤੋਂ ਜ਼ਿਆਦਾ ਮੰਦੀ ਆਈ ਹੈ। ਇਸ ਕਾਰਨ ਭਾਰਤ ਦੇ ਆਰਥਿਕ ਹਾਲਾਤ ਬਾਰੇ ਵੀ ਚਿੰਤਾ ਜ਼ਾਹਿਰ ਕੀਤੀ ਜਾ ਰਹੀ ਹੈ।



# ਸਤਿੰਦਰ ਸਰਤਾਜ ਵੱਲੋਂ ਆਪਣੇ ਜਨਮ ਦਿਨ 'ਤੇ ਹੜ੍ਹ ਪੀੜਤਾਂ ਲਈ 11 ਲੱਖ ਦੀ ਮਦਦ ਦਾ



ਚੰਡੀਗੜ੍ਹ : ਪੰਜਾਬੀ ਗਾਇਕ ਗਿੱਪੀ ਗਰੇਵਾਲ, ਮੀਕਾ ਤੋਂ ਬਾਅਦ ਸਤਿੰਦਰ ਸਰਤਾਜ ਵੱਲੋਂ ਵੀ ਹੜ੍ਹ ਪੀੜਤਾਂ ਨੂੰ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ।ਹੜ੍ਹਾਂ ਨਾਲ ਹੋਏ ਖਰਾਬੇ ਅਤੇ ਘਰੋਂ ਬੇਘਰ ਹੋਏ ਪੰਜਾਬ ਵਾਸੀਆਂ ਦੀ ਹਮਾਇਤ ਲਈ ਜਿੱਥੇ ਹੋਰ ਸਮਾਜ ਸੇਵੀ ਸੰਸਥਾਵਾਂ ਅੱਗੇ ਆ ਰਹੀਆਂ ਹਨ, ਉੱਥੇ ਪੰਜਾਬੀ ਇੰਡਸਟਰੀ ਨਾਲ ਜੁੜੇ ਕਲਾਕਾਰ ਵੀ ਖੁੱਲ੍ਹ ਕੇ ਮੱਦਦ ਲਈ ਅੱਗੇ ਵਧੇ ਹਨ। ਗਿੱਪੀ ਗਰੇਵਾਲ, ਮੀਕਾ ਵੱਲੋਂ ਹੜ੍ਹ ਪੀੜਤਾਂ ਦੀ ਮੱਦਦ ਵਿਚ ਜੁਟੀ 'ਖਾਲਸਾ ਏਡ' ਲਈ ਫੰਡ ਭੇਜਿਆ ਹੈ ਉੱਥੇ ਅੱਜ ਪੰਜਾਬੀ ਦੇ ਫਨਕਾਰ ਸਤਿੰਦਰ ਸਰਤਾਜ ਵੱਲੋਂ ਵੀ ਆਪਣੇ ਜਨਮ ਦਿਨ 'ਤੇ ਹੜ੍ਹ ਪੀੜਤਾਂ ਲਈ 11 ਲੱਖ ਰੁਪਏ ਦੀ ਮਦਦ ਕਰਨ ਦਾ ਐਲਾਨ ਕੀਤਾ ਹੈ।ਸਤਿੰਦਰ ਦੇ ਭਰਾ ਕੁਲਤਾਰ ਬਜਰਾਵਰ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਹ ਮਦਦ 'ਸਤਿੰਦਰ ਫਾਊਂਡੇਸ਼ਨ' ਰਾਹੀਂ ਹੜ੍ਹ ਪੀੜਤਾਂ ਕੋਲ ਖੁਦ ਪਹੁੰਚ ਕੇ ਕੀਤੀ ਜਾਵੇਗੀ ।ਉਹਨਾ ਕਿਹਾ ਕਿ ਇਸ ਕੁਦਰਤੀ ਕਰੋਪੀ ਵੇਲੇ ਅਸੀਂ ਜਿੰਨਾ ਵੀ ਕਰ ਸਕੀਏ ਥੋੜ੍ਹਾ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਗਿੱਪੀ ਗਰੇਵਾਲ, ਮੀਕਾ ਨੇ ਖਾਲਸਾ ਏਡ ਨੂੰ ਫੰਡ ਭੇਜੇ ਹਨ ਉੱਥੇ, ਟੀਮ ਦਿਲਜੀਤ ਦੁਸਾਂਝ, ਤਰਸੇਮ ਜੱਸੜ, ਕੁਲਬੀਰ ਝਿੰਜਰ, ਹਿਮਾਂਸੀ ਖੁਰਾਣਾ ਆਦਿ ਖੁਦ ਜਾ ਕੇ ਰਾਸ਼ਨ ਵੰਡ ਕੇ ਆਏ ਹਨ।

# ਲੰਡਨ 'ਚ ਬਲੋਚਾਂ ਨੇ ਕੀਤਾ ਪਾਕਿ ਖ਼ਿਲਾਫ਼ ਮੁਜ਼ਾਹਰਾ

ਲੰਡਨ, 31 ਅਗਸਤ (ਚ.ਨ.ਸ.) : ਪਾਕਿਸਤਾਨ ਦੀਆਂ ਜੇਲ੍ਹਾਂ 'ਚ ਬੰਦ ਬਲੋਚਿਸਤਾਨ ਦੀ ਆਜ਼ਾਦੀ ਦੇ ਸਮਰਥਕ ਹਜ਼ਾਰਾਂ ਸਿਆਸੀ ਵਰਕਰਾਂ ਦੀ ਰਿਹਾਈ ਲਈ ਲੰਡਨ 'ਚ ਵਿਸ਼ਾਲ ਵਿਰੋਧ ਮੁਜ਼ਾਹਰਾ ਹੋਇਆ। ਵੱਡੀ ਗਿਣਤੀ 'ਚ ਬਲੋਚ ਸਿਆਸੀ ਵਰਕਰ ਬਰਤਾਨੀਆ ਦੇ ਪੀਐੱਮ ਬੋਰਿਸ ਜੌਨਸਨ ਦੇ ਨਿਵਾਸ ਦੇ ਬਾਹਰ ਇਕੱਠੇ ਹੋਏ ਤੇ ਉਨ੍ਹਾਂ ਤੋਂ ਇਸ ਮਾਮਲੇ 'ਚ ਦਖ਼ਲ ਦੇਣ ਦੀ ਮੰਗ ਕੀਤੀ। ਲਾਪਤਾ ਲੋਕਾਂ ਦੇ ਕੌਮਾਂਤਰੀ ਦਿਵਸ 'ਤੇ ਹੋਏ ਇਹ ਮੁਜ਼ਾਹਰਾ ਬਲੋਚ ਨੈਸ਼ਨਲ ਮੂਵਮੈਂਟ (ਬੀਐੱਨਐੱਮ) ਦੀ ਬਰਤਾਨੀਆ ਸ਼ਾਖਾ ਨੇ ਕੀਤਾ ਸੀ। ਮੁਜ਼ਾਹਰੇ ਦੌਰਾਨ ਪਾਕਿ ਫ਼ੌਜ ਖ਼ਿਲਾਫ਼ ਨਾਅਰੇ ਲਗਾਏ ਗਏ। ਮੁਜ਼ਾਹਰਾਕਾਰੀਆਂ ਨੇ ਫ਼ੌਜ 'ਤੇ ਬਲੋਚਾਂ ਦੇ ਅਗਵਾ ਤੇ ਉਨ੍ਹਾਂ ਦੀ ਹੱਤਿਆ ਦਾ ਦੋਸ਼ ਲਗਾਇਆ। ਬੀਐੱਨਐੱਮ ਨੇਤਾ ਹਕੀਮ ਬਲੋਚ ਨੇ ਕਿਹਾ, 'ਬਲੋਚ ਮੂਵਮੈਂਟ ਦੇ ਵਰਕਰਾਂ ਨੂੰ ਪਾਕਿਸਤਾਨ ਫ਼ੌਜ ਦੀ ਕਰੂਰਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸੀਂ ਇੱਥੇ ਇਸ ਲਈ ਇਕੱਠੇ ਹੋਏ ਹਾਂ ਤਾਂਕਿ ਦੁਨੀਆ ਨੂੰ ਬਲੋਚ ਲੋਕਾਂ 'ਤੇ ਹੋਣ ਵਾਲੀ ਹਿੰਸਾ ਬਾਰੇ ਦੱਸ ਸਕੀਏ।' ਮੁਜ਼ਾਹਰੇ ਤੋਂ ਬਾਅਦ ਬੀਐੱਨਐੱਮ ਨੇ ਪ੍ਰਧਾਨ ਮੰਤਰੀ ਜੌਨਸਨ ਨੂੰ ਮੰਗ ਪੱਤਰ ਦੇ ਕੇ ਪਾਕਿਸਤਾਨ ਨੂੰ ਦਿੱਤੀ ਜਾ ਰਹੀ ਵਿੱਤੀ ਮਦਦ ਰੋਕਣ ਤੇ ਬਲੋਚਾਂ ਦੀ ਰਿਹਾਈ ਲਈ ਪਾਕਿ 'ਤੇ ਦਬਾਅ ਪਾਉਣ ਦੀ ਮੰਗ ਕੀਤੀ। ਮੰਗ ਪੱਤਰ ਮੁਤਾਬਕ, ਪਾਕਿਸਤਾਨ 'ਚ 20 ਹਜ਼ਾਰ ਤੋਂ ਜ਼ਿਆਦਾ ਮਨੁੱਖੀ ਅਧਿਕਾਰ ਵਰਕਰ, ਅਧਿਆਪਕ, ਪੱਤਰਕਾਰ, ਵਿਦਿਆਰਥੀ, ਵਕੀਲ ਤੇ ਸਿਆਸੀ ਵਰਕਰ ਲਾਪਤਾ ਹੋ ਚੁੱਕੇ ਹਨ। ਛੇ ਹਜ਼ਾਰ ਦੀ ਜਾਂ ਤਾਂ ਹਿਰਾਸਤ 'ਚ ਹੀ ਹੱਤਿਆ ਕਰ ਦਿੱਤੀ ਗਈ ਹੈ ਜਾਂ ਉਨ੍ਹਾਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ। ਮੰਗ ਪੱਤਰ ਰਾਹੀਂ ਮੁਜ਼ਾਹਰਾਕਾਰੀਆਂ ਨੇ ਕਿਹਾ, ਸੰਯੁਕਤ ਰਾਸ਼ਟਰ ਦੇ ਨਾਲ ਹੀ ਸਥਾਨਕ ਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਗਠਨ ਤੇ ਪਾਕਿ ਦਾ ਨਿਆਂ ਤੰਤਰ ਵੀ ਇਹ ਮੰਨਦਾ ਹੈ ਕਿ ਬਲੋਚਾਂ ਦੇ ਗ਼ਾਇਬ ਹੋਣ 'ਚ ਫ਼ੌਜ ਦਾ ਹੱਥ ਹੈ। ਇਸ ਤੋਂ ਬਾਅਦ ਵੀ ਹੁਣ ਤਕ ਨਾ ਤਾਂ ਕਿਸੇ 'ਤੇ ਮੁਕੱਦਮਾ ਚੱਲਿਆ ਤੇ ਨਾ ਹੀ ਕਿਸੇ ਨੂੰ ਸਜ਼ਾ ਹੋਈ।



# 550ਵੇਂ ਪ੍ਰਕਾਸ਼ ਉਤਸਵ ਤੱਕ ਪਾਕਿ ਨਹੀਂ ਕਰ ਸਕੇਗਾ ਕਰਤਾਰਪੁਰ ਸਾਹਿਬ ਲਾਂਘੇ ਦਾ ਪੁਲ ਤਿਆਰ

ਡੇਰਾ ਬਾਬਾ ਨਾਨਕ : ਜੰਮੂ-ਕਸ਼ਮੀਰ 'ਚੋਂ ਧਾਰਾ 370 ਖਤਮ ਕੀਤੇ ਜਾਣ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਆਪਸੀ ਤਣਾਅ ਹੋਰ ਵੀ ਜ਼ਿਆਦਾ ਵੱਧ ਗਿਆ ਹੈ। ਇਸੇ ਦੌਰਾਨ ਸ਼ੁੱਕਰਵਾਰ ਨੂੰ ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਨੇ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਕੁਝ ਤਕਨੀਕੀ ਤੇ ਹੋਰ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਹੋਇਆ। ਦੋਵੇਂ ਧਿਰਾਂ ਨੇ ਕਰਤਾਰਪੁਰ ਸਾਹਿਬ ਲਾਂਘੇ ਵਾਲੀ ਥਾਂ ਉੱਤੇ ਮੀਟਿੰਗ ਕੀਤੀ, ਜਿੱਥੇ ਦੋਵੇਂ ਧਿਰਾਂ ਦੇ 15 ਅਧਿਕਾਰੀ ਮੌਜੂਦ ਸਨ। ਇਹੋ ਲਾਂਘਾ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ 'ਚ ਸ੍ਰੀ ਕਰਤਾਰਪੁਰ ਸਾਹਿਬ ਦੇ ਪਵਿੱਤਰ ਗੁਰਦੁਆਰਾ ਸਾਹਿਬ ਨਾਲ ਭਾਰਤ ਦੇ ਗੁਰਦਾਸਪੁਰ ਜ਼ਿਲ੍ਹੇ ਨੂੰ ਜੋੜੇਗਾ ਤੇ ਸਿੱਖ ਤੀਰਥਯਾਤਰੀ ਇਸ ਗੁਰੂਘਰ ਦੇ ਦਰਸ਼ਨ ਵੀਜ਼ਾ ਲਏ ਬਗ਼ੈਰ ਕਰ ਸਕਣਗੇ। ਸ਼ਰਧਾਲੂਆਂ ਨੂੰ ਕਰਤਾਰਪੁਰ ਸਾਹਿਬ ਗੁਰੂਘਰ ਦੇ ਦਰਸ਼ਨਾਂ ਲਈ ਸਿਰਫ਼ ਇੱਕ ਪਰਮਿਟ ਲੈਣਾ ਹੋਵੇਗਾ। ਇਹ ਗੁਰਦੁਆਰਾ ਸਾਹਿਬ 1522 ਈ. ਵਿੱਚ ਸਥਾਪਤ ਕੀਤਾ ਗਿਆ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਤਲੇ 16 ਵਰ੍ਹੇ ਇਸੇ ਅਸਥਾਨ ਉੱਤੇ ਬਿਤਾਏ ਸਨ।

ਬੀਤੀ 5 ਅਗਸਤ ਨੂੰ ਧਾਰਾ370 ਖਤਮ ਕੀਤੇ ਜਾਣ ਤੋਂ ਬਾਅਦ ਦੋਵੇਂ ਦੇਸ਼ਾਂ ਦੇ ਅਧਿਕਾਰੀਆਂ ਦੀ ਇਹ ਪਹਿਲੀ ਮੀਟਿੰਗ ਸੀ। ਜੋ ਕੱਲ੍ਹ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਚੱਲਦੀ ਰਹੀ। ਇਸ ਮੀਟਿੰਗ ਵਿੱਚ ਕੀ ਗੱਲਬਾਤ ਹੋਈ, ਉਸ ਦੇ ਵੇਰਵੇ ਜੱਗਜ਼ਾਹਿਰ ਨਹੀਂ ਕੀਤੇ ਗਏ। ਉਂਝ ਸੂਤਰਾਂ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਪਾਕਿਸਤਾਨ ਨੇ ਨਵੰਬਰ ਮਹੀਨੇ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਤੱਕ ਰਾਵੀ ਦਰਿਆ ਉੱਤੇ ਕਰਤਾਰਪੁਰ ਸਾਹਿਬ ਲਾਂਘੇ ਲਈ ਲੋੜੀਂਦਾ ਪੁਲ਼ ਉਸਾਰੇ ਜਾਣ ਉੱਤੇ ਅਸਮਰੱਥਾ ਪ੍ਰਗਟਾਈ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਇੰਨਾ ਜ਼ਰੂਰ ਕਿਹਾ ਕਿ ਉਹ ਭਾਰਤੀ ਤੀਰਥਯਾਤਰੀਆਂ/ਸ਼ਰਧਾਲੂਆਂ ਦੇ ਆਉਣ ਜਾਣ ਲਈ ਪੁਲ ਵਾਲੇ ਸਥਾਨ ਦੇ ਨਾਲ ਇੱਕ ਸਰਵਿਸ ਰੋਡ ਬਣਵਾ ਦੇਵੇਗਾ। ਉਂਝ ਭਾਰਤ ਨੇ ਆਪਣੇ ਵਾਲੇ ਪਾਸੇ ਜਿਹੜੇ 100 ਮੀਟਰ ਲੰਮੇ ਪੁੱਲ ਦੀ ਉਸਾਰੀ ਕਰਨੀ ਹੈ, ਉਸ ਦਾ 70 ਫ਼ੀਸਦੀ ਕੰਮ ਪਹਿਲਾਂ ਹੀ ਮੁਕੰਮਲ ਹੋ ਚੁੱਕਿਆ ਹੈ। ਕੱਲ੍ਹ ਦੀ ਮੀਟਿੰਗ ਦੌਰਾਨ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਅਸਲ ਤਰੀਕ ਅਤੇ ਸ਼ਰਧਾਲੂਆਂ ਲਈ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਉਣ ਬਾਰੇ ਵੀ ਵਿਚਾਰ ਵਟਾਂਦਰਾ ਹੋਇਆ। ਇਸ ਤੋਂ ਪਹਿਲਾਂ ਬੀਤੀ 14 ਜੁਲਾਈ ਨੂੰ ਅਜਿਹੀ ਇੱਕ ਮੀਟਿੰਗ ਹੋਈ ਸੀ।



# ਕਸ਼ਮੀਰ ਤਣਾਅ ‘ਤੇ ਪਾਕਿਸਾਤਨ ਸਰਕਾਰ ਨੇ ਟਵੀਟ ਕੀਤੀ ਕਠੂਆ ਰੇਪ ਪੀੜਤਾ ਦੀ ਫੋਟੋ



ਪਾਕਿਸਤਾਨ ਸਰਕਾਰ ਨੇ ‘ਕਠੂਆ ਗੈਂਗ ਰੇਪ ਅਤੇ ਮਰਡਰ ਕੇਸ’ ਦੀ ਪੀੜਤ ਬੱਚੀ ਦੀ ਤਸਵੀਰ ਦੀ ਵਰਤੋਂ ਕਰਕੇ ਅਪੀਲ ਕੀਤੀ ਹੈ ਕਿ ਭਾਰਤ-ਸ਼ਾਸਿਤ ਕਸ਼ਮੀਰ ਵਿੱਚ ਹੋ ਰਹੀ ਨਸਲਕੁਸ਼ੀ ਨੂੰ ਰੋਕਣ ਲਈ ਕੌਮਾਂਤਰੀ ਸੰਗਠਨ ਨੇ ਕੁਝ ਕਦਮ ਚੁੱਕੇ। ਤਕਰੀਬਨ 19 ਮਹੀਨੇ ਪੁਰਾਣੀ ਇਸ ਫੋਟੋ ਨਾਲ ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਲਿਖਿਆ ਕਿ “ਕੌਮਾਂਤਰੀ ਭਾਈਚਾਰੇ ਨੂੰ ਭਾਰਤ-ਸ਼ਾਸਿਤ ਕਸ਼ਮੀਰ ਵਿੱਚ ਕਸ਼ਮੀਰੀਆਂ ਦੀ ਨਸਲਕੁਸ਼ੀ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਮਹਿਰੂਮ ਕਰ ਦਿੱਤਾ ਗਿਆ ਹੈ ਅਤੇ ਜੋ ਫਾਸੀਵਾਦੀ ਭਾਰਤ ਸਰਕਾਰ ਵੱਲੋਂ ਲਗਾਏ ਗਏ ਅਣਮਨੁੱਖੀ ਕਰਫਿਊ ਕਾਰਨ ਆਪਣੇ ਘਰਾਂ ਵਿੱਚ ਫਸ ਗਏ ਹਨ। ਪਾਕਿਸਤਾਨ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਪੀਲ ‘ਤੇ ਭਾਰਤ-ਸ਼ਾਸਿਤ ਕਸ਼ਮੀਰ ਦੇ ਲੋਕਾਂ ਨਾਲ ਇੱਕਜੁਟਤਾ ਦਿਖਾਉਣ ਲਈ ਸ਼ੁੱਕਰਵਾਰ, 30 ਅਗਸਤ 2019 ਨੂੰ ਦੁਪਹਿਰ 12 ਵਜੇ ਤੋਂ ਦੁਪਹਿਰ 12.30 ਵਜੇ ਤੱਕ ‘ਕਸ਼ਮੀਰ ਆਵਰ’ ਮਨਾਇਆ। ਇਸ ਦੇ ਨਾਲ ਹੀ ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਕਠੂਆ ਸਮੂਹਿਕ ਬਲਾਤਕਾਰ ਦੀ ਪੀੜਤਾ ਦੀ ਇਸ ਤਸਵੀਰ ਨੂੰ ਦੁਪਹਿਰ 3 ਵਜੇ ਟਵੀਟ ਕੀਤਾ, ਜਿਸ ਦੇ ਨਾਲ ਭਾਰਤ-ਸ਼ਾਸਿਤ ਕਸ਼ਮੀਰ ਵਿਚ ਮੌਜੂਦਾ ਤਣਾਅ ਦਾ ਜ਼ਿਕਰ ਕੀਤਾ ਗਿਆ ਹੈ।

## ਕਠੂਆ ਗੈਂਗ ਰੇਪ ਦਾ ਕੇਸ

ਜੰਮੂ-ਕਸ਼ਮੀਰ ਦੇ ਕਠੂਆ ਜ਼ਿਲ੍ਹੇ ਵਿੱਚ ਜਨਵਰੀ 2018 ਵਿੱਚ ਬਕਰਵਾਲ ਭਾਈਚਾਰੇ ਨਾਲ ਸਬੰਧਤ ਇੱਕ ਅੱਠ ਸਾਲ ਦੀ ਬੱਚੀ ਨਾਲ ਗੈਂਗ ਰੇਪ, ਤਸ਼ੱਦਦ ਅਤੇ ਕਤਲ ਦੇ ਕੇਸ ਵਿੱਚ ਛੇ ਦੋਸ਼ੀਆਂ ਵਿੱਚੋਂ ਤਿੰਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਗੈਂਗਰੇਪ ਤੋਂ ਬਾਅਦ ਦੇਸ ਭਰ ਵਿੱਚ ਗੁੱਸਾ ਦੇਖਿਆ ਗਿਆ ਸੀ। ਸਾਬਕਾ ਸਰਕਾਰੀ ਅਧਿਕਾਰੀ ਸਾਂਜੀ ਰਾਮ ਨੂੰ ਇਸ ਕੇਸ ਦਾ ਮਾਸਟਰਮਾਈਂਡ ਮੰਨਿਆ ਜਾ ਰਿਹਾ ਸੀ। ਪਠਾਨਕੋਟ ਦੀ ਫਾਸਟ ਟਰੈਕ ਅਦਾਲਤ ਨੇ ਵੀ ਸਾਂਜੀ ਰਾਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਸਾਂਜੀ ਰਾਮ ਦੇ ਬੇਟੇ ਨੂੰ ਸਬੂਤਾਂ ਦੀ ਘਾਟ ਕਾਰਨ ਅਦਾਲਤ ਨੇ ਰਿਹਾ ਕਰ ਦਿੱਤਾ ਸੀ। ਇਸਦੇ ਨਾਲ ਹੀ ਦੋ ਪੁਲਿਸ ਮੁਲਾਜ਼ਮਾਂ ਨੂੰ ਵੀ ਪੰਜ-ਪੰਜ ਸਾਲ ਕੈਦ ਦੀ ਸਜਾ ਸੁਣਾਈ ਗਈ ਸੀ। ਸਾਂਜੀ ਰਾਮ ਤੋਂ ਇਲਾਵਾ ਪਰਵੇਸ਼ ਕੁਮਾਰ, ਦੋ ਵਿਸ਼ੇਸ਼ ਪੁਲਿਸ ਅਧਿਕਾਰੀ ਦੀਪਕ ਕੁਮਾਰ ਅਤੇ ਸੁਰੇਂਦਰ ਵਰਮਾ, ਹੈੱਡ ਕਾਂਸਟੇਬਲ ਤਿਲਕ ਰਾਜ ਅਤੇ ਸਬ-ਇੰਸਪੈਕਟਰ ਆਨੰਦ ਦੱਤਾ ਨੂੰ ਇਸ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਸਬੂਤ ਮਿਟਾਉਣ ਲਈ ਦੋਸ਼ੀ ਠਹਿਰਾਇਆ ਗਿਆ ਸੀ।ਪਠਾਨਕੋਟ ਦੀ ਫ਼ਾਸਟ ਟਰੈਕ ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਪੀੜਤ ਕੁੜੀ ਦੀ ਮਾਂ ਨੇ ਮੁੱਖ ਮੁਲਜ਼ਮ ਸਾਂਜੀ ਰਾਮ ਨੂੰ ਫਾਂਸੀ ਦੀ ਮੰਗ ਕੀਤੀ ਸੀ। ਜੁਲਾਈ 2019 ਵਿੱਚ ਕੁਝ ਦੋਸ਼ੀਆਂ ਨੇ ਹੇਠਲੀ ਅਦਾਲਤ ਦੇ ਇਸ ਫ਼ੈਸਲੇ ਵਿਰੁੱਧ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਸੀ, ਜਿਸਦੀ ਸੁਣਵਾਈ 11 ਸਤੰਬਰ, 2019 ਨੂੰ ਹੋਣੀ ਹੈ।



**ਮੌਜੂਦਾ ਤਣਾਅ ਨਾਲ ਸਬੰਧਤ ਨਹੀਂ**

ਰਿਵਰਸ ਇਮੇਜ ਸਰਚ ਤੋਂ ਪਤਾ ਚੱਲਦਾ ਹੈ ਕਿ ਕਠੂਆ ਸਮੂਹਿਕ ਬਲਾਤਕਾਰ ਪੀੜਤਾ ਦੀ ਇਹ ਫੋਟੋ ਫਰਵਰੀ ਤੋਂ ਅਪ੍ਰੈਲ 2018 ਵਿਚਾਲੇ ਕਈ ਵੈਬਸਾਈਟਾਂ ਦੁਆਰਾ ਵਰਤੀ ਗਈ ਸੀ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਸੋਸ਼ਲ ਮੀਡੀਆ ‘ਤੇ ਵੀ ਪੋਸਟ ਕੀਤਾ ਸੀ। ਯੂ-ਟਿਊਬ ‘ਤੇ ਪੀੜਤਾ ਦੇ ਨਾਮ ਤੋਂ ਸਰਚ ਕਰਨ ‘ਤੇ ਉਸਦੀ ਲਾਸ਼ ਦੇ ਕਈ ਵੀਡੀਓ ਸਾਨੂੰ ਮਿਲੇ ਜੋ ਕਿ ਅਪ੍ਰੈਲ 2018 ਵਿੱਚ ਪੋਸਟ ਕੀਤੇ ਗਏ ਸਨ। ਇਸ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਇਹ ਤਸਵੀਰ ਭਾਰਤ-ਸ਼ਾਸਿਤ ਕਸ਼ਮੀਰ ਵਿੱਚ ਮੌਜੂਦਾ ਤਣਾਅ ਦੀ ਸਥਿਤੀ ਨਾਲ ਸਬੰਧਤ ਨਹੀਂ ਹੈ। ਪਰ ਇਹ ਤਸਵੀਰ ਕਠੂਆ ਗੈਂਗ ਰੇਪ ਦੀ ਪੀੜਤਾ ਦੀ ਹੀ ਹੈ। ਪੀੜਤਾ ਦੀ ਵਕੀਲ ਮੁਬਿਨ ਫਾਰੂਕੀ ਖ਼ਾਨ ਨਾਲ ਗੱਲ ਕਰਨ ਤੋਂ ਬਾਅਦ ਅਸੀਂ ਇਸ ਦੀ ਪੁਸ਼ਟੀ ਕੀਤੀ ਹੈ।

## ਯੂਰਪੀ ਸੰਸਦ ਨੇ ਧਾਰਾ 370 ’ਤੇ ਦਿੱਤਾ ਭਾਰਤ ਨੂੰ ਸਮਰਥਨ

ਯੂਰਪੀ ਯੂਨੀਅਨ : ਭਾਰਤ ਸਰਕਾਰ ਦੇ ਜੰਮੂ-ਕਸ਼ਮੀਰ ਵਿਚੋਂ ਧਾਰਾ 370 ਹਟਾਉਣ ਨੂੰ ਲੈ ਕੇ ਦੁਨੀਆ ਭਰ ਦੇ ਦੇਸ਼ਾਂ ਨੇ ਭਾਰਤ ਦੇ ਇਸ ਕਦਮ ਨੂੰ ਸਮਰਥਨ ਦਿੱਤਾ ਹੈ। ਹੁਣ ਯੂਰਪੀ ਸੰਸਦ ਦੇ ਮੈਂਬਰਾਂ ਨੇ ਵੀ ਸਰਕਾਰ ਦੇ ਇਸ ਕਦਮ ਨੂੰ ਸਮਰਥਨ ਦਿੱਤਾ ਹੈ। ਧਾਰਾ 370 ਦਾ ਮਾਮਲਾ ਯੂਰਪੀ ਸੰਸਦ ਵਿਚ ਵੀ ਉੱਠਿਆ ਹੈ। ਸੰਸਦ ਵਿਚ ਭਾਰਤ ਦੇ ਇਸ ਫੈਸਲੇ ਨੂੰ ਸਮਰਥਨ ਮਿਲਿਆ ਹੈ। ਈ.ਪੀ. ਦੇ ਮੈਂਬਰ ਟਾਮਸ ਜ਼ੋਕੋਵਸਕੀ ਨੇ ਇਸ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਦੱਸਦਿਆਂ ਕਿਹਾ ਕਿ ਧਾਰਾ 370 ਦੇ ਖਤਮ ਹੋਣ ਨਾਲ ਕਸ਼ਮੀਰ ਵਿਚ ਅੱਤਵਾਦ ਖਤਮ ਕਰਨ ਵਿਚ ਮਦਦ ਮਿਲੇਗੀ। ਅਖਬਾਰ ਮੁਤਾਬਕ ਟਾਮਸ ਨੇ ਕਿਹਾ,”ਕੁਝ ਅੱਤਵਾਦੀ ਸੰਗਠਨ ਕਸ਼ਮੀਰ ਘਾਟੀ ਅਤੇ ਪਾਕਿ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿਚ ਅੱਤਵਾਦ ਫੈਲਾ ਰਹੇ ਹਨ। ਇਹ ਅੱਤਵਾਦੀ ਸੰਗਠਨ ਕਥਿਤ ਰੂਪ ਨਾਲ ਜੰਮੂ-ਕਸ਼ਮੀਰ ਵਿਚ ਰਾਜਨੀਤਕ ਸੰਗਠਨਾਂ ਨਾਲ ਜੁੜੇ ਲੋਕਾਂ ’ਤੇ ਹਮਲੇ ਲਈ ਜ਼ਿੰਮੇਵਾਰ ਹਨ ਸੰਯੁਕਤ ਰਾਸ਼ਟਰ ਮੁਤਾਬਕ 1990 ਤੋਂ ਲੈ ਕੇ ਹੁਣ ਤੱਕ ਕਸ਼ਮੀਰ ਵਿਚ ਕਈ ਅੱਤਵਾਦੀ ਸੰਗਠਨ ਬਣੇ ਹਨ। ਵਰਤਮਾਨ ਸਮੇਂ ਵਿਚ 4 ਵੱਡੇ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਹਿਜ਼ਬੁੱਲ ਮੁਜ਼ਾਹੀਦੀਨ ਅਤੇ ਹਰਕਤ-ਉਲ-ਮੁਜ਼ਾਹੀਦੀਨ ਦੀ ਸਰਗਰਮੀ ਸਭ ਤੋਂ ਜ਼ਿਆਦਾ ਹੈ। ਇਨ੍ਹਾਂ ਸਾਰੇ ਅੱਤਵਾਦੀ ਸੰਗਠਨਾਂ ਨੂੰ ਪਾਕਿਸਤਾਨ ਦਾ ਸਮਰਥਨ ਪ੍ਰਾਪਤ ਹੈ।

## ਐਨ.ਆਰ.ਆਈਜ਼ ਵੀ ਬੰਨ ਬੰਨਣ ਦੀ ਸੇਵਾ ਵਿੱਚ

### ਨੌਜਵਾਨਾਂ ਦੇ ਜੋਸ਼ ਨੇ ਮੋੜਿਆ ਸਤਲੁਜ ਦਾ ਵਹਿਣ : ਸੰਤ ਸੀਚੇਵਾਲ





ਸੁਲਤਾਨਪੁਰ ਲੋਧੀ : ਜਾਣੀਆਂ ਚਾਹਲ ਦੇ ਸਭ ਤੋਂ ਵੱਡੇ ਪਾੜ ਨੂੰ ਬੰਨਣ ਵਿੱਚ ਡਟੇ ਹੋਏ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਇਹ ਨੌਜਵਾਨਾਂ ਦਾ ਜੋਸ਼ ਹੀ ਸੀ ਜਿਸ ਨੇ ਸਤਲੁਜ ਦਰਿਆ ਦੇ ਵਹਿਣ ਨੂੰ ਮੋੜਿਆ ਹੈ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਜਿੱਥੇ ਪੰਜਾਬ ਭਰ ਤੋਂ ਨੌਜਵਾਨ ਵਰਗ ਸਤਲੁਜ ਦੇ ਧੁੰਸੀ ਬੰਨ ਨੂੰ ਬੰਨਣ ਦੀ ਸੇਵਾ ਨਿਭਾਅ ਰਹੇ ਹਨ ਉਥੇ ਵਿਦੇਸ਼ ਤੋਂ ਆਏ ਨੌਜਵਾਨ ਵੀ ਆਪਣੇ ਮੋਢਿਆਂ ’ਤੇ ਰੇਤਾਂ ਦੇ ਬੋਰੇ ਦਿਨ ਰਾਤ ਢੋਹ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੇ ਅੱਜ ਵੀ ਸਾਬਤ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਸਹੀ ਸੇਧ ਦੀ ਲੋੜ ਹੈ ਉਹ ਕਿਸੇ ਵੀ ਅਸੰਭਵ ਕੰਮ ਨੂੰ ਸੰਭਵ ਬਣਾਉਣ ਦੀ ਸਮਰੱਥਾ ਰੱਖਦੇ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਜਾਣੀਆ ਚਾਹਲ ਵਾਲੇ ਪਾੜ ਦੇ ਦੂਜੇ ਪਾਸੇ ਦੀ ਸੇਵਾ ਇੱਕ ਦਿਨ ਪਹਿਲਾਂ ਹੀ ਆਰੰਭ ਕੀਤੀ ਸੀ ਤੇ ਨੌਜਵਾਨਾਂ ਦੇ ਜੋਸ਼ ’ਤੇ ਜ਼ਜ਼ਬੇ ਨਾਲ ਕੀਤੇ ਕੰਮਾਂ ਸਦਕਾ ਇਹ ਪਾੜ ਪੂਰਨ ਵਾਲੇ ਪਾਸੇ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵਿੱਚ ਤਾਕਤ ਬਿਜਲੀ ਵਰਗੀ ਹੁੰਦੀ ਹੈ ਇਸ ਨੂੰ ਵਰਤਣ ਦੀ ਸੋਝੀ ਹੋਣੀ ਚਾਹੀਦੀ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪੰਜਾਬ ਦੀ ਜਵਾਨੀ ’ਤੇ ਮਾਣ ਕਰਨਾ ਚਾਹੀਦਾ ਹੈ ਤੇ ਇਨ੍ਹਾਂ ਦੀ ਸੋਚ ਨੂੰ ਸਾਰਥਿਕ ਪਾਸੇ ਲਗਾਉਣ ਦੀ ਸਖਤ ਲੋੜ ਹੈ। ਇੰਗਲੈਂਡ ਤੋਂ ਆਏ ਪੂਨੀਆਂ ਪਿੰਡ ਦੇ ਨਰਿੰਦਰ ਸਿੰਘ ਨੇ ਕਿਹਾ ਕਿ ਉਹ 13 ਸਾਲਾਂ ਬਾਅਦ ਵਾਪਸ ਪੰਜਾਬ ਆਇਆ ਸੀ ਤੇ ਆਉਂਦਿਆ ਹੀ ਹੜ੍ਹ ਨਾਲ ਝੂਜਣਾ ਪੈ ਗਿਆ। ਉਹ ਪਿੱਛਲੇ ਇੱਕ ਹਫਤੇ ਤੋਂ ਲਗਾਤਾਰ ਸੰਤ ਸੀਚੇਵਾਲ ਵਾਲਿਆ ਦੀ ਅਗਵਾਈ ਹੇਠ ਕੰਮ ਕਰ ਰਿਹਾ ਹੈ ਜਿੰਨ੍ਹਾਂ ਨੇ ਨੌਜਵਾਨਾਂ ਵਿੱਚ ਕਿਰਤ ਦੇ ਸੰਕਲਪ ਨੂੰ ਉਭਾਰਿਆ ਹੈ। ਕਨੇਡਾ ਤੋਂ ਆਏ ਸੁਖੀ ਬਾਠ ਨੇ ਵੀ ਇਸ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕਰਕੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਸਰਕਾਰੀ ਮੱਦਦ ਦੀ ਉਡੀਕ ਕੀਤੇ ਬਿਨ੍ਹਾਂ ਜਿਸ ਢੰਗ ਨਾਲ ਕੰਮ ਕਰ ਰਹੇ ਹਨ ਉਸ ਢੰਗ ਨਾਲ ਇਹ ਬੰਨ੍ਹ ਜਲਦੀ ਹੀ ਮੁੰਕਮਲ ਹੋ ਜਾਵੇਗਾ।

## ਬੱਚੇ ਪੈਦਾ ਨਾ ਕਰਨ ’ਤੇ ਸਾਂਸਦ ਨੇ ਮਹਿਲਾ ਪ੍ਰੋਫੈਸਰ ਨੂੰ

ਸਿਓਲ : ਦੱਖਣੀ ਕੋਰੀਆ ਦੇ ਇਕ ਸਾਂਸਦ ਨੇ ਸੋਮਵਾਰ ਨੂੰ ਇਕ ਮਹਿਲਾ ਪ੍ਰੋਫੈਸਰ ਨੂੰ ਲੈ ਕੇ ਬਹੁਤ ਅਜੀਬ ਬਿਆਨ ਦਿੱਤਾ। ਸਾਂਸਦ ਨੇ ਮਹਿਲਾ ਨੂੰ ਕਿਹਾ ਕਿ ਉਸ ਨੇ ਕਿਸੇ ਬੱਚੇ ਨੂੰ ਜਨਮ ਨਾ ਦੇ ਕੇ ਦੇਸ਼ ਦੇ ਪ੍ਰਤੀ ਆਪਣੇ ਫਰਜ਼ ਨੂੰ ਪੂਰਾ ਨਹੀਂ ਕੀਤਾ। ਭਾਵੇਂ ਦੱਖਣੀ ਕੋਰੀਆ ਤਕਨੀਕ ਅਤੇ ਆਰਥਿਕ ਰੂਪ ਨਾਲ ਉੱਨਤ ਹੋਵੇ ਪਰ ਸਮਾਜ ਵਿਚ ਹਾਲੇ ਵੀ ਪਿੱਤਰਵਾਦੀ ਸੋਚ ਕਾਇਮ ਹੈ। ਉੱਧਰ ਦੇਸ਼ ਵਿਚ ਬੱਚੇ ਦੇ ਪਾਲਣ-ਪੋਸ਼ਣ ’ਤੇ ਆਉਣ ਵਾਲੇ ਖਰਚ ਅਤੇ ਆਪਣੇ ਕਰੀਅਰ ਨੂੰ ਦੇਖਦਿਆਂ ਬੱਚਿਆਂ ਨੂੰ ਜਨਮ ਨਾ ਦੇਣ ਦੀ ਸੋਚ ਰੱਖਣ ਵਾਲੀਆਂ ਔਰਤਾਂ ਦੀ ਗਿਣਤੀ ਵੱਧ ਰਹੀ ਹੈ। ਸਰਕਾਰ ਜਨਮ ਦਰ ਵਧਾਉਣ ਲਈ 2005 ਤੋਂ ਕਰੋੜਾਂ ਡਾਲਰ ਖਰਚ ਕਰ ਚੁੱਕੀ ਹੈ। ਦੱਖਣੀ ਕੋਰੀਆ ਘੱਟ ਜਨਮ ਦਰ ਵਾਲੇ ਦੇਸ਼ਾਂ ਵਿਚੋਂ ਇਕ ਹੈ। ਇਕ ਸਮਾਚਾਰ ਏਜੰਸੀ ਮੁਤਾਬਕ ਇੱਥੇ ਵਿਰੋਧੀ ਲਿਬਰਟੀ ਕੋਰੀਆ ਪਾਰਟੀ ਦੇ 5 ਬਾਰ ਦੇ ਸਾਂਸਦ ਜਿਓਂਗ ਕਾਬ-ਯੂਨ ਨੇ ਇਕ ਅਣਵਿਆਹੀ ਮਹਿਲਾ ਪ੍ਰੋਫੈਸਰ ਜੌ ਸੁੰਗ ਵੁਕ ਨੂੰ ਕਿਸੇ ਬੱਚੇ ਨੂੰ ਜਨਮ ਨਾ ਦੇਣ ਕਾਰਨ ਝਿੜਕ ਦਿੱਤਾ। ਵੁਕ ਕਰੀਬ 50 ਸਾਲ ਦੀ ਹੈ। ‘ਫੇਅਰ ਟਰੇਡ ਕਮਿਸ਼ਨ’ ਦੇ ਪ੍ਰਮੁੱਖ ਅਹੁਦੇ ’ਤੇ ਨਿਯੁਕਤੀ ਲਈ ਵੁਕ ਦੀ ਸੁਣਵਾਈ ਹੋ ਰਹੀ ਸੀ।

# ਸਕੂਲ ਵਿੱਚ ਲੂਣ ਨਾਲ ਰੋਟੀ ਮਿਲਣ ਦੀ ਖ਼ਬਰ ਨਸ਼ਰ ਕਰਨ ਵਾਲੇ ਪੱਤਰਕਾਰ ਖ਼ਿਲਾਫ ਕੇਸ ਦਰਜ



ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਵਿੱਚ ਪੁਲਿਸ ਨੇ ਮਿਡ ਡੇ ਮੀਲ ਵਿੱਚ ਬੱਚਿਆਂ ਨੂੰ ਲੂਣ ਨਾਲ ਰੋਟੀ ਖਵਾਏ ਜਾਣ ਦੀ ਖ਼ਬਰ ਦੇਣ ਵਾਲੇ ਸਥਾਨਕ ਪੱਤਰਕਾਰ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪ੍ਰਸ਼ਾਸਨ ਦਾ ਇਲਜ਼ਾਮ ਹੈ ਕਿ ਪੱਤਰਕਾਰ ਪਵਨ ਜਾਇਸਵਾਲ ਨੇ ਸਾਜ਼ਿਸ਼ ਦੇ ਤਹਿਤ ਉੱਤਰ ਪ੍ਰਦੇਸ਼ ਪ੍ਰਸ਼ਾਸਨ ਨੂੰ ਬਦਨਾਮ ਕੀਤਾ ਹੈ। ਮਿਰਜ਼ਾਪੁਰ ਦੇ ਐਸਐਸਪੀ ਅਵਧੇਸ਼ ਕੁਮਾਰ ਪਾਂਡੇ ਨੇ ਕਿਹਾ, “ਜ਼ਿਲ੍ਹਾ ਅਧਿਕਾਰੀ ਵੱਲੋਂ ਜਾਂਚ ਕਰਵਾਏ ਜਾਣ ਤੋਂ ਬਾਅਦ ਪੱਤਰਕਾਰ ਪਵਨ ਜਾਇਸਵਾਲ ਸਣੇ ਤਿੰਨ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।“ ਉਨ੍ਹਾਂ ਨੇ ਕਿਹਾ, “ਪੁਲਿਸ ਅੱਗੇ ਜਾਂਚ ਕਰ ਰਹੀ ਹੈ। ਇਸ ਸਬੰਧ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।“ ਇੱਕ ਸਥਾਨਕ ਹਿੰਦੀ ਅਖ਼ਬਾਰ ਲਈ ਕੰਮ ਕਰਨ ਵਾਲੇ ਪੱਤਰਕਾਰ ਪਵਨ ਜਾਇਸਵਾਲ ਨੇ ਬੀਬੀਸੀ ਨੂੰ ਦੱਸਿਆ, “ਮੈਨੂੰ ਮੇਰਾ ਕੰਮ ਕਰਨ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਐਫਆਈਆਰ ਦਰਜ ਹੋਣ ਤੋਂ ਬਾਅਦ ਡਰ ਲਗ ਰਿਹਾ ਹੈ।“ ਪਵਨ ‘ਤੇ ਅਪਰਾਧਿਕ ਸਾਜ਼ਿਸ਼ ਅਤੇ ਧੋਖਾਧੜੀ ਦੇ ਇਲਜ਼ਾਮਾਂ ਤਹਿਤ ਐਫਆਈਆਰ ਕੀਤੀ ਗਈ ਹੈ। ਹਾਲਾਂਕਿ ਉਨ੍ਹਾਂ ਨੂੰ ਅਜੇ ਤੱਕ ਆਪਣੇ ‘ਤੇ ਹੋਈ ਐਫਆਈਆਰ ਦੀ ਕਾਪੀ ਨਹੀਂ ਮਿਲੀ। ਪਵਨ ਨੇ ਮਿਰਜ਼ਾਪੁਰ ਜ਼ਿਲ੍ਹੇ ਦੇ ਜ਼ਮਾਲਪੁਰ ਵਿਕਾਸਖੰਡ ਦੇ ਪ੍ਰਾਥਮਿਕ ਵਿਦਿਆਲਿਆ ਸ਼ਿਉਰ ਵਿੱਚ ਵਿਦਿਆਰਥੀਆਂ ਦੇ ਮਿਡ ਡੇ ਮੀਲ ਵਿੱਚ ਲੂਣ ਨਾਲ ਰੋਟੀ ਖਾਂਦਿਆਂ ਹੋਇਆ ਵੀਡੀਓ ਰਿਕਾਰਡ ਕੀਤਾ ਸੀ।

## ‘ਸੰਦੇਸ਼ ਦੇਣ ਵਾਲੇ ਨੂੰ ਗੋਲੀ ਮਾਰਨ ਵਾਂਗ’

ਖ਼ਬਰ ਏਜੰਸੀ ਪੀਟੀਆਈ ਮੁਤਾਬਕ ਐਡੀਟਰਸ ਗਿਲਡ ਆਫ ਇੰਡੀਆ ਨੇ ਪੱਤਰਕਾਰ ਖ਼ਿਲਾਫ਼ ਕੇਸ ਦਰਜ ਕਰਨ ਵਾਲੇ ਮਾਮਲੇ ਨੂੰ “ਬੇਰਹਿਮ“ ਅਤੇ “ਸੰਦੇਸ਼ ਦੇਣ ਵਾਲੇ ਨੂੰ ਗੋਲੀ ਮਾਰਨ ਵਾਂਗ“ ਦੱਸਿਆ ਹੈ। ਆਪਣੇ ਬਿਆਨ ਵਿੱਚ ਐਡੀਟਰਜ਼ ਗਿਲਡ ਨੇ ਪਵਨ ਜਾਇਸਵਾਲ ਖ਼ਿਲਾਫ਼ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕਰਨ ਦੀ ਨਿੰਦਾ ਕੀਤੀ ਹੈ। ਗਿਲਡ ਨੇ ਕਿਹਾ, “ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕਤਾਂਤਰਿਕ ਸਮਾਜ ਵਿੱਚ ਪੱਤਰਕਾਰ ਕਿੰਨੇ ਆਜ਼ਾਦ ਤੇ ਨਿਡਰ ਹਨ।“ ਗਿਲਡ ਨੇ ਕਿਹਾ, “ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਜ਼ਮੀਨ ਤੇ ਜੋ ਗਲਤ ਹੋ ਰਿਹਾ ਹੈ ਉਸ ਨੂੰ ਠੀਕ ਕਰਨ ਦੀ ਥਾਂ ਸਰਕਾਰ ਨੇ ਪੱਤਰਕਾਰ ਖ਼ਿਲਾਫ ਕੇਸ ਦਰਜ ਕਰ ਦਿੱਤਾ ਹੈ।“ “ਜੇ ਸਰਕਾਰ ਨੂੰ ਲਗਦਾ ਹੈ ਕਿ ਪੱਤਰਕਾਰ ਦੀ ਰਿਪੋਰਟ ਗਲਤ ਹੈ, ਤਾਂ ਉਨ੍ਹਾਂ ਕੋਲ ਇਸ ਨਾਲ ਨਿਪਟਨ ਦੇ ਹੋਰ ਵੀ ਤਰੀਕੇ ਹਨ। ਕੇਸ ਦਰਜ ਕਰਨਾ ਸਹੀ ਨਹੀਂ ਸੀ।“



PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# ਹਰ ਕਿਸੇ 'ਤੇ ਲਾਉਣਾ ਅੱਤਵਾਦ ਦਾ 'ਟੈਗ' , ਠੀਕ ਨਹੀਂ

ਮੋਦੀ ਸਰਕਾਰ ਨੇ ਅਜਿਹਾ ਕਾਨੂੰਨ ਬਣਾ ਦਿੱਤਾ ਹੈ ਕਿ ਹੁਣ ਜਿਸ ਨੂੰ ਚਾਹੇ ਸਰਕਾਰ ਅੱਤਵਾਦੀ ਐਲਾਨ ਸਕਦੀ ਹੈ। ਭਲੇ ਮਾਨਸ ਬੰਦਿਆਂ ਨੂੰ ਹੁਣ ਸੰਘਰਸ਼ ਕਰਨਾ ਵੀ ਮਹਿੰਗਾ ਪੈ ਸਕਦਾ ਹੈ, ਕਿਉਂਕਿ ਉਹ ਸਰਕਾਰ ਦੇ ਵਿਰੁੱਧ ਬੋਲਣਗੇ ਅਤੇ ਸਰਕਾਰ ਦੇ ਵਿਰੁੱਧ ਬੋਲਣ ਵਾਲਾ ਦੇਸ਼ ਧਿਰੋਹੀ ਜਾਂ ਫਿਰ ਅੱਤਵਾਦੀ ਹੀ ਕਹਿਲਵਾਇਆ ਜਾਵੇਗਾ। ਪਰ ਜੇਕਰ ਇਸ ਮਸਲੇ ਨੂੰ ਤਰਕ ਦੀ ਨਿਗਾਹ ਨਾਲ ਵੇਖੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਸਰਕਾਰ ਆਖ਼ਿਰ ਚਾਹੁੰਦੀ ਕੀ ਹੈ ? ਕੀ ਕਰਨਾ ਚਾਹੀਦਾ ਹੈ ? ਸਰਕਾਰ ਕਿਉਂ ਅਜਿਹਾ ਕਰ ਰਹੀ ਹੈ ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਸਾਨੂੰ ਤਰਕ ਕੀਤਿਆਂ ਹੀ ਮਿਲ ਜਾਣਗੇ। ਦਰਅਸਲ, ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਦੇ ਵੱਲੋਂ ਕਸ਼ਮੀਰ ਵਿੱਚ ਰਹਿਣ ਵਾਲੇ ਹਰ ਨਾਗਰਿਕ ਨੂੰ ਹੀ ਅੱਤਵਾਦੀ ਕਿਹਾ ਜਾਂਦਾ ਸੀ ਅਤੇ ਜਦੋਂ ਵੀ ਕੋਈ ਹਮਲਾ ਹੁੰਦਾ ਸੀ ਤਾਂ ਸਿੱਧੇ ਤੌਰ 'ਤੇ ਹੀ ਇਹ ਦੋਸ਼ ਲਗਾ ਦਿੱਤਾ ਜਾਂਦਾ ਸੀ ਕਿ ਕਸ਼ਮੀਰੀ ਅੱਤਵਾਦੀਆਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ। ਭਾਵੇਂ ਹੀ ਦੂਜੇ ਭਾਰਤੀ ਮੁੰਡੇ ਕੁੜੀਆਂ ਦੀ ਤਰ੍ਹਾਂ ਕਸ਼ਮੀਰੀ ਵੀ ਮਿਹਨਤੀ ਅਤੇ ਪੜ੍ਹਾਈ ਕਰਨ ਵਾਲੇ ਹਨ। ਪਰ ਸਰਕਾਰ ਦੀ ਇੱਕੋ ਇੱਕ ਅਜਿਹੀ ਪੋਲਿਸੀ ਸੀ ਕਿ, ਕਿਹੜੇ ਮਰਜ਼ੀ ਕਾਲਜ ਜਾਂ ਫਿਰ ਸੰਸਥਾ ਵਿੱਚ ਮੁੰਡਾ ਜਾਂ ਫਿਰ ਕੁੜੀ ਕਸ਼ਮੀਰ ਦੀ ਪੜ੍ਹਦੀ ਹੋਵੇ, ਉਸ ਨੂੰ ਸਰਕਾਰ ਨੇ ਅੱਤਵਾਦੀ ਕਹਿ ਕੇ ਫੜ ਹੀ ਲੈਣਾ ਹੈ। ਪਿਛਲੇ ਕਰੀਬ 6-7 ਸਾਲਾਂ ਤੋਂ ਅਜਿਹਾ ਹੀ ਭਾਰਤ ਦੇ ਅੰਦਰ ਹੁੰਦਾ ਆ ਰਿਹਾ ਹੈ, ਜਿਸ ਦਾ ਅਸਰ ਹੋਰਨਾਂ ਸੂਬਿਆਂ 'ਤੇ ਵੀ ਪਿਆ ਹੈ। ਵੇਖਿਆ ਜਾਵੇ ਤਾਂ ਕਸ਼ਮੀਰੀਆਂ 'ਤੇ ਜੋ ਸਰਕਾਰ ਦੇ ਵੱਲੋਂ ਹਮੇਸ਼ਾ ਹੀ ਟੈਗ ਅੱਤਵਾਦ ਵਾਲਾ ਲਗਾਇਆ ਜਾਂਦਾ ਹੈ, ਉਹ ਟੈਗ ਤਾਂ ਹੋਰ ਵੀ ਕਈ ਭਾਰਤੀ ਜੱਥੇਬੰਦੀਆਂ 'ਤੇ ਲੱਗਦਾ ਹੈ। ਜਿਸ 'ਤੇ ਸਮੇਂ ਦੀਆਂ ਸਰਕਾਰਾਂ ਗੌਰ ਨਹੀਂ ਕਰਦੀਆਂ। ਭਾਵੇਂ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਨਾਲ ਜੁੜੀਆਂ ਜੱਥੇਬੰਦੀਆਂ ਹਨ, ਪਰ ਇਹ ਜੱਥੇਬੰਦੀਆਂ ਵੀ ਕਿਸੇ ਅੱਤਵਾਦ ਤੋਂ ਘੱਟ ਨਹੀਂ ਹਨ। ਜੀ ਹਾਂ, ਦੋਸਤੋਂ ਅਸੀਂ ਇਹ ਨਹੀਂ ਕਹਿ ਰਹੇ ਕਿ ਭਾਰਤੀ ਜਨਤਾ ਪਾਰਟੀ ਹੀ ਅੱਤਵਾਦੀ ਪਾਲਦੀ ਹੈ, ਪਰ ਜੇਕਰ ਗੌਰ ਦੇ ਨਾਲ ਵੇਖਿਆ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਦੇਸ਼ ਦੇ ਅੰਦਰ ਵੱਡੇ ਪੱਧਰ 'ਤੇ ਆਰ ਐਸ ਐਸ, ਬਜਰੰਗ ਦਲ ਅਤੇ ਸ਼ਿਵ ਸੈਨਾ ਦੇ ਵੱਲੋਂ ਜੋ ਕਾਰਨਾਮੇ ਕੀਤੇ ਜਾ ਰਹੇ ਹਨ, ਉਹ ਵੀ ਕਿਸੇ ਅੱਤਵਾਦੀ ਹਮਲੇ ਤੋਂ ਘੱਟ ਨਹੀਂ ਹਨ। ਦੋਸਤੋਂ, ਕੁਲ ਮਿਲਾ ਕੇ ਕਹਿ ਹੀ ਸਕਦੇ ਹਾਂ ਕਿ ਸਾਡੇ ਭਾਰਤ ਦੇਸ਼ ਦੇ ਅੰਦਰ ਹੀ ਅੱਤਵਾਦ ਪਲ ਰਿਹਾ ਹੈ, ਪਰ ਅਸੀਂ ਦੋਸ਼ ਦੂਜੇ ਦੇਸ਼ਾਂ ਨੂੰ ਦੇ ਰਹੇ ਹਨ। ਬੁੱਧੀਜੀਵੀਆਂ ਦੇ ਮੁਤਾਬਿਕ ਭਾਰਤ ਦੇ ਅੰਦਰ ਵੱਡੇ ਪੱਧਰ 'ਤੇ ਹਿੰਦੂਤਵ ਜੱਥੇਬੰਦੀਆਂ, ਜਿਸ ਦੇ ਵਿੱਚ ਸ਼ਿਵ ਸੈਨਾ, ਬਜਰੰਗ ਦਲ, ਆਰ ਐਸ ਐਸ ਹਨ, ਜੋ ਕਿ ਸਮੇਂ ਸਮੇਂ 'ਤੇ ਦੇਸ਼ ਦੇ ਅੰਦਰ ਅਜਿਹੇ ਕਾਰਨਾਮੇ ਕਰ ਰਹੇ ਹਨ, ਜੋ ਕਿ ਬਰਦਾਸ਼ਤ ਕਰਨਯੋਗ ਨਹੀਂ ਹਨ। ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਸ਼ਰੇਆਮ ਘੱਟ ਗਿਣਤੀਆਂ ਨੂੰ ਮਜਬੂਰ ਕਰਕੇ ਉਨ੍ਹਾਂ ਦੇ ਮੂੰਹੋਂ 'ਜੈ ਸ਼੍ਰੀਰਾਮ' ਦੇ ਨਾਅਰੇ ਕਢਵਾਏ ਜਾ ਰਹੇ ਹਨ। ਜੋ ਕਿ ਸਾਬਤ ਕਰਦੇ ਹਨ ਕਿ, ਇਹ ਜੱਥੇਬੰਦੀਆਂ ਹਿੰਦੂ ਰਾਸ਼ਟਰ ਬਣਾਉਣ ਦੀ ਤਾਕ ਵਿੱਚ ਰੁਝੀਆਂ ਹੁੰਦੀਆਂ ਹਨ। ਦੋਸਤੋਂ, ਤੁਹਾਨੂੰ ਦੱਸ ਦਈਏ ਕਿ ਕੇਂਦਰ ਦੀ ਮੋਦੀ ਸਰਕਾਰ ਜਿਹੜੀ ਕਿ ਚੱਲਦੀ ਹੀ ਹਿੰਦੂਤਵ ਜੱਥੇਬੰਦੀਆਂ ਦੇ ਇਸ਼ਾਰੇ 'ਤੇ ਹੈ, ਉਸ ਦੇ ਵੱਲੋਂ ਵੀ ਕੋਈ ਸਟੈਂਡ ਨਹੀਂ ਲਿਆ ਜਾ ਰਿਹਾ ਹੈ ਅਤੇ ਨਾ ਹੀ ਇਨ੍ਹਾਂ ਜੱਥੇਬੰਦੀਆਂ ਦੇ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ, ਇਥੋਂ ਤੱਕ ਕਿ ਜਿਹੜਾ ਵੀ ਵਿਅਕਤੀ ਸ਼ਿਵ ਸੈਨਾ, ਬਜਰੰਗ ਦਲ, ਆਰ ਐਸ ਐਸ ਜਾਂ ਫਿਰ ਭਾਰਤੀ ਜਨਤਾ ਪਾਰਟੀ ਦੇ ਵਿਰੁੱਧ ਬੋਲਦਾ ਹੈ, ਉਸ ਨੂੰ ਦੇਸ਼ ਵਿਰੋਧੀ ਐਲਾਨ ਦਿੱਤਾ ਜਾਂਦਾ ਹੈ। ਦੋਸਤੋਂ, ਪਿਛਲੇ ਸਮੇਂ ਦੌਰਾਨ ਸਰਕਾਰਾਂ ਦੇ ਵੱਲੋਂ ਪੀਲੀਆਂ ਪੱਗਾਂ ਵਾਲਿਆਂ ਨੂੰ ਅੱਤਵਾਦੀ ਕਹਿਣਾ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਸਬੰਧ ਵਿੱਚ ਕਈ ਸਿੱਖ ਜੱਥੇਬੰਦੀਆਂ ਦੇ ਵੱਲੋਂ ਪ੍ਰਦਰਸ਼ਨ ਕੀਤੇ ਗਏ, ਜਿਸ ਤੋਂ ਮਗਰੋਂ ਪੀਲੀਆਂ ਪੱਗਾਂ ਵਾਲਿਆਂ 'ਤੇ ਅੱਤਵਾਦ ਦਾ ਟੈਗ ਤਾਂ ਹਟਾ ਦਿੱਤਾ ਗਿਆ, ਪਰ ਅਫ਼ਸੋਸ ਉਨ੍ਹਾਂ ਦੀਆਂ ਚੱਲਦੀਆਂ ਜੱਥੇਬੰਦੀਆਂ 'ਤੇ ਪਾਬੰਦੀ ਲਗਾ ਦਿੱਤੀ ਗਈ, ਜਿਸ ਦੇ ਸਬੰਧ ਵਿੱਚ ਹੁਣ ਵੀ ਕਈ ਇਨਕਲਾਬੀ ਧਿਰਾਂ ਦੇ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਹੈ, ਪਰ ਸਰਕਾਰ ਇਸ ਦੇ ਵੱਲ ਭੋਰਾ ਵੀ ਧਿਆਨ ਨਹੀਂ ਦੇ ਰਹੀ। ਦੋਸਤੋਂ, ਤੁਹਾਨੂੰ ਖ਼ਾਸ ਗੱਲ ਦੱਸ ਦਈਏ ਕਿ ਹਮੇਸ਼ਾ ਹੀ ਭਾਰਤ ਦੇ ਕਾਮਰੇਡਾਂ ਦੇ ਵੱਲੋਂ ਦੇਸ਼ ਦੇ ਅੰਦਰ ਘੱਟ ਗਿਣਤੀਆਂ ਅਤੇ ਦਲਿਤਾਂ ਦੀ ਅਵਾਜ਼ ਚੁੱਕੀ ਜਾਂਦੀ ਰਹੀ ਹੈ, ਪਰ ਜਦੋਂ ਵੀ ਕਾਮਰੇਡਾਂ ਦਾ ਸੰਘਰਸ਼ ਸ਼ੁਰੂ ਹੁੰਦਾ ਹੈ ਤਾਂ ਸਰਕਾਰ ਦੇ ਵੱਲੋਂ ਇਨ੍ਹਾਂ 'ਤੇ ਵੀ ਇਸ ਗੱਲ ਤੋਂ ਪਾਬੰਦੀ ਲਗਾ ਦਿੱਤੀ ਜਾਂਦੀ ਹੈ ਇਹ ਕਾਮਰੇਡ ਭਾਰਤ ਦੇ ਵਿਰੁੱਧ ਬੋਲਦੇ ਹਨ, ਜਦੋਂਕਿ ਉਹ ਤਾਂ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ। ਇਸੇ ਤਰ੍ਹਾਂ ਖਾਲਿਸਤਾਨੀਆਂ ਨੂੰ ਸਰਕਾਰ ਹਰ ਸਮੇਂ ਦੇਸ਼ ਧਿਰੋਹੀ ਕਹਿੰਦੀ ਆਈ ਹੈ, ਜੋ ਕਿ ਇਸ ਸਮੇਂ ਵੱਡੇ ਪੱਧਰ 'ਤੇ ਦੇਸ਼ ਅੰਦਰ ਆਏ ਹੜ੍ਹਾਂ ਵਿੱਚ ਆਪਣੀ ਸੇਵਾ ਨਿਭਾ ਰਹੇ ਹਨ।



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

# ਕੀ ਗੁਰਦੁਆਰਿਆਂ ਵਿਚ ਇਲੈਕਸ਼ਨ ਹੋਣੇ ਜ਼ਰੂਰੀ ਹਨ

**ਜਗਜੀਤ ਸਿੰਘ ਦਸੂਹਾ**

**********************************

ਦੁਨੀਆ ਭਰ ਵਿਚ ਪ੍ਰਬੰਧਕੀ ਢਾਂਚਿਆਂ ਨੂੰ ਬਣਾਉਣ ਲਈ ਤਿੰਨ ਤਰ੍ਹਾਂ ਦੀ ਵਿਵਸਥਾ ਦਾ ਸਹਾਰਾ ਲਿਆ ਜਾਂਦਾ ਹੈ।ਪਹਿਲੀ ਤਾਨਾਸ਼ਾਹੀ ਜਿਸ ਤਹਿਤ ਲੋਕਾਂ ਦੀ ਰਾਇ ਤੋਂ ਬਿਨਾਂ ਆਪਣੀ ਸੋਚ ਨੂੰ ਦੂਜਿਆਂ 'ਤੇ ਥੋਪਿਆ ਜਾਂਦਾ ਹੈ।ਦੂਜੀ ਪ੍ਰਣਾਲੀ ਲੋਕਤੰਤਰ ਦੀ ਹੈ, ਭਾਵ ਅਸੀਂ ਸਾਰੇ ਇਸ ਦੀ ਹਮਾਇਤ ਕਰਦੇ ਹਾਂ, ਕਿਉਂਕਿ ਇਹ ਲੋਕ ਰਾਇ ਅਨੁਸਾਰ ਹੁੰਦੀ ਹੈ ਕਿਉਂਕਿ ਨੁਮਾਇੰਦੇ ਲੋਕਾਂ ਰਾਹੀਂ ਚੁਣੇ ਜਾਂਦੇ ਹਨ, ਇਸ ਕਰਕੇ ਇਸ ਨੂੰ ਲੋਕਤੰਤਰ ਕਹਿੰਦੇ ਹਾਂ ਭਾਵ ਲੋਕਾਂ ਦਾ ਤੰਤਰ। ਪਰ ਇਸ ਵਿਚ ਵੀ ਅੱਜਕੱਲ ਤਾਕਤਵਰ ਜਾਂ ਭਾਰੂ ਸ਼ਕਤੀਆਂ ਕੰਮ ਕਰਨ ਲੱਗ ਪਈਆਂ ਹਨ। ਇਸ ਕਰਕੇ ਪੂਰਨ ਰੂਪ ਵਿਚ ਇਸ ਪ੍ਰਣਾਲੀ ਨੂੰ ਵੀ ਸਹੀ ਸਾਬਤ ਨਹੀਂ ਕੀਤਾ ਜਾ ਸਕਦਾ। ਤੀਜੀ ਪ੍ਰਣਾਲੀ ਸਰਬ ਸੰਮਿਤੀ ਜਾਂ ਆਮ ਰਾਇ ਦਾ ਹੋਣਾ ਹੈ। ਇਹ ਪ੍ਰਣਾਲੀ ਸਭ ਪ੍ਰਣਾਲੀਆਂ ਤੋਂ ਲਾਹੇਵੰਦ ਹੈ, ਪਰ ਇਸ ਨੂੰ ਲਾਗੂ ਕਰਨ ਵਿਚ ਕਈ ਰੁਕਾਵਟਾਂ ਆਉਂਦੀਆ ਏਲਊਂ ਜਿਵੇਂ ਕਿ ਸਰਮਾਏਦਾਰੀ ਦਾ ਹੋਣਾ, ਗਰੁੱਪਵਾਦ, ਇਲਾਕਾਵਾਦ, ਸਵਾਰਥਵਾਦ ਆਦਿ। ਕਿਉਂਕਿ ਇਸ ਪ੍ਰਣਾਲੀ ਦੇ ਲਾਗੂ ਹੋਣ ਨਾਲ ਕਈਆਂ ਦੇ ਨਿੱਜੀ ਸਵਾਰਥ ਅਧੂਰੇ ਰਹਿ ਜਾਂਦੇ ਹਨ। ਇਸ ਲਈ ਉਹ ਲੋਕ ਨਹੀਂ ਚਾਹੁੰਦੇ ਕਿ ਇਸ ਪ੍ਰਣਾਲੀ ਨੂੰ ਅਪਣਾਇਆ ਜਾਵੇ। ਜਿਥੋਂ ਤੱਕ ਆਪਾਂ ਗੁਰੂਘਰਾਂ ਦੇ ਪ੍ਰਬੰਧ ਦੀ ਗੱਲ ਕਰਦੇ ਹਾਂ। ਚਾਹੇ ਉਹ ਦੇਸ਼ ਹਨ ਚਾਹੇ ਵਿਦੇਸ਼ ਵਿਚ। ਉਹ ਅਤਿ ਭਾਰੂ ਅਤੇ ਮਾਰੂ ਸ਼ਕਤੀਟਾਂ ਦੇ ਦਬਾਅ ਹੇਠ ਚਲੇ ਗਏ ਹਨ। ਅਸੀਂ ਦੇਖਦੇ ਹਾਂ ਕਿ ਬਹੁਤ ਸਾਰੇ ਗੁਰੂਘਰਾਂ ਦਾ ਪ੍ਰਬੰਧ ਤਾਨਾਸ਼ਾਹ ਸ਼ਕਤੀਆਂ ਹੀ ਕਰਦੀਆਂ, ਜਦੋਂ ਕੋਈ ਗੁਰਮਤਿ ਸੋਚ ਦਾ ਧਾਰਨੀ ਇਨ੍ਹਾਂ ਵਿਰੁੱਧ ਆਵਾਜ਼ ਉਠਾਉਂਦਾ ਹੈ ਤਾਂ ਇਹ ਭਾਰੂ ਸ਼ਕਤੀਆਂ ਸ਼ਹਿਰ ਦੀਆਂ ਮੱਖੀਟਾਂ ਵਾਂਗ ਉਸ 'ਤੇ ਹੱਲ ਬੋਲ ਦਿੰਦੀਆਂ ਹਨ। ਜਦੋਂ ਅਸੀਂ ਲੋਕਤੰਤਰ ਦੀ ਗੱਲ ਕਰਦੇਹ ਾਂ ਕਿ ਤਾਂ ਆਪਾਂ ਦੇਖਦੇਹਾਂ ਕਿ ਇਹ ਪ੍ਰਣਾਲੀ ਗੁਰਮਤਿ ਸਿਧਾਂਤ ਨਾਲ ਮੇਲ ਖਾਂਦੀ ਹੈ ਜਾਂ ਨਹੀਂ। ਬਹੁਤਿਆਂ ਦੀ ਰਾਇ ਇਹ ਹੋਵੇਗੀ ਕਿ ਇਹ ਪ੍ਰਣਾਲੀ ਠੀਕ ਹੈ, ਕਿਉਂਕਿ ਇਸ ਨਾਲ ਸੰਗਤ ਆਪਣੀ ਰਾਇ ਵੋਟ ਬੈਂਕ ਰਾਹੀਂ ਕਰਕੇ ਆਪਣੇ ਨੁਮਾਇੰਦੇ ਪ੍ਰਬੰਧਕ ਕਮੇਟੀ ਵਿਚ ਭੇਜਦੇ ਹਨ ਪਰ ਅਕਸਰ ਦੇਖਣ ਵਿਚ ਆਇਆ ਹੈ ਕਿ ਭਾਰੂ ਸ਼ਕਤੀਆਂ ਦਾ ਲੋਕਤੰਤਰ ਪ੍ਰਣਾਲੀ ਵਿਚ ਸ਼ਾਮਲ ਹੋ ਜਾਣ ਕਾਰਨ ਸਹੀ ਰੂਪ ਵਿਚ ਇਹ ਲੋਕਾਂ ਦਾ ਤੰਤਰ ਨਹੀਂ ਰਹਿ ਜਾਂਦਾ। ਸਗੋਂ ਸਵਾਰਥਵਾਦੀ ਲੋਕਾਂ ਦੇ ਹੱਥ ਚਲਾ ਜਾਂਦਾਹੈ। ਇਕ ਹੋਰ ਅਹਿਮ ਕਾਰਨ ਇਹ ਹੇ ਕਿ ਅਸੀਂ ਇਸ ਨੂੰ ਧਾਰਮਿਕ ਜਾਂ ਗੁਰੂਘਰਾਂ ਵਿਚ ਨਹੀਂ ਸਵੀਕਾਰ ਕਰ ਸਕਦੇ, ਭਾਵੇਂ ਕਿ ਦੁਨੀਆਵੀ ਰਾਜਨੀਤੀ ਵਿਚ ਇਸ ਨੂੰ ਅਪਣਾਉਣਾ ਅਤਿ ਜ਼ਰੂਰੀ ਸਮਝਿਆ ਜਾਂਦਾ ਹੈ। ਕਾਰਨ ਇਹ ਹੈ ਕਿ ਇਸ ਵਿਧੀ ਨਾਲ ਜਦੋਂ ਵੋਟਾਂ ਪਵਈਆਂ ਜਾਂਦੀਆਂ ਹਨ ਤਾਂ ਸੰਗਤ ਵੰਡੀ ਜਾਂਦੀ ਹੈ। ਆਪਣੀ ਜਾਤ ਬਰਾਦਰੀ, ਇਲਾਕਾਵਾਦ, ਮਿੱਤਰਤਾ, ਭਾਈਚਾਰੇ ਆਦਿ ਨੂੰ ਤਰਜੀਹ ਦਿੰਦੀ ਹੈ, ਜਿਸ ਨਾਲ ਗੁਰਮਤਿ ਸਿਧਾਂਤ ਦੀ ਉਲੰਘਣਾ ਹੁੰਦੀ ਹੈ। ਅਜਿਹੀ ਸਥਿਤੀ ਵਿਚ ਕਈ ਅਣਭੋਲ ਚਿਹਰੇ ਵੀ ਗਲਤੀਆਂ ਕਰ ਜਾਂਦੇ ਹਨ। ਉਨ੍ਹਾਂ ਨੂੰ ਅਸਲ ਦੀ ਪਛਾਣ ਨਹੀਂ ਰਹਿੰਦੀ। ਸੋ ਅਜਿਹਾ ਤੰਤਾ ਕਿੰਨਾ ਵੀ ਚੰਗਾ ਹੋਵੇ ਪਰ ਸੰਗਤਾਂ ਨੂੰ ਤੋੜਦਾ ਹੈ। ਉਸ ਨੂੰ ਅਸੀਂ ਕਿਵੇਂ ਸਵੀਕਾਰ ਕਰ ਸਕਦੇ ਹਾਂ। ਸਿੱਖ ਫਲਸਫਾ ਹਮੇਸ਼ਾਂ ਜੋੜਨ ਦੀ ਗੱਲ ਕਰਦਾ ਹੈ। ਅਸੀਂ ਭਾਈ ਘਨੱਈਆ ਜੀ ਦੀ ਮਿਸਾਲ ਆਮ ਤੌਰ 'ਤੇ ਦਿੰਦੇ ਹਾਂ ਕਿ ਉਨ੍ਹਾਂ ਨੇ ਮੈਦਾਨੇ ਜੰਗ ਵਿਚੋਂ ਦੁਸ਼ਮਣ ਫੌਜ ਦੇ ਸਿਪਾਹੀ ਦੁਸ਼ਮਣ ਨਹੀਂ ਨਜ਼ਰ ਆਏ ਸਗੋਂ ਇੱਕ ਇਨਸਾਨ ਦੇ ਰੂਪ ਵਜੋਂ ਦਿਖਾਈ ਦਿੱਤੇ। ਇਹ ਉਦਾਹਰਣ ਇਸ ਗੱਲ ਵੱਲ ਵੀ ਇਸ਼ਾਰਾ ਕਰਦੀ ਹੈ ਕਿ ਸਿੱਖ ਹਿਰਦਾ ਕਿੰਨਾ ਕੋਮਲ ਹੈ। ਇਹ ਤਾਂ ਸਿਰਫ ਜ਼ੁਲਮ, ਅਨਿਲਆ ਅਤੇ ਅਤਿਆਚਾਰਕ ਦੇ ਖਿਲਾਫ਼ ਆਪਣਾ ਕਮਰਕੱਸਾ ਕਰਦਾ ਹੈ, ਫਿਰ ਇੱਕ ਸਿੱਖ ਅਜਿਹੀ ਵਿਧੀ ਜਾਂ ਦੇਣਾ ਮਨਜ਼ੂਰ ਕੀਤਾ। ਫਿਰ ਦਸਵੇਂ ਪਾਤਸ਼ਾਹ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਦਿਆਂ ਸਵੀਕਾਰ ਕਰ ਲਿਆ। ਵੱਡਿਆਂ ਸਾਹਿਬਜ਼ਾਦਿਆਂ ਨੂੰ ਮੈਦਾਨੇ ਜੰਗ ਵਿਚ ਸ਼ਹੀਦ ਹੁੰਦਿਆਂ ਦੇਖਿਆ। ਮਾਤਾ ਗੁਜਰੀ ਦਾ ਵਿਛੋੜਾ ਵੀ ਸਿਹਾ। ਮਾਛਾਵੀੜਾ ਦੇ ਜੰਗਲਾ ਵਿਚੋਂ ਗੁਜਰਦਿਆਂ ਕੰਡਿਆਂ 'ਤੇ ਤੁਰਨਾ ਮਨਜ਼ੂਰ ਕੀਤਾ। ਪਰ ਸ਼ੈਤਾਨ ਨਾਲ ਹੱਥ ਨਹੀਂ ਮਿਲਾਇਆ। ਇਸ ਤੋਂ ਬਾਅਦ ਅਨੇਕਾਂ ਸਿੰਘਾਂ ਤੇ ਸਿੰਘਣੀਆਂ ਨੇ ਹੱਕ ਤੇ ਸੱਚ ਖਾਤਰ ਸ਼ਹੀਦੀਆਂ ਦਿੱਤੀਆਂ। ਪਰ ਅੱਜ ਦੇ ਸਿੱਖਾਂ ਨੂੰ ਕੀ ਹੋ ਗਿਆ ਹੈ ਜੋ ਅੱਜ ਸ਼ੌਹਰਤ, ਪਹਿਚਾਣ ਅਤੇ ਸਵਾਰਥ ਖਾਤਰ ਸ਼ੈਤਾਨ ਨਾਲ ਹੱਥ ਮਿਲਾ ਰਹੇ ਹਨ। ਅੱਜ ਤੋਂ ਸਾਨੂੰ ਸਿੱਖੀ ਦੀ ਸ਼ਾਨ ਮਿਲੀ ਹੈ ਉਹ ਕਿਸ ਬਦੌਲਤ ਮਿਲੀ ਹੈ ਇਹ ਅਸੀਂ ਭੁੱਲ ਗਏ ਹਾਂ। ਮੇਰੀ ਅਖੀਰ ਵਿਚ ਉਨ੍ਹਾਂ ਸਤਿਕਾਰਯੋਗ ਵੀਰਾਂ ਨੂੰ ਬੇਨਤੀ ਹੈ ਕਿ ਵੀਰੋ ਇਨ੍ਹਾਂ ਗੁਰੂਘਰਾਂ ਨੇ ਤੁਹਾਨੂੰ ਸ਼ੌਹਰਤ ਬਖਸ਼ੀ ਹੈ, ਤੁਹਾਡੀ ਪਹਿਚਾਣ ਬਣਾਈ ਹੈ, ਮਾਣ ਸਤਿਕਾਰ ਦਿੱਤਾ ਹੈ, ਰਾਜ ਦਰਬਾਰ ਵਿਚ ਤੁਹਾਡਾ ਸਤਿਕਾਰ ਹੁੰਦਾ ਹੈ। ਤਸਹੂਨੰ ਹਰ ਥਾਂ ਸਨਮਾਨ ਮਿਲਦਾ ਹੈ, ਜੇਕਰ ਇਹ ਗੁਰੂਘਰ ਨਾ ਹੁੰਦੇ ਤਾਂ ਇਹ ਸਭ ਕੁਝ ਨਾ ਮਿਲਦਾ।

ਸੋ ਜਿਸ ਗੁਰੂ ਘਰ ਨੇ ਤੁਹਾਡੇ ਲਈ ਇੰਨਾ ਕੁੱਝ ਕੀਤਾ ਹੈ, ਹੁਣ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਇਨ੍ਹਾਂ ਗੁਰੂ ਘਰਾਂ ਨੂੰ ਸੰਭਾਲਣਾ ਹੀ ਨਹੀਂ ਸਗੋਂ ਸਿੱਖੀ ਨੂੰ ਘਰ ਘਰ ਪਹੁੰਚਾਉਣਾ ਹੈ। ਅਸੀਂ ਉਸ ਦਾ ਸ਼ੁਕਰਾਨਾ ਨਹੀਂ ਕਰ ਸਕਦੇ ਜਿਸ ਨੇ ਸਾਨੂੰ ਸਿੱਖ ਪਰਿਵਾਰਾਂ ਵਿਚ ਜਨਮ ਦਿੱਤਾ ਹੈ। ਸਾਨੂੰ ਤਾਂ ਸਿਰਫ ਉਸ ਦਾ ਹੁਣ ਸ਼ੁਕਰਾਨਾ ਹੀ ਕਰਨਾ ਚਾਹੀਦਾ ਹੈ, ਕਹਿੰਦੇ ਨੇ ਜੇਕਰ ਕੋਈ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਜੇਕਰ ਅੱਜ ਅਸੀਂ ਗੁਰੂ ਦੇ ਬਚਨਾਂ ਨੂੰ ਨਾ ਮੰਨ ਕੇ ਉਨ੍ਹਾਂ ਦਾ ਸਤਿਕਾਰ ਨਹੀਂ ਕਰਦ ਤਾਂ ਇਸ ਦਾ ਮਤਲਬ ਇਹ ਹੋਵੇਗ ਕਿ ਅਸੀਂ ਸ਼ੈਤਾਨ ਨਾਲ ਹੱਥ ਮਿਲਾ ਲਿਆ ਹੈ, ਇਹ ਸ਼ੈਤਾਨ ਕੌਣ ਹਨ, ਕਿਸ ਦਾ ਰੂਪ ਹਨ, ਪਹਿਚਾਨਣ ਦੀ ਲੋੜ ਹੈ। ਇਹ ਮਸੰਦਾਂ ਜਾਂ ਮਹੰਤਾਂ ਦੇ ਰੂਪ ਹੀ ਹਨ। ਿ੍ਨਾਂ ਨੇ ਸਮੇ ਸਮੇਂ ਦੈਤ ਰੂਪੀ ਜ਼ੁਲਾਮ ਢਾਹੇ। ਦੈਤਾਂ ਨੇ ਮਹੰਤਾਂ ਨੂੰ ਮਾਰ ਮੁਕਾਇਆ ਸੀ। ਭਾਵੇਂ ਅਨੇਕਾਂ ਸਿੰਘਾਂ, ਸਿੰਘਣੀਆਂ ਨੂੰ ਸ਼ਹੀਦੀ ਦੇਣੀ ਪਈ ਕਿਉਂ ਕਿਇਨ੍ਹਾਂ ਨੇ ਅਖੌਤੀ ਸਿੱਖਾਂ ਦੇ ਭੇਸ ਵਿਚ ਸਿੱਖ ਫਲਸਫੇ ਦੇ ਅਰਥ ਅਨਰਥ ਕਰ ਦਿੱਤੇ। ਭਾਵੇਂ ਉਹ ਦੁਸ਼ਟ ਮਾਰ ਮੁਕਾਏ ਗਏ ਪਰ ਇਨ੍ਹਾਂ ਦੁਸ਼ਟ ਅਤੇ ਭ੍ਰਿਸ਼ਟ ਆਤਮਾਵਾਂ ਨੂੰ ਗਤੀ ਜਾਂ ਮੁਕਤੀ ਪ੍ਰਾਪਤ ਨਹੀਂ ਹੋਈ ਤੇ ਉਹ ਅਨੇਕ ਦੁਸ਼ਟ ਆਤਮਾਵਾਂ ਉਦੋਂ ਤੋਂ ਭਟਕਦੀਆਂ ਪਈਆਂ ਹਨ, ਉਹ ਦੁਸ਼ਟ ਆਤਮਾਵਾਂ ਫਿਰ ਸਰੀਰਾਂ ਵਿਚ ਵਾਸਾ ਕਰ ਲੈਂਦੀਆਂ ਹਨ, ਕਿਉਂਕਿ ਉਨ੍ਹਾਂ ਨੇ ਆਪਣੇ ਅਧੂਰੇ ਕੰਮ ਪੂਰੇ ਕਰਨੇ ਹਨ। ਉਨ੍ਹਾਂ ਅਨੈਕ ਸਰੀਰਾਂ ਨੂੰ ਪਤਾ ਨਹੀਂ ਹੁੰਦਾ ਕਿ ਸਾਡੇ ਅੰਦਰ ਦੁਸ਼ਟ ਆਤਮਾਵਾਂ ਦਾਖਲ ਹੋ ਚੁੱਕੀਆਂ ਹਨ, ਕਿਉਂਕਿ ਉਹ ਦੁਸ਼ਟ ਆਤਮਾਵਾਂ ਸ਼ੈਤਾਨ ਬਣ ਕੇ ਉਹ ਸਾਰੇ ਕੰਮ ਕਰਵਾਉਣ ਲਈ ਤਤਪਰ ਰਹਿੰਦੀਆਂ ਹਨ। ਇਨ੍ਹਾਂ ਦੁਸ਼ਟ ਆਤਮਾਵਾਂ ਦਾ ਅੰਦਾਜ਼ਾ ਅਸੀਂ ਸਹਿਜੇ ਤੌਰ 'ਤੇ ਲਗਾ ਸਕਦੇ ਹਾਂ ਜਦੋਂ ਕੋਈ ਗੁਰੂ ਦੇ ਬਚਨਾਂ ਨੂੰ ਵਿਸਾਰ ਕੇ ਸ਼ੈਤਾਨ ਦੀ ਬੋਲੀ ਬੋਲਦਾ ਹੈ। ਪਰ ਇਕ ਗੱਲ ਇਹ ਵੀ ਸੱਚ ਹੈ ਕਿ ਜਿਨ੍ਹਾਂ ਨੇ ਆਪਣੀ ਮੱਤ ਤਿਆਗ ਕੇ ਗੁਰਮਤਿ ਧਾਰਨ ਕੀਤੀ ਹੋਈ ਹੇ, ਉਨ੍ਹਾਂ ਤੋਂ ਇਹ ਆਤਮਾਵਾਂ ਕੋਹਾਂ ਦੂਰ ਰਹਿੰਦੀਆਂ ਹਨ

ਏਹ ਖੁਦਾਇ ਕੇ ਬੰਦੇ
ਖੁਦਾਇ ਕੀਬ ਾਤ ਕਰ
ਖੁਦਾਇ ਕੀ ਬਾਤ ਨਹੀਂ ਕਰਨੀ
ਤਾਂ ਆਪਣੀ ਬਾਤ ਬੰਦ ਕਰ
ਇੱਕ ਦਿਨ ਸਭ ਨੇ ਛੋਟ ਕੇ ਚਲੇ ਜਾਣਾ ਹੈ
ਖੁਦਾਇ ਦੇ ਬੰਦ
ਖੁਦਾਇ ਕੋ ਹਿਸਾਰ ਦੇਣਾ ਹੈ
ਖੁਦਾਇ ਕੇ ਬੰਦੇ....।

**ਗੁਰੂ ਪੰਥ ਦਾ ਦਾਸ**

# ਤਾਏ ਨੱਥੇ ਦਾ ਕਨੇਡਾ

ਪਾਣੀ ਦੀ ਵਾਰੀ ਨੂੰ ਉਡੀਕਦਿਆਂ ਤਾਇਆ ਨੱਥਾ ਛਾਂ ਨੇੜੇ ਨਾ ਹੋਣ ਤੇ ਉਸੇ ਹੀ ਵੱਟ 'ਤੇ ਬੈਠ ਗਿਆ। ਤਾਇਆ ਨੱਥਾ ਉਹ ਇਨਸਾਨ ਜੋ ਛੋਟੀ ਉਮਰੇ ਬਾਪੂ ਦੇ ਚਲੇ ਜਾਣ 'ਤੇ ਘਰ ਦੀ ਗਰੀਬੀ ਦੇ ਕਾਰਨ ਕਰਮਾਂ ਨੂੰ ਕੋਸ ਰਿਹਾ ਸੀ। ਬਾਪੂ ਤੋਂ ਬਾਅਦ ਘਰ ਵਿਚ ਕੋਈ ਵਡੇਰਾ ਨਾ ਹੋਣ ਕਾਰਨ ਸਾਰੀ ਕਬੀਲਦਾਰੀ ਉਸ ਉੱਪਰ ਆ ਪਈ। ਕਬੀਲਦਾਰੀ ਦੀ ਗੱਡੀ ਨੂੰ ਡਿੱਗਿਆਂ ਢਹਿੰਦਿਆਂ ਤੋਰਦਾ ਤਾਇਆ ਨੱਥਾ ਹਰ ਰੋਜ਼ ਹਾਰਦਾ ਨਜ਼ਰ ਆ ਰਿਹਾ ਸੀ। ਹਵਾ ਦੇ ਤੇਜ਼ ਬੁੱਲੇ ਨਾਲ ਡਿੱਗੇ ਸਾਈਕਲ ਦੇ ਖੜਾਕ ਨੂੰ ਸੁਣ ਕੇ ਮੁੜ ਹੋਸ਼ ਵਿਚ ਪਰਤੇ ਤਾਏ ਨੇ ਆਖ਼ਰ ਪਾਣੀ ਵੱਢ ਹੀ ਲਿਆ।

ਦੂਜੇ ਦਿਨ ਘਰ ਦੇ ਵਿਹੜੇ ਵਿਚ ਚਿੰਤਤ ਬੈਠੇ ਤਾਏ ਨੂੰ ਉਸਦੇ ਪੁੱਤਰ ਜਗਨੇ ਨੇ ਆ ਕੇ ਜਦ ਉਸ ਨੂੰ ਪਹਿਲੇ ਦਰਜ਼ੇ ਐਮ ਏ ਪਾਸ ਹੋਣ ਬਾਰੇ ਦੱਸਿਆ ਤਾਂ ਤਾਏ ਦੇ ਚਿਹਰੇ 'ਤੇ ਚੜ੍ਹਿਆ ਨੂਰ ਦੇਖੇ ਚੌਂਕੇ ਵਿਚ ਬੈਠੀ ਤਾਈ ਦਾ ਚਿਹਰਾ ਵੀ ਖੁਸ਼ੀ ਨਾਲ ਖਿੜ ਉੱਠਿਆ। ਥੋੜ੍ਹੇ ਦਿਨਾਂ ਬਾਅਦ ਸ਼ਹਿਰ ਦੇ ਇਕ ਸਕੂਲ ਵਿਚ ਇਕ ਅਧਿਆਪਕ ਵਜੋਂ ਜਗਨੇ ਨੂੰ ਨੌਕਰੀ ਲਈ ਆਈ ਚਿੱਠੀ ਨੇ ਘਰ ਵਿਚ ਖੁਸ਼ੀਆ ਦਾ ਦੂਜੀ ਵਾਰ ਨਗਾਰਾ ਵਜਾਇਆ।

ਪੜ੍ਹਾਉਣ ਜਾਂਦੇ ਸ਼ਹਿਰ ਜਗਨੇ ਨੇ ਪਿੰਡ ਦੀ ਡੇਅਰੀ 'ਤੇ ਪਾਉਣ ਵਾਲਾ ਦੁੱਧ ਸ਼ਹਿਰ ਮਹਿੰਗਾ ਵਿਕਣ ਕਰਕੇ ਸ਼ਹਿਰ ਲਿਜਾਣਾ ਸ਼ੁਰੂ ਕਰ ਦਿੱਤਾ। ਘਰ ਵਿੱਚ ਪੈਸਿਆਂ ਦੀ ਬਰਕਤ ਪੈਣ ਦੇ ਨਾਲ ਨਾਲ ਹੁਣ ਤਾਈ ਦੀ ਰਸੋਈ ਵਿਚ ਨਵੇਂ ਪਕਵਾਨ ਤਿਆਰ ਹੋਣ ਲੱਗੇ। ਹੁਣ ਤਾ ਮੈਨੂੰ ਵੀ ਇੰਝ ਲੱਗਣ ਲੱਗਿਆ ਕਿ ਜਿਵੇਂ ਤਾਏ ਦੇ ਦੁੱਖਾ ਦਾ ਘੜਾ ਟੁੱਟ ਗਿਆ। ਅਤੇ ਹੁਣ ਤਾਈ ਦੀਆ ਅਰਦਾਸਾਂ ਰੱਬ ਨੇ ਵੀ ਸੁਣਨੀਆਂ ਸ਼ੁਰੂ ਕਰ ਦਿੱਤੀਆਂ। ਸ਼ਹਿਰ ਤੋਂ ਘਰ ਆ ਕੇ ਅਰਾਮ ਕਰਨ ਪਿੱਛੋਂ ਜਗਨੇ ਨੇ ਘਰ ਵਿਚ ਟਿਊਸ਼ਨਾ ਵੀ ਪੜਾਉਣਾ ਸ਼ੁਰੂ ਕਰ ਦਿੱਤਾ। ਜਿਸ ਦੀ ਆਮਦਨੀ ਉਸ ਸ਼ਹਿਰ ਵਾਲੀ ਨੌਕਰੀ ਦੇ ਤਕਰੀਬਨ ਬਰਾਬਰ ਜਾ ਉੱਪੜਦੀ।

ਇਕ ਦਿਨ ਜਗਨੇ ਦੇ ਨਾਲ ਸ਼ਹਿਰੋਂ ਆਏ ਦੋਸਤ ਨੇ ਪਿੰਡ ਵਿਚ ਕੋਈ ਦੁਕਾਨ ਨਾ ਹੋਣ ਕਾਰਨ ਤਾਏ ਨੱਥੇ ਨੂੰ ਦੁਕਾਨ ਖੋਲ੍ਹਣ ਲਈ ਸਲਾਹ ਦਿੱਤੀ। ਉਸ ਸਲਾਹ ਨੂੰ ਲਾਹੇਵੰਦ ਸਮਝਦਿਆਂ ਤਾਏ ਨੇ ਦੁਕਾਲ ਖੋਲ ਲਈ। ਪਿੰਡ ਵਿਚ ਇਕ ਦੁਕਾਨ ਦੀ ਸਹੂਲਤ ਹੋਣ 'ਤੇ ਤਾਏ ਨੂੰ ਗ੍ਰਾਹਕਾਂ ਦੀ ਭਰਮਾਰ ਹੋਣ ਲੱਗ ਪਈ। ਦੁਕਾਨ ਦਾ ਕੰਮ ਵਧੀਆ ਚੱਲਣ ਲੱਗਾ। ਇੱਧਰ ਤਾਈ ਨੇ ਵਿਹਲੀ ਹੋਣ ਕਰਕੇ ਆਪਣੀ ਮਾਂ ਤੋਂ ਮਿਲਿਆ ਕੱਪੜੇ ਸਿਉਣ ਦਾ ਗੁਣ ਵਰਤਨਾ ਸ਼ੁਰੂ ਕਰ ਦਿੱਤਾ। ਮਾਲਕ ਦੀ ਮਿਹਰ ਨਾਲ ਸਭ ਠੀਕ ਠਾਕ ਚੱਲਦਿਆਂ ਅੱਜ ਚਾਰ ਸਾਲਾਂ ਬਾਅਦ ਜਗਨੇ ਨੇ ਨਵਾਂ ਘਰ ਖਰੀਦ ਲਿਆ। ਜਿਸ ਵਿਚ ਬੱਤਿਆਂ ਦੀ ਛੱਤ ਨਹੀਂ ਸਗੋਂ ਲੈਂਟਰ ਨਾਲ ਤਿਆਰ ਕਮਰੇ ਸਨ। ਪਿੰਡ ਵਿਚ ਲੋਕ ਵਾਹ ਵਾਹ ਕਰਨ ਲੱਗੇ।

ਦੁਕਾਨ ਦੇ ਸਾਹਮਣੇ ਬਣੇ ਫੱਟੇ 'ਤੇ ਬੈਠੇ ਬਜ਼ੁਰਗ ਸਾਮੀ ਆ ਜੁੜਦੇ। ਬਾਬੇ ਬਿੰਦਰ ਦੇ ਆਉਣ 'ਤੇ ਕੋਲ ਬੈਠੀ ਨੌਜਵਾਨਾ ਦੀ ਢਾਹਣੀ ਵਿਚੋਂ ਸੋਢੀਆਂ ਦੇ ਮਿਹਰਬਾਨ ਨੇ ਉਸ ਦੇ ਪੋਤਰੇ ਦੇ ਬਾਹਰ ਜਾਣ ਬਾਰੇ ਪੁੱਛਿਆ। ਕੋਲੋਂ ਦੀ ਲੰਘ ਰਿਹਾ ਤਾਇਆ ਨੱਥਾ ਵੀ ਫ਼ਤਿਹ ਬੁਲਾ ਕੇ ਸਾਡੇ ਕੋਲ ਖੜ ਗਿਆ। ਬਾਬੇ ਬਿੰਦਰ ਨੇ ਗਰੀਬੀ ਦੀ ਮਜ਼ਬੂਰੀ ਤੇ ਬਾਹਰ ਦੀ ਮਜ਼ਦੂਰੀ ਦਾ ਮੁੱਲ ਜਿਆਦਾ ਮਿਲਣ ਦਾ ਕਾਰਨ ਦੱਸ ਕੇ ਪੋਤਰੇ ਨੂੰ ਬਾਹਰ ਭੇਜਣ ਦਾ ਕੀਤਾ ਫੈਸਲਾ ਸਭ ਨੂੰ ਦੱਸ ਦਿੱਤਾ। ਇਧਰ ਮਖੌਲੀਏ ਲਹਿਜ਼ੇ 'ਚ ਬਾਬੇ ਸੁੰਦਰ ਨੇ ਤਾਏ ਨੱਥੇ ਨੂੰ ਇਸ਼ਾਰ ਕਰਕੇ ਕਿਹਾ
ਕਿਉਂ ਬਈ ਜਾਣਾ ਬਾਹਰ ?
ਬਾਬਾ ਬਿੰਦਰ ਗੱਲ ਕੱਟਦਾ ਕਹਿਣ ਲੱਗਾ
ਬਾਈ ਇਹਨਾ ਦਾ ਤਾ ਇਥੇ ਹੀ ਕਨੇਡਾ ਹੈ
ਸਾਰੇ ਸਹਿਮਤੀ ਪ੍ਰਗਟਾਉਂਦੇ ਹੱਸਣ ਲੱਗ ਪਏ
ਤਾਇਆ ਵਾਹਿਗੁਰੂ ਦਾ ਸ਼ੁਕਰ ਕਰਦਾ ਹੋਇਆ ਘਰ ਵੱਲ ਤੁਰ ਪਿਆ।



ਮਿਹਰਬਾਨ ਸਿੰਘ

**ਲੇਖਕ ਬਾਬਾ ਫਰੀਦ ਕਾਲਜ ਦਾ ਵਿਦਿਆਰਥੀ ਹੈ।**

## ਸੰਪਾਦਕੀ ਮੰਡਲ

**ਜੋਗਾ ਸਿੰਘ, ਜਸਵਿੰਦਰ ਸਿੰਘ ਨਿਊਜਰਸੀ, ਗੁਰਮੀਤ ਸਿੰਘ ਧਲਵਾਨ ਸ਼ਿਕਾਗੋ, ਜਤਿੰਦਰ ਸਪਰਾ, ਜੀ. ਪੀ. ਸਿੰਘ ਪੰਜਾਬ, ਜਗਮੀਤ ਕੌਰ ਪੰਜਾਬ**

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

## ਪੰਜਾਬ ਚ ਹੜ੍ਹਾਂ ਨਾਲ 1700 ਕਰੋੜ ਦਾ ਨੁਕਸਾਨ, 300 ਤੋਂ ਵੱਧ ਲੋਕ ਅਜੇ ਵੀ ਫਸੇ

ਜਲੰਧਰ: ਪੰਜਾਬ ਵਿੱਚ ਹੜ੍ਹਾਂ ਦੀ ਮਾਰ ਜਾਰੀ ਹੈ। ਬਾਰਸ਼ ਤੇ ਬੰਨ੍ਹਾਂ ਤੋਂ ਪਾਣੀ ਛੱਡਣ ਕਾਰਨ ਕਈ ਜ਼ਿਲ੍ਹਿਆਂ ਵਿੱਚ 200 ਤੋਂ ਵੱਧ ਪਿੰਡਾਂ ਦੀ ਸਥਿਤੀ ਨਾਜ਼ੁਕ ਬਣੀ ਰਹੀ। ਪੰਜਾਬ ਸਰਕਾਰ ਮੁਤਾਬਕ ਹੜ੍ਹਾਂ ਕਾਰਨ ਸੂਬੇ ਨੂੰ 1700 ਕਰੋੜ ਦਾ ਨੁਕਸਾਨ ਹੋਇਆ ਹੈ। ਸਭ ਤੋਂ ਵੱਧ ਨੁਕਸਾਨ ਰੋਪੜ, ਨਵਾਂਸ਼ਹਿਰ, ਜਲੰਧਰ, ਕਪੂਰਥਲਾ ਤੇ ਫਿਰੋਜ਼ਪੁਰ ਦੇ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਵਿੱਚ ਹੋਇਆ ਹੈ। ਹੁਣ ਸਰਕਾਰ ਰਾਹਤ ਲਈ ਕੇਂਦਰ ਸਰਕਾਰ ਤੋਂ ਮਦਦ ਮੰਗੇਗੀ। ਨੁਕਸਾਨ ਦੇ ਅੰਕੜੇ ਇਕੱਠੇ ਕਰਨ ਲਈ 12 ਟੀਮਾਂ ਦਾ ਗਠਨ ਕੀਤਾ ਗਿਆ ਹੈ, ਜੋ 7 ਦਿਨਾਂ ਵਿੱਚ ਰਿਪੋਰਟ ਦੇਣਗੀਆਂ। ਮੰਗਲਵਾਰ ਨੂੰ ਪਿੰਡਾਂ ਵਿੱਚ ਪਾਣੀ ਸਿਰਫ 2 ਫੁੱਟ ਤਕ ਘਟਿਆ ਹੈ। ਜਲੰਧਰ ਜ਼ਿਲ੍ਹੇ ਦੇ 100 ਪਿੰਡਾਂ ਵਿੱਚ ਤਕਰੀਬਨ 2 ਲੱਖ ਲੋਕ ਹੜ੍ਹ ਤੋਂ ਪ੍ਰਭਾਵਿਤ ਹਨ। ਬੁੱਧਵਾਰ ਨੂੰ ਫਿਲੌਰ ਤੇ ਸ਼ਾਹਕੋਟ ਅਧੀਨ ਪੈਂਦੇ ਪਿੰਡਾਂ ਵਿੱਚ ਫੌਜ ਹੈਲੀਕਾਪਟਰ ਰਾਹੀਂ ਖਾਣੇ ਦੇ ਪੈਕਿਟ ਸਪਲਾਈ ਕਰੇਗੀ। ਲਗਪਗ 1000 ਲੋਕ ਤਾਇਨਾਤ ਕੀਤੇ ਗਏ ਹਨ। ਰੋਪੜ-ਅਨੰਦਪੁਰ ਸਾਹਿਬ ਦੇ 50, ਫਿਰੋਜ਼ਪੁਰ ਦੇ 17, ਕਪੂਰਥਲਾ ਦੇ 16 ਪਿੰਡਾਂ ਦੀ ਹਾਲਤ ਨਾਜ਼ੁਕ ਹੈ। ਲਗਭਗ 300 ਲੋਕ ਅਜੇ ਵੀ ਘਰਾਂ ਵਿੱਚ ਫਸੇ ਹੋਏ ਹਨ।

## 'ਸੰਤਾ ਕੇ ਕਾਰਜਿ ਆਪਿ ਖਲੋਇਆ' ਸ਼ਬਦ ਦਾ ਪੋਸਟਰ ਰਲੀਜ




ਗੁਰਦਵਾਰਾ ਸਾਹਿਬ ਮਕਿੰਡੋ (ਕੇਨੀਆ) ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਨੂੰ ਸਮਰਪਿਤ ਇੱਕ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਗਿਆ। ਆਖੰਡ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਇਸ ਕੀਰਤਨ ਦਰਬਾਰ ਵਿੱਚ ਹਾਜਰੀ ਭਰੀ। ਇਸ ਮੌਕੇ ਗੁਰੂ ਗੋਬਿੰਦ ਸਿੰਘ ਜੀ ਦਰਬਾਰ (Upper Darbar) ਵਿਖੇ, ਗੁਰੂ ਘਰ ਦੇ ਹੈੱਡ ਗਿਆਨੀ ਜਸਵੀਰ ਸਿੰਘ ਜੀ ਮਕਿੰਡੋ ਵਾਲੇ, ਭਾਈ ਸਤਨਾਮ ਸਿੰਘ ਜੀ ਸ਼ਾਂਤ ਤੇ ਤਬਲਾ ਵਾਦਿਕ ਭਾਈ ਪਰਮਜੀਤ ਸਿੰਘ ਪਰਮ ਨੇ ਇਲਾਹੀ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ। ਇਸ ਮੌਕੇ ਅਮਰੀਕਾ ਤੋਂ ਆਏ ਭਾਈ ਸਾਹਿਬ ਭੁਪਿੰਦਰ ਸਿੰਘ ਜੀ ਦਿੱਲੀ ਵਾਲਿਆਂ ਨੇ ਵੀ ਹਾਜਰੀ ਭਰੀ। ਇਸ ਮੌਕੇ 'ਤੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਸਿੱਧ ਲੇਖਕ ਖਾਲਸਾ ਭਾਈ ਲਖਵਿੰਦਰ ਸਿੰਘ ਜੀ ਲੱਖਾ ਸਲੇਮਪੁਰ ਵਾਲਿਆਂ ਦੀ ਰਸਭਿੰਨੀ ਅਵਾਜ਼ ਵਿੱਚ ਰਿਕਾਰਡ ਕੀਤੇ ਗਏ ਪਵਿੱਤਰ ਸ਼ਬਦ "ਸੰਤਾ ਕੇ ਕਾਰਜਿ ਆਪਿ ਖਲੋਇਆ ਨੂੰ ਗੁਰੂ ਘਰ ਦੇ ਸਤਿਕਾਰਯੋਗ ਮੁਖੀ ਸੇਵਾਦਾਰਾਂ ਵਲੋਂ ਸ਼ਰਧਾ ਨਾਲ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਪੋਸਟਰ ਰਲੀਜ ਕੀਤਾ ਗਿਆ। ਇਸ ਮੌਕੇ ਭਾਈ ਸਰਬਜੀਤ ਸਿੰਘ ਜੀ,ਭਾਈ ਕਿਰਨਪਾਲ ਸਿੰਘ ਜੀ, ਭਾਈ ਲਖਵਿੰਦਰ ਸਿੰਘ ਲੱਖਾ,ਭਾਈ ਜਸਵੀਰ ਸਿੰਘ ਜੀ,ਭਾਈ ਸਤਨਾਮ ਸਿੰਘ ਜੀ, ਭਾਈ ਪਰਮਜੀਤ ਸਿੰਘ ਜੀ ਹਾਜਿਰ ਸਨ।

## ਕਰਤਾਰਪੁਰ ਕੌਰੀਡੋਰ ਉਸਾਰਨ ਵਾਲੇ ਮੁਲਾਜ਼ਮਾਂ ਨੂੰ 3 ਮਹੀਨਿਆਂ ਦੀ ਤਨਖ਼ਾਹ ਤੋਂ ਵਾਂਝੇ, ਕੰਮ ਹੋਇਆ ਠੱਪ

ਗੁਰਦਾਸਪੁਰ: ਕਰਤਾਰਪੁਰ ਸਾਹਿਬ ਕੌਰੀਡੋਰ ਦਾ ਕੰਮ ਪਿਛਲੇ ਕਈ ਦਿਨਾਂ ਤੋਂ ਠੱਪ ਪਿਆ ਹੈ। ਕੌਰੀਡੋਰ ਦੀ ਉਸਾਰੀ ਵਿੱਚ ਜੁਟੇ ਹੋਏ ਮੁਲਾਜ਼ਮਾਂ ਨੂੰ ਤਨਖ਼ਾਹ ਨਾ ਮਿਲਣ ਕਰਕੇ ਉਨ੍ਹਾਂ ਮਸ਼ੀਨਾਂ ਚਲਾਉਣੀਆਂ ਬੰਦ ਕਰ ਦਿੱਤੀਆਂ ਹਨ। ਇਸ ਬਾਰੇ ਨਿਰਮਾਣ ਕੰਪਨੀ ਨੇ ਚੁੱਪੀ ਵੱਟ ਲਈ ਹੈ ਪਰ ਡੇਰਾ ਬਾਬਾ ਨਾਨਕ ਦੇ ਐਸਡੀਐਮ ਨੇ ਇਸ ਦੀ ਪੁਸ਼ਟੀ ਕੀਤੀ ਹੈ। ਡਰਾਈਵਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਕੋਈ ਤਨਖ਼ਾਹ ਨਹੀਂ ਮਿਲੀ, ਜਿਸ ਕਾਰਨ ਉਹ ਦੋ ਵੇਲੇ ਦੀ ਰੋਟੀ ਦੇ ਵੀ ਮੁਥਾਜ ਹਨ। ਉਨ੍ਹਾਂ ਦੱਸਿਆ ਕਿ ਉਹ ਜਦੋਂ ਵੀ ਆਪਣੇ ਪੈਸੇ ਮੰਗਣ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਲਾਰਾ ਲਾ ਕੇ ਭੇਜ ਦਿੱਤਾ ਜਾਂਦਾ ਹੈ, ਪਰ ਹੁਣ ਉਨ੍ਹਾਂ ਤੋਂ ਹੋਰ ਕੰਮ ਨਹੀਂ ਹੁੰਦਾ ਇਸ ਲਈ ਉਨ੍ਹਾਂ ਕੰਮ ਬੰਦ ਕਰਨ ਦਾ ਫੈਸਲਾ ਕਰ ਲਿਆ ਹੈ। ਡੇਰਾ ਬਾਬਾ ਨਾਨਕ ਦੇ ਐੱਸ ਡੀ ਐਮ ਗੁਰਸਿਮਰਨ ਜੀਤ ਸਿੰਘ ਢਿੱਲੋਂ ਨੇ ਇਸ ਮਸਲੇ ਨੂੰ ਹੱਲ ਕਰਨ ਦਾ ਭਰੋਸਾ ਦਵਾਇਆ। ਉਨ੍ਹਾਂ ਕਿਹਾ ਕਿ ਡਰਾਈਵਰਾਂ ਅਤੇ ਠੇਕੇਦਾਰ ਵਿਚਾਲੇ ਪੈਸੇ ਦੇ ਲੈਣ-ਦੇਣ ਦਾ ਮਸਲਾ ਚੱਲ ਰਿਹਾ ਸੀ, ਜਿਸ ਤੋਂ ਖਫਾ ਟਰੱਕ ਡਰਾਈਵਰਾਂ ਨੇ ਆਪਣੇ ਵਾਹਨ ਖੜ੍ਹੇ ਕਰ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਜਲਦ ਹੀ ਦੋਹਾਂ ਪੱਖਾਂ ਨਾਲ ਗੱਲ ਕਰ ਕੇ ਮਸਲਾ ਸੁਲਝਾ ਲਿਆ ਜਾਵੇਗਾ।



## ਬਰਗਾੜੀ ਬੇਅਦਬੀ ਮਾਮਲੇ 'ਚ ਪੰਜਾਬ ਦੇ ਮੁੱਖ ਮੰਤਰੀ ਨੇ ਠੁਕਰਾਈ ਸੀਬੀਆਈ ਦੀ



ਚੰਡੀਗੜ੍ਹ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਸੀਬੀਆਈ ਨੇ ਮੁੜ ਜਾਂਚ ਕਰਨ ਦੀ ਇੱਛਾ ਜਤਾਈ ਹੈ। ਪਹਿਲਾਂ ਸੀਬੀਆਈ ਨੇ ਇਸ ਕੇਸ ਬਾਰੇ ਕਲੋਜ਼ਰ ਰਿਪੋਰਟ ਦਾਖ਼ਲ ਕਰ ਦਿੱਤੀ ਸੀ ਜਿਸ 'ਤੇ ਪੰਜਾਬ ਵਿੱਚ ਕਾਫੀ ਵਿਵਾਦ ਹੋ ਰਿਹਾ ਹੈ। ਇਸ ਪਿੱਛੋਂ ਚੁਫੇਰਿਓਂ ਪੈ ਰਹੇ ਦਬਾਅ ਤੋਂ ਬਾਅਦ ਸੀਬੀਆਈ ਨੇ ਮੁਹਾਲੀ ਦੀ ਸੀਬੀਆਈ ਅਦਾਲਤ ਵਿੱਚ ਆਪਣੀ ਕਲੋਜ਼ਰ ਰਿਪੋਰਟ 'ਤੇ ਅਸਥਾਈ ਰੋਕ ਲਾਉਣ ਦੀ ਮੰਗ ਕੀਤੀ ਹੈ। ਉੱਧਰ ਪੰਜਾਬ ਸਰਕਾਰ ਵੀ ਸੀਬੀਆਈ ਕੋਲੋਂ ਜਾਂਚ ਵਾਪਸ ਲੈਣ ਲਈ ਕਹਿ ਰਹੀ ਹੈ।

ਸੀਬੀਆਈ ਨੇ ਮੁਹਾਲੀ ਦੀ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਇਸ ਕੇਸ ਦੀ ਕਲੋਜ਼ਰ ਰਿਪੋਰਟ 24 ਜੁਲਾਈ ਨੂੰ ਦਾਇਰ ਕੀਤੀ ਗਈ ਸੀ, ਕਿਉਂਕਿ ਪਹਿਲਾਂ ਕੀਤੀ ਗਈ ਜਾਂਚ ਵਿੱਚ ਕੋਈ ਸਬੂਤ ਨਹੀਂ ਮਿਲੇ। ਬਿਊਰੋ ਆਫ ਇਨਵੈਸਟੀਗੇਸ਼ਨ ਦੇ ਵਿਸ਼ੇਸ਼ ਡਾਇਰੈਕਟਰ ਕਮ ਡੀਜੀਪੀ ਨੇ 29 ਜੁਲਾਈ ਨੂੰ ਸੀਬੀਆਈ ਨੂੰ ਕੁਝ ਨਵੇਂ ਤੱਥ ਤੇ ਸਬੂਤ ਮੁਹੱਈਆ ਕਰਵਾਏ ਹਨ, ਜਿਨ੍ਹਾਂ ਨੂੰ ਦੇਖ ਕੇ ਇਨ੍ਹਾਂ ਪਹਿਲੂਆਂ 'ਤੇ ਦੁਬਾਰਾ ਵਿਚਾਰ ਕਰਨ ਦੀ ਜ਼ਰੂਰਤ ਹੈ।

ਸੀਬੀਆਈ ਨੇ ਕਿਹਾ ਕਿ ਵਿਸ਼ੇਸ਼ ਜਾਂਚ ਬਿਊਰੋ ਦੇ ਡੀਜੀਪੀ ਕਮ ਡਾਇਰੈਕਟਰ ਨੇ ਵੀ ਉਨ੍ਹਾਂ ਨੂੰ ਆਪਣੇ ਪੱਤਰ ਵਿੱਚ ਇਨ੍ਹਾਂ ਕੇਸਾਂ ਦੀ ਮੁੜ ਪੜਤਾਲ ਕਰਨ ਲਈ ਕਿਹਾ ਹੈ। ਇਨ੍ਹਾਂ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਨੂੰ ਅੱਗੇ ਦੀ ਜਾਂਚ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ ਤੇ ਉਦੋਂ ਤਕ ਕਲੋਜ਼ਰ ਰਿਪੋਰਟ 'ਤੇ ਰੋਕ ਲਾਈ ਜਾਏ। ਦੂਜੇ ਪਾਸੇ ਕੈਪਟਨ ਸਰਕਾਰ ਸੀਬੀਆਈ ਦੀ ਇਸ ਦਲੀਲ ਨਾਲ ਸਹਿਮਤ ਨਹੀਂ। ਵਧੀਕ ਮੁੱਖ ਸਕੱਤਰ ਗ੍ਰਹਿ ਸਤੀਸ਼ ਚੰਦਰ ਨੇ ਕਿਹਾ ਹੈ ਕਿ ਉਹ ਇਸ ਦਾ ਵਿਰੋਧ ਕਰਦੇ ਹਨ ਤੇ ਸੀਬੀਆਈ ਤੋਂ ਬੇਅਦਬੀ ਦੇ ਸਾਰੇ ਕੇਸ ਵਾਪਸ ਲੈਣ ਲਈ ਅਦਾਲਤ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਤੋਂ ਬਾਅਦ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਸੀ ਕਿ ਸੀਬੀਆਈ ਤੋਂ ਸਾਰੇ ਕੇਸ ਵਾਪਸ ਲਏ ਜਾਣੇ ਚਾਹੀਦੇ ਹਨ। ਸਿਰਫ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਕੋਲੋਂ ਹੀ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਵਾਈ ਜਾਏਗੀ। ਪੰਜਾਬ ਭਵਨ ਵਿੱਚ ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਨੇ ਵੀ ਬਰਗਾੜੀ ਮਾਮਲਿਆਂ ਵਿੱਚ ਸੀਬੀਆਈ ਵੱਲੋਂ ਕਲੋਜ਼ਰ ਰਿਪੋਰਟ ਦੇਣ ਤੋਂ ਬਾਅਦ ਕੇਸ ਨੂੰ ਮੁੜ ਖੋਲ੍ਹਣ ਬਾਰੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਪਿੱਛੇ ਸਿਆਸਤ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਪੰਜਾਬ ਪੁਲਿਸ ਤੋਂ ਹੀ ਇਸ ਮਾਮਲੇ ਦੀ ਜਾਂਚ ਕਰਵਾਏਗੀ।











# Mouthwash use could negate benefits of exercise

The blood pressure-lowering effect of exercise is significantly reduced when people rinse their mouths with antibacterial mouthwash rather than water, according to a study which shows the importance of oral bacteria in cardiovascular health.

The study, published in the journal Free Radical Biology and Medicine, suggests that health professionals should pay attention to the oral environment when recommending interventions involving physical activity for high blood pressure.

"Scientists already know that blood vessels open up during exercise, as the production of nitric oxide increases the diameter of the blood vessels (known as vasodilation), increasing blood flow circulation to active muscles," said Raul Bescos, from the University of Plymouth in the UK. "What has remained a mystery is how blood circulation remains higher after exercise, in turn triggering a blood-pressure lowering response known as post-exercise hypotension," Bescos said. Previous research has suggested that nitric oxide was not involved in this post-exercise response - and only involved during exercise - but the new study challenges these views.

"It's all to do with nitric oxide degrading into a compound called nitrate, which for years was thought to have no function in the body. But research over the last decade has shown that nitrate can be absorbed in the salivary glands and excreted with saliva

***The study, published in the journal Free Radical Biology and Medicine, suggests that health professionals should pay attention to the oral environment when recommending interventions involving physical activity for high blood pressure.***

in the mouth," said Bescos. Twenty-three healthy adults were asked to run on a treadmill for a total of 30 minutes on two separate occasions, after which they were monitored for two hours. On each occasion at one, 30, 60 and 90 minutes after exercise they were asked to rinse their mouths with a liquid -- either antibacterial mouthwash (0.2 per cent chlorhexidine) or a placebo of mint-flavoured water.

# Women's increased alcohol consumption contributing to India's growing love for alcohol



"More women are drinking and women are drinking more", a new survey on alcohol consumption pattern among the fairer sex in Delhi has revealed. Rising affluence, aspirations, societal pressure and exposure to a different lifestyle is driving women to experiment with alcohol, stated the survey, conducted by the Community Against Drunken Driving (CADD) among 5,000 women aged between 18 to 70 in Delhi. Already among the world's highest consumer of alcohol, India's love for alcohol is growing rapidly. According to a World Health Organization (WHO) study, between 2010 and 2017, alcohol consumption in India increased by 38 per cent. It increased to about 5.7 litres per adult per year in 2016 from 2.4 litres per adult per year in 2005, the CADD said. "A steady and silent contributor to this growth has been the increased consumption of alcohol among women who were till recently considered the obvious abstainers," it said in the survey aimed at assessing the current consumption, expenditure pattern, drinking habits and spaces and other factors that are impacting this phenomenon. "More women are drinking and women are drinking more," the survey said. After traditionally being non drinkers for decades, the women's alcohol market is expected to grow by 25 per cent over the next 5 years, it quotes the Indian government's Centre for Alcohol Studies as saying. 'Pinking' of the alcohol market, combined with sustained messaging in movies and on TV that alcohol is the best way for women to relax and reward themselves, is all adding up to the rise, the CADD said.

# Exercise for mental health: How much is too much, and what you need to know

***Many recent studies have concluded that exercise boosts our mental health and is directly linked to our self-confidence and self-***



In the current scenario, where life is so demanding and people have no time for themselves, it is very essential to take good care of one's mental health, which can be easily achieved by exercising daily. Many recent studies have concluded that exercise boosts our mental health and is directly linked to our self-confidence and self-esteem.

But the question arises; how much exercise is too much? A study, which took place to throw some more light on how exercise affects mental health, unfolded some interesting revelations. This study was conducted by researchers at Yale University in New Haven, Connecticut. The researchers also tried to identify which types of exercises provided the maximum boost. They also wanted to conclude how much exercise is too much. These observations were published by The Lancet Psychiatry journal. The researchers found that different kinds of team-oriented sports, cycling, and aerobic exercise are the most beneficial to mental health."Depression is the leading cause of disability worldwide, and there is an urgent need to find ways to improve mental health through population health campaigns," notes study author Dr. Adam Chekroud."Exercise," he adds, "is associated with a lower mental health burden across people no matter their age, race, gender, household income, and education level."

The study participants were recruited from across the U.S. and had all participated in the Behavioural Risk Factor Surveillance System survey in 2011, 2013, and 2015. For their examination, the analysts utilised statistical data, additional information about the members' psychological and physical wellbeing, as well as their fitness behaviours. The only specific mental health disorder that the researchers considered, however, was depression. The participants provided estimates of poor mental health issues they faced for over 30 days, and how much have they exercised during the same course of time.The participants reported an estimated 3-4 days of disturbed mental health. Comparing both the lots of people who exercise, and the one who don't, the researchers concluded that the former reported 1.5 fewer days of mental health issues.




# Soft drink consumption linked to risk of early death: Study



**The study, published in the journal JAMA Internal Medicine, surveyed participants on their food and drink consumption between 1992 to 2000 and followed up an average of**

Consumption of soft drinks whether sweetened with sugar or artificial sweeteners may be associated with an increased risk of premature death, according to a study. The study, involving over 450,000 participants from 10 European countries, found that those who drank two or more glasses of soft drinks, including sugar-sweetened and artificially sweetened soft drinks, per day had a higher risk of mortality from all causes than those who consumed less than one glass per month. Specific associations were also observed between artificially sweetened soft drinks and deaths from circulatory diseases and sugar-sweetened soft drinks with mortality resulting from digestive diseases, researchers said. The study, published in the journal JAMA Internal Medicine, surveyed participants on their food and drink consumption between 1992 to 2000 and followed up an average of 16 years later. "This study adds to the growing body of evidence that suggests possible negative associations between soft drinks and common causes of deaths such as heart disease and stroke," said Jonathan Pearson-Stuttard from Imperial College London in the UK. While the study found an association between consumption of soft drinks and increased mortality the researchers stress that the link is a complex one and cannot be assumed to be causal. "We found that compared with those reporting low consumption, participants who reported high consumption of soft drinks were at greater risk of all-cause death in our study sample," said Neil Murphy, one of the study's lead authors, based at International Agency for Research on Cancer (IARC) in France. "This doesn't mean that soft drinks cause early death as in these types of studies there are other factors which may be behind the association we observed," Murphy said."For instance, high soft drink consumption may be a marker of overall unhealthy diet. Also, in our study, high soft drinks consumers had higher body mass Index (BMI) and were also more likely to be current tobacco smokers," he said. "Additionally, and importantly, we generally saw similar associations in people smoking and non-smoking and among lean and obese participants which adds weight to the soft drink and mortality association not being strongly influenced by smoking habits and BMI," Murphy said.

# Study says sad dads spank more



Depression in fathers can negatively affect a young child's health and development. As compared to their non-depressed counterparts, depressed fathers are nearly four times more likely to spank their children, claims a study. The researchers studied data from 1,746 fathers of 1-year-old children in the 'Fragile Families and Child Wellbeing Study.' Fathers reported on how often they played with, sang to and read to their kids. They also reported whether they had spanked their kids in the last month and whether they had spoken to their child's medical provider in the past year. The fathers were also assessed for depression. Overall, 7 per cent of fathers had depression. Of those, 41 per cent said they read to their child at least three times a week, as compared with 58 per cent of fathers who weren't depressed. Forty-one per cent of fathers said they had hit their child in the last month – over three times as many as fathers who weren't depressed, reported the study published in the journal -- 'Paediatrics.'

"The effect of mothers' depression on parenting behaviours has well been established," said Sarah Clark, senior author of the study. "This study is important because it demonstrates that depression in fathers has a very tangible effect on how those fathers interact with their young children," added Clark. The findings also offered an important cue to action, as over three-quarters of depressed fathers reported talking to their child's doctor in the previous year.

"This suggests that visits to the pediatrician may provide an ideal opportunity to discuss specific parenting behaviours with fathers and to refer depressed fathers for appropriate treatment," said R Neal Davis, a former fellow at the University of Michigan Health System's Child Health and Evaluation Research (CHEAR) Unit in the Division of General Pediatrics.

# Stressed? Taking a walk in the park even for 20 minutes can help says study

**Nature is therapeutic. Scientists have proven that walking in the park for just a few minutes can lower your stress hormones in your**

Whenever we think of a vacation, we always look for solitude. Places like mountains and beaches give us an instant rush. For a moment just leave everything and think about snow-capped mountains, chirping birds, soft breeze ruffling your hair, the fragrance of fresh grass, and refreshing air. Oh! Calming isn't it?We look for a hideout in open air to rejuvenate our sense and energize our souls–as we are tired of the hustle and bustle of a metro life. But do you know why? It's because nature has the power to heal. In fact, a recent study suggests that being in nature significantly lowers your stress levels.

Dr. Mary Carol Hunter, an associate professor at the University of Michigan and lead author of this research says, "We know that spending time in nature reduces stress, but until now it was unclear how much is enough, how often to do it, or even what kind of nature experience will benefit us,". "Our study shows that for the greatest payoff, in terms of efficiently lowering levels of the stress hormone cortisol, you should spend 20 to 30 minutes sitting or walking in a place that provides you with a sense of nature," added Hunter in the study published in the journal, Frontiers in Psychology. Maybe that's why the concept of green building is so in trend. Nature pills could be a low-cost solution to reduce the negative health impacts stemming from growing urbanisation and indoor lifestyles dominated by screen viewing. To assist healthcare practitioners looking for evidence-based guidelines on what exactly to dispense, Hunter and her colleagues designed an experiment that would give a realistic estimate of an effective dose.This is how they have figured it out and you can feel it too! Over an eight week period, participants were asked to take a nature pill with a duration of ten minutes or more, at least thrice a week. Levels of cortisol, a stress hormone, were measured from saliva samples taken before and after a nature pill, once every two weeks.

"Participants were free to choose the time of day, duration, and the place of their nature experience, which was defined as anywhere outside that in the opinion of the participant, made them feel



like they've interacted with nature," Hunter explained. "Building personal flexibility into the experiment, allowed us to identify the optimal duration of a nature pill, no matter when or where it is taken." she continued.

# US designates Indian firms, personnel in crackdown on Iran's oil-for-terror network

***The US department of treasury said the Mehdi Group and its director, Ali Zaheer Mehdi, "have managed vessels and found additional ones to move Iranian oil" and brea "responsibility for crewing and operating" at least seven of the vessels used by the the IRGS-QF-run network.***




The United States on Wednesday designated Mumbai-based Mehdi Group, its subsidiaries and two offices in Singapore and UAE and several officials and ships among 16 entities and 10 individuals alleged to a part of a "oil-for-terror shipping network" run by Iran's Islamic Revolutionary Guard Corps-Qods Force (IRGC-QF).

The US department of treasury said the Mehdi Group and its director, Ali Zaheer Mehdi, "have managed vessels and found additional ones to move Iranian oil" and brea "responsibility for crewing and operating" at least seven of the vessels used by the the IRGS-QF-run network.

The group's three Indian subsidiaries named were Bushra Ship Management Private Limited, Khadija Ship Management Private Limited and Vaniya Ship Management Private Limited. And the offshore branches were Singapore-based Mehdi Offshore Ship Management Pte. Ltd. (Mehdi Offshore) and United Arab Emirates (UAE)-based Penta Ocean Ship Management & Operation LLC (Penta Ocean).

The officials named were group director Ali Zaheer Mehdi and Anuj Bhardwaj, Ali Ghadeer Mehdi and Zafar Anis Ishteyaq Hussain for operating on behalf of the group or its subsidiaries.

The United States had earlier sanction Akhilesh Kumar, the Indian national who is captain of the Adrian Darya I, a ship carrying Iranian oil that has been at the center of an ongoing international confrontation.

The United States has said that the IRGC-QF, which it had earlier designated as a foreign terrorist organization, sells Iranian oil using companies such as those named above to crew and operate ships and tankers, to fund the country's alleged proxies such as the Hezbollah and allies like Syria's Bashar-al-Assad, and has moved oil worth hundreds of millions of dollars for their benefit in the past one year alone.

"Iran continues to take provocative actions to destabilize the region and the world. Treasury's action against this sprawling petroleum network makes it explicitly clear that those purchasing Iranian oil are directly supporting Iran's militant and terrorist arm, the IRGC-Qods Force," said US Treasury Secretary Steven Mnuchin in a statement.

Sigal Mandelker, Under Secretary for Terrorism and Financial Intelligence, added, "This vast oil-for-terror shipping network demonstrates how economically reliant Tehran is on the IRGC-QF and Hizballah as financial lifelines." Separately, the US state department announced a reward of $15 million on Wednesday for information leading to the disruption of the "financial mechanisms" deployed by the IRGS-QF to raise money, including through illicit oil sales through oil tankers like the Adrian Darya 1 designated last week.

Others designated on Wednesday included Rostam Qasemi, a former Iranian petroleum minister and an IRGC-QF official, who the US has alleged "manages a group of individuals, shipping and oil companies, and vessels to sell Iranian crude, condensates, and gas oil". They have sought to pass off Iranian oil as of Iraqi-origin, the US said further.

As a result of the Wednesday sanctions, properties and assets owned by the designated individuals and entities in the US or in areas under its jurisdiction will be frozen and people who deal with them will be exposed to similar designations. The US also warned that foreign financial institutions knowingly conductions significant transactions with them could be sanctioned.

The United States pulled out the Iran deal — called the joint Comprehensive Plan of Action — in 2018 and has slapped severe sanctions on Iran to force it to abandon its nuclear weapons and ballistics programmes and end "malign activities" in the region. And the two countries have been eye-ball-to-eyeball in an escalating military tensions.

## US military diverts funds to pay for Donald Trump's wall along Mexican border

***Secretary of Defense Mark Esper conveyed the decision to US lawmakers in a letter arguing that these new spendings were necessary for aiding the work of military deployed to the border.***



The letter does not mention the "wall" but specifies 11 separate projects, which will include new and replacement fencing, to be funded with the diverted $3.6 billion, stretched across the border states of Texas, Arizona and New Mexico.

The Pentagon has said a list of defunded projects will be released at a later time and insisted they are only being postponed, not cancelled. But to re-fund them — through a "backfill" — it will have to go back to congress, where it will likely run into opposition from the Democratic-controlled House of Representatives.

"The Administration's irresponsible decision to transfer funds from appropriated US military construction makes America less safe and dishonors the Constitution," House Speaker Nancy Pelosi said in a statement. She did not explicitly say if she opposes "backfill", other Democrats have.

Democrats have opposed the president's wall and the failure to come to an agreement on its funding led to the longest ever shutdown of the federal government earlier in the year.

The president has since declared a national emergency to use a rare provision to divert money from the defense department's sanctioned budget for construction projects at home and abroad to fund the wall. The country's premier United States Military Academy at West Point, whose alumni include the Defense Secretary Esper and Secretary of State Mike Pompeo, is among the 127 projects defunded.

## 'He knows how to win': Donald Trump says not worried for Boris Johnson

***Johnson faces a revolt in the House of Commons over the possibility of a no deal exit from the European Union, but Trump told reporters his friend was "going to be okay."***

US President Donald Trump voiced confidence Wednesday in embattled British Prime Minister Boris Johnson, insisting: "He knows how to win."



Johnson faces a revolt in the House of Commons over the possibility of a no deal exit from the European Union, but Trump told reporters his friend was "going to be okay." "Boris is a friend of mine, and he's going at it. There's no question about it," he said. "I watched him this morning. He's in there fighting. He knows how to win. Boris knows how to win. Don't worry about him. He's going to be okay."




ABS ADVANTAGE BUSINESS SERVICES

Ankit Kejriwal
Business Consultant

Corporation Setup
Business License & Permits
Immigration & Divorce
Individual & Corporation Taxes
Audits
Non Profit Setup
Business Insurance

Settle IRS & State Debt
(Offer In Compromise)

Individual Tax Identification Number (ITIN)
(We do in-house passport attestation)

advantage.kay@gmail.com
88-45 164th street
Jamaica NY 11432

718.530.5093
917.774.4659

# Mistaken for intruder, US woman on surprise home visit shot by mom

***The girl, coming home from college for an unannounced visit, was hit in the arm but will survive Friday's incident in Girard, Ohio, local TV station WFMJ said.***



An American woman shot and wounded her 18-year-old daughter when she showed up to pay a surprise visit and the mother thought there was an intruder in the house, reports said Wednesday. The girl, coming home from college for an unannounced visit, was hit in the arm but will survive Friday's incident in Girard, Ohio, local TV station WFMJ said. The mother had a licensed .38 Special revolver and was home alone when she heard noise coming from the kitchen or hallway, police chief John Norman told the station. "She stated that the bedroom door opened where she was at -- and she had a gun readily available and fired a round at someone coming through the door," said Norman. The mother was shocked to learn she had shot her daughter, said Norman. A local district attorney will decide if charges are brought, he said. Gun possession, permitted under the Second Amendment to the US constitution, is widespread in the US.

# US backs India's declaration of Azhar, Saeed, Lakhvi, Dawood as terrorists

***The amendment to the UAPA allows the Indian government to designate individuals as terrorists, making it match similar US laws opening an added avenue for joint action against terrorists.***



The US has backed India designating four Pakistan-based criminals as terrorists under an amended law saying that it expands possibilities of cooperation between Washington and New Delhi in fighting terrorism.

The Acting Assistant Secretary for South and Central Asia, Alice G Wells, tweeted on Wednesday, "We stand w/ #India and commend it for utilizing new legal authorities to designate 4 notorious terrorists: Maulana Masood Azhar, Hafiz Saeed, Zaki-ur-Rehman Lakhvi and Dawood Ibrahim. This new law expands possibilities for joint #USIndia efforts to combat scourge of terrorism."

Lashkar-e-Taiba chief Hafiz Saeed, Jaish-e-Mohammad chief Masood Azhar, LeT's supreme commander of operations in Kashmir Zaki-ur-Rehman Lakhvi and fugitive underworld don Dawood Ibrahim were designated as terrorists under the amended Unlawful Activities (Prevention) Act (UAPA) on Wednesday through a government notification.

The amendment to the UAPA allows the Indian government to designate individuals as terrorists, making it match similar US laws opening an added avenue for joint action against terrorists.

Before the amendment only organisations and not individuals could be given the terrorism designation by India.

Under the US Immigration and Nationality Act the State Department has the authority to designate groups as terrorist organisations.

The Treasury Department can place both individuals and groups on a "Specially Designated Nationals and Blocked Persons" list, which covers terrorists, narcotic traffickers and others acting against foreign policy and national security goals.

The Department's Office of Foreign Assets Control is empowered by presidential emergency powers and several laws to make the designations and enforces economic sanctions such as travel bans, asset freezes and prohibition of financial transactions against those on the list.

LeT and JeM have the State Department's terrorist designation and the four individuals and the two groups are on the Treasury Department's list. India amending the UAPA and designating the four terrorists rectifies an anomaly because it had asked the United Nations Security Council to designate them as global terrorists while it did not have provisions to designate individuals as terrorists. The Council designated Azhar as an international terrorist in May after China dropped its long-standing objection. The other three and the two organisations already had the designation.









# ਸਾਰ੍ਹਾਗੜ੍ਹੀ ਦੇ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਦਾ ਮਾਣ-ਮੱਤਾ ਸਾਕਾ



ਸਾਰਾਗੜ੍ਹੀ ਦਾ ਸਾਕਾ ਬਲੀਦਾਨ ਦੀ ਇੱਕ ਅਜਿਹੀ ਅਦੁੱਤੀ ਕਹਾਣੀ ਹੈ ਜਿਸ ਦੀ ਮਿਸਾਲ ਦੂਨੀਆਂ ਭਰ ਵਿੱਚ ਨਹੀਂ ਮਿਲਦੀ। ਇਹ ਸਾਕਾ ਸਿੱਖ ਰੈਜਮੈਂਟ ਦੇ ਉਹਨਾਂ 21 ਸੂਰਬੀਰ ਬਹਾਦਰ ਸੈਨਿਕਾਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ 12 ਸਤੰਬਰ 1897 ਨੂੰ ਸਾਰਾਗੜ੍ਹੀ ਕਿਲ੍ਹੇ ਦੀ ਰੱਖਿਆ ਕਰਦੇ, 10,000 ਪਠਾਣਾਂ ਵੱਲੋਂ ਕੀਤੇ ਗਏ ਹਮਲੇ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਜਾਂਮ ਪੀਤਾ। ਇਸ ਤਰ੍ਹਾਂ ਉਨ੍ਹਾਂ ਭਾਰਤ ਦੇ ਇਤਿਹਾਸ ਵਿੱਚ ਇਕ ਨਵੇਂ ਕਾਂਡ ਦੀ ਸਿਰਜਨਾ ਕੀਤੀ, ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਪ੍ਰੇਰਨਾ ਸਰੋਤ ਹੈ।

ਉੱਤਰੀ-ਪੱਛਮੀ ਸਰਹੱਦੀ ਸੂਬੇ(ਜਿਹੜਾ ਕਿ ਹੁਣ ਪਾਕਿਸਤਾਨ ਵਿੱਚ ਹੈ) ਵਿੱਚ 1897 ਵਿੱਚ ਜਿਹੜੀ ਬਗਾਵਤ ਉੱਭਰ ਰਹੀ ਸੀ, ਉਸਦੀ ਅਗਵਾਈ ਮੁੱਲਾ ਕਰ ਰਹੇ ਸਨ। ਇਨ੍ਹਾਂ ਪਠਾਣਾਂ ਨੇ ਹਰ ਥਾਂ ਫੌਜੀਆਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। 36ਵੀਂ ਸਿੱਖ ਬਟਾਲੀਅਨ (ਅੱਜ ਕੱਲ੍ਹ 4/11 ਸਿੱਖ ਰੈਜਮੈਂਟ) ਜਿਹੜੀ ਕਿ ਜਲੰਧਰ ਵਿਖੇ 1897 ਵਿੱਚ ਕਰਨਲ ਕੁੱਕ ਦੀ ਕਮਾਂਡ ਹੇਠ ਅਜੇ ਸਿਰਫ ਦੱਸ ਦਿਨ ਪਹਿਲਾਂ ਹੀ ਬਣੀ ਸੀ, ਨੂੰ ਹੁਕਮ ਦਿੱਤਾ ਗਿਆ ਕਿ ਉਹ ਕਿਲ੍ਹਾ ਲੋਕਹਾਰਟ ਪਹੁੰਚ ਜਾਏ। ਇਹ ਕਿਲ੍ਹਾ ਸਰਹੱਦੀ ਇਲਾਕੇ ਦੇ ਪਹਾੜੀ ਖੇਤਰ ਵਿੱਚ ਸਥਿੱਤ ਸੀ। ਸਾਰਾਗੜ੍ਹੀ ਤੇ ਗੁਲਸਤਾਨ ਇਸ ਕਿਲ੍ਹੇ ਦੀਆਂ ਮਸ਼ਹੂਰ ਚੋਂਕੀਆਂ ਸਨ। ਸਾਰਾਗੜ੍ਹੀ ਇੱਕ ਵੱਖਰੀ ਕਿਸਮ ਦੀ ਚੌਂਕੀ ਸੀ, ਇਸ ਚੌਂਕੀ ਦੀ ਕਮਾਂਡ ਹਵਾਲਦਾਰ ਈਸ਼ਰ ਸਿੰਘ, ਜਿਸ ਦੇ ਨਾਲ ਨਾਇਕ ਲਾਭ ਸਿੰਘ, ਲਾਂਸ ਨਾਇਕ ਚੰਦ ਸਿੰਘ ਅਤੇ 18 ਹੋਰ ਸਿਪਾਹੀ ਕਰ ਰਹੇ ਸਨ।

12 ਸਤੰਬਰ 1897 ਨੂੰ ਹਜ਼ਾਰਾਂ ਅਫਰੀਦੀਆਂ ਅਤੇ ਅਰਾਕਜ਼ਾਈ ਪਠਾਣਾਂ ਨੇ ਇਸ ਚੌਂਕੀ 'ਤੇ ਹਮਲਾ ਕਰ ਦਿੱਤਾ ਅਤੇ ਦੋਵੇਂ ਚੌਂਕੀਆਂ ਘੇਰ ਲਈਆਂ। ਲੈਫਟੀਨੈਂਟ ਕਰਨਲ ਹਾਫਟਨ ਜਿਹੜਾ ਕਿਲ੍ਹਾ ਲੋਕਹਾਰਟ ਦਾ ਕਮਾਂਡਿੰਗ ਅਫਸਰ ਸੀ, ਉਸ ਨੇ ਸਾਰਾਗੜ੍ਹੀ ਨਾਲ ਸੰਪਰਕ ਪੈਦਾ ਕੀਤਾ, ਜਿੱਥੇ ਕਿ ਹਿਲੋਗ੍ਰਾਫ ਰਾਹੀਂ ਸੰਦੇਸ਼ ਪ੍ਰਾਪਤ ਹੋ ਰਹੇ ਸਨ। ਇਸ ਚੌਂਕੀ ਵਿੱਚ 4 ਕੰਪਨੀਆਂ ਮੌਜੂਦ ਸਨ। ਸੰਨ 1897 ਦੀ 3 ਸਤੰਬਰ ਅਤੇ 9 ਸਤੰਬਰ ਨੂੰ ਕਬਾਇਲੀਆਂ ਨੇ ਗੁਲਿਸਤਾਨ ਚੌਂਕੀ ਤੇ ਹਮਲਾ ਕਰ ਦਿੱਤਾ। ਇਨ੍ਹਾਂ ਦੋਨਾਂ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਗਿਆ, ਜਿਸ ਵਿੱਚ ਦੁਸ਼ਮਣ ਦਾ ਭਾਰੀ ਨੁਕਸਾਨ ਹੋਇਆ। ਇਸ ਹਾਰ ਦੀ ਪੀੜ ਮਹਿਸੂਸ ਕਰਦੇ ਹੋਏ 12 ਸਤੰਬਰ 1897 ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਪਠਾਣਾਂ ਨੇ ਸਾਰਾਗੜ੍ਹੀ ਚੌਂਕੀ ਤੇ ਭਾਰੀ ਹਮਲਾ ਕਰ ਦਿੱਤਾ। ਇਸ ਛੋਟੀ ਜਿਹੀ ਚੌਂਕੀ ਦੇ ਅੰਦਰ ਬਹਾਦਰ ਸਿੱਖ ਫੌਜੀਆਂ ਨੇ ਹਮਲਾਵਰਾਂ ਦੇ ਕਈ ਹਮਲਿਆਂ ਦਾ ਮੂੰਹ ਤੋੜ ਉੱਤਰ ਦਿੱਤਾ ਅਤੇ 6 ਘੰਟਿਆਂ ਦੀ ਲੜਾਈ ਵਿੱਚ ਦੋ ਸੌ ਤੋਂ ਵੀ ਵੱਧ ਪਠਾਣ ਮਾਰੇ ਗਏ।

ਸਿਪਾਹੀ ਗੁਰਮੁੱਖ ਸਿੰਘ ਨੇ ਕਰਨਲ ਹਾਫਟਨ ਨੂੰ ਹਿਲੋਗ੍ਰਾਫ ਰਾਹੀਂ ਸੰਦੇਸ਼ ਭੇਜਿਆ ਕਿ ਸਾਰਾਗੜ੍ਹੀ ਦੀ ਚੌਂਕੀ ਤੇ ਦੁਸ਼ਮਣ ਨੇ ਭਾਰੀ ਗਿਣਤੀ ਵਿੱਚ ਹਮਲਾ ਕਰ ਦਿੱਤਾ ਹੈ। ਕਮਾਂਡਰ ਦੇ ਹੁਕਮ ਨਾਲ ਇਨ੍ਹਾਂ ਸਿਪਾਹੀਆਂ ਨੇ ਜਵਾਬ ਵਿੱਚ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਤਕਰੀਬਨ ਅੱਧਾ ਘੰਟਾ ਗੋਲੀ ਚੱਲਦੀ ਰਹੀ ਤਾਂ ਨਾਇਕ ਲਾਭ ਸਿੰਘ, ਭਗਵਾਨ ਸਿੰਘ ਅਤੇ ਸਿਪਾਹੀ ਜੀਵਨ ਸਿੰਘ ਨੇ ਚੌਂਕੀ ਤੋਂ ਬਾਹਰ ਆ ਕੇ ਪਠਾਣਾਂ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਾਰਾਗੜ੍ਹੀ ਚੌਂਕੀ ਦੇ ਅੰਦਰ ਫੌਜੀਆਂ ਨੇ ਹੋਰ ਸੈਨਿਕ ਹਥਿਆਰ ਅਤੇ ਗੋਲਾ-ਬਾਰੂਦ ਮੰਗਿਆਂ, ਪਰ ਚੌਂਕੀ ਦੇ ਅੰਦਰ ਕਿਸੇ ਤਰ੍ਹਾਂ ਦੀ ਮੱਦਦ ਪਹੁੰਚਾਉਣੀ ਮੁਸ਼ਕਲ ਸੀ ਅਜੇ ਉਨ੍ਹਾਂ ਨੇ ਦੁਸ਼ਮਣ ਦੇ ਕੁੱਝ ਹੀ ਬੰਦੇ ਮਾਰੇ ਸਨ ਕਿ ਭਗਵਾਨ ਸਿੰਘ ਸ਼ਹੀਦ ਹੋ ਗਿਆ ਅਤੇ ਲਾਭ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਜੀਵਨ ਸਿੰਘ ਅਤੇ ਲਾਭ ਸਿੰਘ ਨੇ ਭਗਵਾਨ ਸਿੰਘ ਦੀ ਲਾਸ਼ ਚੁੱਕ ਕੇ ਚੌਂਕੀ ਵਿੱਚ ਰੱਖ ਲਈ। ਲਾਭ ਸਿੰਘ ਨੇ ਜ਼ਖ਼ਮੀ ਹਾਲਤ ਵਿੱਚ ਉਦੋਂ ਤੱਕ ਗੋਲੀ ਚਲਾਉਣੀ ਜਾਰੀ ਰੱਖੀ ਜਦੋਂ ਤੱਕ ਕਿ ਉਹ ਧਰਤੀ ਤੇ ਨਹੀਂ ਡਿੱਗ ਪਿਆ। ਸਿੱਖ ਬਹਾਦਰ ਸਿਪਾਹੀਆਂ ਨੇ ਦਸਮ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਵਾਕ "ਸਵਾ ਲਾਖ ਸੇ ਏਕ ਲੜਾਊਂ ,ਤਬੇ ਗੋਬਿੰਦ ਸਿੰਘ ਨਾਮ ਕਹਾਊਂ" ਨੂੰ ਸੱਚ ਕਰਕੇ ਦਿਖਾਇਆ।

ਇਸ ਹਾਲਤ ਵਿੱਚ ਵੀਰ ਸੈਨਿਕ ਇਕ ਤੋਂ ਬਾਅਦ ਇਕ ਸ਼ਹੀਦ ਹੁੰਦੇ ਗਏ ਅਤੇ ਜਦ ਗੋਲਾ ਬਾਰੂਦ ਖ਼ਤਮ ਹੋ ਗਿਆ ਤਾਂ ਉਨ੍ਹਾਂ ਨੇ ਤਲਵਾਰਾਂ ਅਤੇ ਸੰਗੀਨਾਂ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ। ਬਹਾਦਰ ਸਿੱਖ ਫੌਜੀਆਂ ਦੀ ਸ਼ਾਨਦਰ ਨਿਸ਼ਾਨੇਬਾਜ਼ੀ ਅਤੇ ਉਨ੍ਹਾਂ ਦੀ ਬਹਾਦਰੀ ਦੇ ਸਦਕੇ ਦੁਸ਼ਮਣ ਇਸ ਚੌਂਕੀ ਦੇ ਨੇੜੇ ਨਾ ਫੜਕ ਸਕਿਆ। ਇਸ ਲਈ ਦੁਸ਼ਮਣ ਨੇ ਆਖਰੀ ਹਥਿਆਰ ਵੱਜੋਂ ਸਾਰਾਗੜ੍ਹੀ ਚੌਂਕੀ ਦੇ ਆਲੇ-ਦੁਆਲੇ ਸੁੱਕੀਆਂ ਝਾੜੀਆਂ ਵਿੱਚ ਅੱਗ ਲਾ ਦਿੱਤੀ ਅਤੇ ਚੌਂਕੀ ਦੀ ਇਕ ਕੰਧ ਤੋੜ ਕੇ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਸਿਪਾਹੀ ਇਕ-ਇਕ ਕਰਕੇ ਹਜ਼ਾਰਾਂ ਦੀ ਗਿਣਤੀ ਵਿੱਚ ਪਠਾਣਾਂ ਨੂੰ ਮਾਰ ਕੇ ਸ਼ਹੀਦੀ ਪਾ ਗਏ ਤਾਂ ਗੁਰਮੁੱਖ ਸਿੰਘ ਹੀਲੋਗ੍ਰਾਫਰ ਜੋ ਕਿ ਖ਼ਬਰ ਦੇਣ ਦਾ ਇਕੋ ਇਕ ਵਸੀਲਾ ਸੀ ਨੇ ਕਿਲੇ ਦੇ ਕਮਾਂਡਰ ਨੂੰ ਕਿਲ੍ਹੇ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਇਸ ਸਮੇਂ ਤੱਕ 2 ਫੌਜੀਆਂ ਤੋਂ ਬਿਨਾਂ ਬਾਕੀ ਸਾਰੇ ਸ਼ਹੀਦ ਹੋ ਚੁੱਕੇ ਸਨ। ਕੁੱਝ ਸਮੇਂ ਬਾਅਦ ਇਨ੍ਹਾਂ ਫੌਜਿਆਂ ਦਾ ਕਮਾਂਡਰ ਹਵਾਲਦਾਰ ਈਸ਼ਰ ਸਿੰਘ ਇਕੱਲਾ ਹੀ ਰਹਿ ਗਿਆ ਅਤੇ ਉਸ ਦੇ ਆਲੇ-ਦੁਆਲੇ 20 ਸਾਥੀਆਂ ਦੀਆਂ ਲਾਸ਼ਾਂ ਪਈਆਂ ਸਨ। ਆਪਣੀ ਰਾਈਫਲ ਚੁੱਕ ਕੇ ਉਹ ਸਾਰਾਗੜ੍ਹੀ ਚੋਟੀ ਦੇ ਉਸ ਦਰਵਾਜ਼ੇ ਕੋਲ ਜਾ ਬੈਠਾ ਜਿਥੋ ਦੁਸ਼ਮਣ ਚੌਂਕੀ ਦੇ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਹੁਤ ਹੌਲੀ ਨਾਲ ਜਿਵੇਂ ਕਿ ਉਹ ਫਾਇਰਿੰਗ ਰੇਂਜ਼ ਉੱਪਰ ਬੈਠਾ ਹੋਵੇ ਆਪਣੀ ਰਾਈਫਲ ਨੂੰ ਨੇੜੇ ਕੀਤਾ ਅਤੇ ਕਈ ਪਠਾਣਾਂ ਨੂੰ ਮੌਤ ਦੇ ਘਾਟ ਉਤਾਰਦਾ ਹੋਇਆ ਸ਼ਹੀਦੀ ਪਾ ਗਿਆ। ਉਸ ਨੇ ਆਪਣੀ ਛਾਤੀ ਵਿੱਚ ਗੋਲੀ ਮਾਰ ਕੇ ਸ਼ਾਹਦਤ ਪ੍ਰਾਪਤ ਕੀਤੀ। ਇਸ ਉਪਰੰਤ ਸਾਰੇ ਵਾਤਾਵਰਨ ਤੇ ਖਾਮੋਸ਼ੀ ਦਿਖਾਈ ਦੇਣ ਲੱਗੀ ਅਤੇ ਇਹ ਚੁੱਪ ਦਾ ਵਾਤਾਵਰਣ ਉਸ ਸਮੇਂ ਸਮਾਪਤ ਹੋਇਆ ਜਦੋਂ ਦੁਸ਼ਮਣ ਨੇ ਇਹ ਦੇਖਿਆ ਕਿ ਹੁਣ ਉਸਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ। ਪਠਾਣਾਂ ਨੇ ਮਰਿਆਂ ਹੋਇਆਂ ਜਵਾਨਾਂ ਤੋਂ ਬਦਲਾ ਲਿਆ। ਬੰਦੂਕਾਂ ਆਦਿ ਚੁੱਕਣ ਤੋਂ ਬਾਅਦ ਚੌਂਕੀ ਨੂੰ ਅੱਗ ਲਗਾ ਦਿੱਤੀ। ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਬਹਾਦਰ ਸਿੰਘਾਂ ਨੇ ਇੱਕ-ਇੱਕ ਕਰਕੇ ਬੜੀ ਸੂਰਬੀਰਤਾ ਨਾਲ ਸ਼ਹਾਦਤ ਪ੍ਰਾਪਤ ਕੀਤੀ।


ਪਰਮਜੀਤ ਕੌਰ ਸਿੱਧੂ
98148-90905

ਇਨ੍ਹਾਂ ਸੂਰਬੀਰ ਬਹਾਦਰਾਂ ਦੇ ਇਸ ਕਾਰਨਾਮੇ ਨੂੰ ਸਭ ਤੋਂ ਪਹਿਲਾਂ ਜਨਤਾ ਸਾਹਮਣੇ ਪੇਸ਼ ਕਰਨ ਦਾ ਸਿਹਰਾ ਅਲਾਹਾਬਾਦ ਦੇ ਉਸ ਸਮੇਂ ਦੇ ਦੈਨਿਕ ਅੰਗਰੇਜ਼ੀ ਅਖਬਾਰ "ਪਾਇਨੀਅਰ" ਦੇ ਸਿਰ ਹੈ ਜਿਸ ਦੇ ਸੰਪਾਦਕ ਨੇ ਇਸ ਸਾਕੇ ਦੇ ਸਬੰਧ ਵਿੱਚ ਕਈ ਲੇਖ ਲਿਖੇ। ਇਨ੍ਹਾਂ ਲੇਖਾਂ ਦਾ ਪ੍ਰਣਾਮ ਇਹ ਹੋਇਆ ਕਿ ਬਰਤਾਨੀਆਂ ਵਿੱਚ ਇੱਕ ਐਜੀਟੇਸ਼ਨ ਸ਼ੁਰੂ ਹੋਈ ਅਤੇ ਹਰ ਪਾਸਿਓਂ ਇਹ ਮੰਗ ਉੱਠੀ ਕਿ ਇਨ੍ਹਾਂ ਸਿੰਘਾਂ ਨੇ ਜੋ ਸੂਰਬੀਰਤਾ ਦਿਖਾਈ ਹੈ ਉਸ ਵੱਲ ਧਿਆਨ ਦੇਣ ਦੀ ਲੋੜ ਹੈ। ਅਖਬਾਰਾਂ ਨੇ ਇਹ ਮੰਗ ਕੀਤੀ ਕਿ ਇਨ੍ਹਾਂ ਜਵਾਨਾਂ ਦੀ ਯਾਦ ਵਿੱਚ ਜਿਨ੍ਹਾਂ ਨੇ ਲਾ-ਜਵਾਬ ਬਹਾਦਰੀ ਦਾ ਸਬੂਤ ਦਿੱਤਾ, ਇੱਕ ਯਾਦਗਾਰ ਬਣਾਈ ਜਾਵੇ ਤਾਂ ਕਿ ਇਹ ਕੁਰਬਾਨੀ ਨਾ ਕਿ ਸਿੱਖ ਫੌਜ ਲਈ ਬਲਿਕ ਸਮੁੱਚੇ ਭਾਰਤ ਲਈ ਮਾਣ ਦੀ ਗੱਲ ਬਣ ਸਕੇ।

ਅਖ਼ਬਾਰ ਦੇ ਵਿਚ ਛਪੇ ਲੇਖਾਂ ਦੇ ਪ੍ਰਤੀਕਰਮ ਦੇ ਸਿੱਟੇ ਵੱਜੋਂ ਇਹ ਫੈਸਲਾ ਕੀਤਾ ਗਿਆ ਕਿ ਵਜ਼ੀਰਸਤਾਨ ਜਿੱਥੇ ਇਨ੍ਹਾਂ ਜਵਾਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਕੇਸਰੀ ਬਾਗ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਖੇ ਇਨ੍ਹਾਂ 21 ਸਿੰਘਾਂ ਫੌਜੀਆਂ ਦੀ ਯਾਦਗਾਰ ਵਿੱਚ ਸਾਰਾਗੜ੍ਹੀ ਮੈਮੋਰੀਅਲ ਗੁਰਦੁਵਾਰਾ ਸਾਹਿਬ ਸਥਾਪਤ ਕੀਤੇ ਜਾਣ। ਇਨ੍ਹਾਂ 21 ਸ਼ਹੀਦਾਂ ਵਿੱਚੋਂ ਜਿਆਦਾ ਸ਼ਹੀਦਾਂ ਦਾ ਸਬੰਧ ਫਿਰੋਜ਼ਪੁਰ ਤੇ ਅੰਮ੍ਰਿਤਸਰ ਨਾਲ ਸੀ। ਇਤਿਹਾਸਕ ਸਾਰਾਗੜ੍ਹੀ ਗੁਰਦੁਵਾਰਾ ਫਿਰੋਜ਼ਪੁਰ ਤੇ 27 ਹਜ਼ਾਰ ਇਕ ਸੋ 18 ਰੁਪਏ ਖਰਚ ਆਏ ਸਨ ਜੋ ਜਨਤਾ ਰਾਹੀਂ ਇਕਠੇ ਕੀਤੇ ਗਏ ਸਨ। ਇਹ ਗੁਰਦਵਾਰਾ 1902 ਵਿਚ ਬਣਾਇਆ ਗਿਆ ਅਤੇ ਇਸ ਦਾ ਉਦਘਾਟਨ 18 ਜਨਵਰੀ, 1904 ਨੂੰ ਪੰਜਾਬ ਦੇ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਸਰ ਚਾਰਲਸ ਮੌਂਟਗੁਮਰੀ ਰੀਵਾਜ ਨੇ ਕੀਤਾ ਸੀ।




ਇਹੋ ਜਿਹੀ ਕੁਰਾਬਨੀ ਅਤੇ ਬਹਾਦਰੀ, ਜੋ ਸਿੱਖ ਫੌਜੀਆਂ ਵੱਲੋਂ ਉੱਤਰ-ਪੱਛਮ ਸਰਹੱਦ ਤੇ ਵਿਖਾਈ ਗਈ ਪਹਿਲਾਂ ਕਦੇ ਨਹੀਂ ਵੇਖੀ ਗਈ। ਇਸ ਉਪਰੰਤ ਇੰਡੀਅਨ ਹੀਰੋਜ਼ ਫੰਡ ਖੋਲ੍ਹਿਆ ਗਿਆ ਜਿਸ ਵਿੱਚ ਇਗਲੈਂਡ ਦੀ ਮਹਾਰਾਣੀ ਅਤੇ ਹੋਰਨਾਂ ਨੇ ਭਾਰਤ ਵਿੱਚ ਅਤੇ ਇੰਗਲੈੱਡ ਵਿੱਚ ਦਿਲ ਖੋਲ੍ਹ ਕੇ ਚੰਦਾ ਦਿੱਤਾ। ਇਨ੍ਹਾਂ 21 ਜਵਾਨਾਂ ਵਿਚ ਹਰ ਇਕ ਨੂੰ ਇੰਡੀਅਨ ਆਰਡਰ ਆਫ ਮੈਰਿਟ, ਜਿਹੜਾ ਕਿ ਉਸ ਸਮੇਂ ਉੱਚ ਸਰਵੋਤਮ ਜੰਗੀ ਇਨਾਮ ਸੀ, ਨਾਲ ਸਨਮਾਨਿਆ ਗਿਆ ਅਤੇ ਇਨ੍ਹਾਂ ਦੀਆਂ ਵਿੱਧਵਾਵਾਂ ਨੂੰ ਉਸ ਸਮੇਂ ਮੁਤਾਬਿਕ ਪੈਨਸ਼ਨ ਅਤੇ 500 ਰੁਪਏ ਨੱਕਦ ਇਨਾਮ ਦਿੱਤਾ ਗਿਆ। ਇਸ ਤੋਂ ਇਲਾਵਾ ਉਹਨਾਂ ਦੇ ਆਸ਼ਰਿਤਾਂ ਨੂੰ 50-50 ਏਕੜ (ਦੋ-ਦੋ ਮੁਰੱਬੇ) ਜ਼ਮੀਨ ਦਿੱਤੀ ਗਈ ਸੀ। ਇਸ ਯੁੱਧ ਦਾ ਸ਼ੁਮਾਰ ਦੁਨੀਆਂ ਦੇ 10 ਬੇਹਤਰੀਨ ਯੁੱਧਾਂ ਵਿਚ ਕੀਤਾ ਜਾਂਦਾ ਹੈ। ਸਿੱਖ ਫੌਜੀਆਂ ਦੀ ਲਾਸਾਨੀ ਕੁਰਬਾਨੀ ਦਾ ਇਤਿਹਾਸ ਅੱਜ ਵੀ ਇਗਲੈਂਡ ਤੇ ਫਰਾਂਸ ਸਮੇਤ ਕਈ ਦੇਸ਼ਾ ਦੇ ਸਕੂਲਾ ਵਿਚ ਪੜ੍ਹਾਇਆ ਜਾਂਦਾ ਹੈ।

ਸਾਰਾਗੜ੍ਹੀ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਬਹਾਦਰ ਜਵਾਨਾਂ ਦੇ ਨਾਮ ਹਵਾਲਦਾਰ ਈਸ਼ਰ ਸਿੰਘ, ਨਾਇਕ ਲਾਭ ਸਿੰਘ, ਲਾਂਸ ਨਾਇਕ ਚੰਦਾ ਸਿੰਘ, ਸਿਪਾਹੀ ਸੁੱਧ ਸਿੰਘ, ਸਾਹਿਬ ਸਿੰਘ, ਉੱਤਮ ਸਿੰਘ, ਨਰੈਣ ਸਿੰਘ, ਗੁਰਮੁੱਖ ਸਿੰਘ, ਜੀਵਨ ਸਿੰਘ, ਰਾਮ ਸਿੰਘ, ਹੀਰਾ ਸਿੰਘ, ਦਇਆ ਸਿੰਘ, ਭੋਲਾ ਸਿੰਘ, ਜੀਵਨ ਸਿੰਘ, ਗੁਰਮੁੱਖ ਸਿੰਘ, ਭਗਵਾਨ ਸਿੰਘ, ਰਾਮ ਸਿੰਘ, ਬੂਟਾ ਸਿੰਘ, ਜੀਵਨ ਸਿੰਘ, ਅਨੰਦ ਸਿੰਘ, ਅਤੇ ਭਗਵਾਨ ਸਿੰਘ ਹਨ।








DEV KUMAR OF
ROCKSTAR ENTERTAINMENT
SHWETZ PRODUCTIONS | VMP EVENTS | STARRLIFE
PRESENTS
StarrLife
SATINDER
SARTAAJ
LIVE
UNION COUNTY PERFORMING ARTS CENTER RAHWAY
BUY TICKETS AT
WWW.UCPAC.ORG/EVENT
Sulekha
Apnee Community
ROYALGODESI.COM
MEDIA SPONSORS
98.3 FM RADIO MIRCHI
PINTOO JEWELERS
GLENWOOD OFFICE FURNITURE
EAST WEST HAULING
FARMERS INSURANCE
Nimit palace
vylla.com
Anil Aggarwal
Nirvana Adult Day Care
SRK ENTERTAINMENT
HAVELI
GIFT Express
SUNDAY, SEPT. 8TH | GATES OPEN 5PM
TICKETS $39 $59 $99 $250 ELITE
FOR SPONSORSHIP & TICKETS CONTACT: DEV KUMAR (732) 766-4445
VANDANA PURI (347) 341-9494 | SHWETA THUKRAL (201) 736-7266
RAJA STARR (917) 854-3665 | RAJ KUMAR (732) 770-6277
NARESH KUMAR (732) 447-6935

ਅਧਿਆਪਕ ਦਿਵਸ 'ਤੇ ਵਿਸ਼ੇਸ਼

# ਹਨ੍ਹੇਰੇ 'ਚੋਂ ਕੱਢ ਕੇ ਚਾਨਣ ਵੱਲ ਲੈ ਜਾਂਦੇ ਹਨ 'ਅਧਿਆਪਕ'



ਇਕ ਅਧਿਆਪਕ ਇਕ ਚੰਗਾ ਦੋਸਤ, ਦਾਰਸ਼ਨਿਕ ਅਤੇ ਮਾਰਗ ਦਰਸ਼ਕ ਹੁੰਦਾ ਹੈ, ਜੋ ਸਾਡਾ ਹੱਥ ਫੜ ਕੇ ਸਾਨੂੰ ਆਪਣੀ ਮੰਜ਼ਿਲ ਤਕ ਪਹੁੰਚਾਉਣ ਵਿੱਚ ਸਾਡੀ ਸਹਾਇਤਾ ਕਰਦਾ ਹੈ। ਅਧਿਆਪਕ ਹੀ ਹੁੰਦੇ ਹਨ, ਜੋ ਸਾਨੂੰ ਹਨ੍ਹੇਰੇ 'ਚੋਂ ਕੱਢ ਕੇ ਚਾਨਣ ਵੱਲ ਲੈ ਕੇ ਜਾਂਦੇ ਹਨ। ਅਧਿਆਪਕ ਸਮਾਜ ਦੇ ਅਜਿਹੇ ਸ਼ਿਲਪਕਾਰ ਹੁੰਦੇ ਹਨ ਜੋ ਬਿਨ੍ਹਾਂ ਕਿਸੇ ਮੋਹ ਦੇ ਇਸ ਸਮਾਜ ਨੂੰ ਤਰਾਸ਼ਦੇ ਹਨ। ਪਿਆਰ, ਸਤਿਕਾਰ, ਪ੍ਰਸ਼ੰਸਾ, ਕਦਰ ਅਤੇ ਸਨਮਾਨ ਦੇ ਸੰਕੇਤ ਵਜੋਂ, ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦਾ ਜਨਮ ਦਿਨ ਪੂਰੇ ਭਾਰਤ ਵਿੱਚ 5 ਸਤੰਬਰ ਨੂੰ 'ਅਧਿਆਪਕ ਦਿਵਸ' ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਵਿਦਿਆਰਥੀ ਆਪਣੇ ਅਧਿਆਪਕਾਂ ਦਾ, ਉਨ੍ਹਾਂ ਨੂੰ ਜੀਵਨ ਵਿੱਚ ਸਹੀ ਰਾਹ 'ਤੇ ਪਾਉਣ ਲਈ ਧੰਨਵਾਦ ਕਰਦੇ ਹਨ।

**ਅਧਿਆਪਕ ਦਿਵਸ ਦਾ ਆਰੰਭ**

ਅਧਿਆਪਕ ਦਿਵਸ ਨੂੰ ਅੰਗਰੇਜ਼ੀ 'ਚ 'ਟੀਚਰਸ ਡੇਅ' ਕਿਹਾ ਜਾਂਦਾ ਹੈ। ਇਹ ਦਿਨ ਪੂਰੀ ਦੁਨੀਆਂ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦਾ ਹੈ। ਅਧਿਆਪਕ ਦੇਸ਼ ਦਾ ਭਵਿੱਖ ਬਣਾਉਂਦੇ ਹਨ। ਭਟਕਦੇ ਮਨ ਨੂੰ ਸ਼ਾਂਤ ਕਰਨ ਦਾ ਇਕਮਾਤਰ ਉਪਾਅ ਗਿਆਨ ਹੈ, ਜੋ ਸਾਨੂੰ ਅਧਿਆਪਕ ਵਲੋਂ ਪ੍ਰਾਪਤ ਹੁੰਦਾ ਹੈ। ਡਾ. ਰਾਧਾਕ੍ਰਿਸ਼ਨਨ ਇੱਕ ਬਹੁਤ ਚੰਗੇ ਅਧਿਆਪਕ ਸਨ, ਜਿਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਨਾਂ ਕਮਾਇਆ। ਉਹਨਾਂ ਦੀ ਰਾਏ ਸੀ ਕਿ, ਅਧਿਆਪਕ ਦੇਸ਼ ਦੇ ਸਭ ਤੋਂ ਚੰਗੇ ਮਨ ਹੋਣੇ ਚਾਹੀਦੇ ਹਨ। 1962 'ਚ ਜਦੋਂ ਰਾਧਾਕ੍ਰਿਸ਼ਨਨ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਦੇ ਵਿਦਿਆਰਥੀਆਂ ਅਤੇ ਕੁਝ ਮਿੱਤਰਾਂ ਨੇ ਉਨ੍ਹਾਂ ਦਾ ਜਨਮ ਦਿਨ ਮਨਾਉਣ ਦੀ ਇੱਛਾ ਜ਼ਾਹਿਰ ਕੀਤੀ। ਉਨ੍ਹਾਂ ਨੇ ਜਵਾਬ ਵਿੱਚ ਕਿਹਾ ਕਿ ਜੇਕਰ ਮੇਰੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ ਤਾਂ ਜ਼ਿਆਦਾ ਚੰਗਾ ਹੋਵੇਗਾ। ਉਸ ਦਿਨ ਤੋਂ ਹੀ ਹਰ ਸਾਲ 5 ਸਤੰਬਰ, ਡਾ.ਰਾਧਾਕ੍ਰਿਸ਼ਨਨ ਦੇ ਜਨਮਦਿਨ ਵਾਲੇ ਦਿਨ ਹੀ ਅਧਿਆਪਕ ਦਿਵਸ ਮਨਾਇਆ ਜਾਣ ਲੱਗਾ।

**ਅਧਿਆਪਕਾਂ ਦਾ ਜ਼ਿੰਦਗੀ 'ਤੇ ਪ੍ਰਭਾਵ**

ਅਧਿਆਪਨ, ਵਿਸ਼ਵ ਦਾ ਸਭ ਤੋਂ ਪ੍ਰਭਾਵਸ਼ਾਲੀ ਕੰਮ ਹੈ। ਅਧਿਆਪਕ ਬੱਚਿਆਂ ਵਿੱਚ ਚੰਗਾ ਮੁੱਲ ਪਾਉਂਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕਾਂ ਵਿੱਚ ਤਬਦੀਲ ਕਰ ਦਿੰਦੇ ਹਨ। ਇਟਲੀ ਦੇ ਇੱਕ ਨਾਵਲਕਾਰ ਨੇ ਅਧਿਆਪਕ ਬਾਰੇ ਕਿਹਾ ਹੈ ਕਿ ਅਧਿਆਪਕ ਉਸ ਮੋਮਬੱਤੀ ਦੇ ਸਮਾਨ ਹੁੰਦਾ ਹੈ ਜੋ ਖੁਦ ਸੜ ਕੇ ਦੂਜਿਆਂ ਨੂੰ ਰੋਸ਼ਨੀ ਦਿੰਦੀ ਹੈ। ਸਿੱਖਿਆ ਹਰ ਵਿਅਕਤੀ ਲਈ ਬਹੁਤ ਜ਼ਰੂਰੀ ਹੈ। ਬਿਨਾਂ ਸਿੱਖਿਆ ਦੇ ਮਨੁੱਖ ਪਸ਼ੂ ਦੇ ਬਰਾਬਰ ਹੈ, ਇਸ ਲਈ ਸਿੱਖਿਆ ਨੂੰ 'ਤੀਜਾ ਨੇਤਰ' ਵੀ ਮੰਨਿਆ ਜਾਂਦਾ ਹੈ। ਅਧਿਆਪਕਾਂ ਵੱਲੋਂ ਦਿੱਤੀ ਗਈ ਸਿੱਖਿਆ ਬੱਚਿਆਂ ਦੇ ਭਵਿੱਖ ਨੂੰ ਉਜਾਗਰ ਕਰਦੀ ਹੈ। ਇਕ ਚੰਗੇ ਸਮਾਜ ਦੇ ਨਿਰਮਾਣ ਵਿੱਚ ਅਧਿਆਪਕਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਰਾਧਾਕ੍ਰਿਸ਼ਨਨ, ਜਿਨ੍ਹਾਂ ਦੇ ਜਨਮ ਦਿਨ ਵਾਲੇ ਦਿਨ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ, ਦਾ ਮੰਨਣਾ ਸੀ ਕਿ ਵਿਦਿਆਰਥੀਆਂ ਦੀ ਸਿੱਖਿਆ ਲਈ ਅਧਿਆਪਕ ਦਾ ਯੋਗਦਾਨ ਸਭ ਤੋਂ ਅਹਿਮ ਹੈ। ਅੱਜਕਲ ਭੱਜਦੌੜ ਦੀ ਜ਼ਿੰਦਗੀ ਵਿੱਚ ਜ਼ਿਆਦਾਤਰ ਅਧਿਆਪਕ ਬੱਚਿਆਂ ਨੂੰ ਕਿਤਾਬੀ ਗਿਆਨ ਦੇਣ ਤੱਕ ਹੀ ਸੀਮਤ ਰਹਿੰਦੇ ਹਨ। ਉਨ੍ਹਾਂ ਕੋਲ ਆਪਣੇ ਵਿਦਿਆਰਥੀਆਂ ਦੇ ਨਿੱਜੀ ਜੀਵਨ ਬਾਰੇ ਜਾਣਨ ਦਾ ਸਮਾਂ ਨਹੀਂ ਹੁੰਦਾ। ਪਰੰਤੂ ਫਿਰ ਵੀ ਕੁੱਝ ਅਧਿਆਪਕ ਅਜਿਹੇ ਹਨ ਜੋ ਆਪਣੇ ਕੰਮ ਨੂੰ ਸਿਰਫ ਕਿੱਤਾ ਨਾ ਸਮਝਦੇ ਹੋਏ ਆਪਣੀ ਜ਼ਿੰਮੇਵਾਰੀ ਪੂਰੀ ਲਗਨ ਨਾਲ ਨਿਭਾਉਂਦੇ ਹਨ। ਉਹ ਵਿਦਿਆਰਥੀਆਂ ਦਾ ਅਸਲ ਵਿਕਾਸ ਕਰਦੇ ਹਨ ਅਤੇ ਜ਼ਿੰਦਗੀ ਜਿਊਣ ਦਾ ਅਤੇ ਸਫਲਤਾ ਪ੍ਰਾਪਤ ਕਰਨ ਦਾ ਰਾਹ ਦਿਖਾਉਂਦੇ ਹਨ।

**'ਸਭ ਤੋਂ ਉੱਚਾ, ਗੁਰੂ ਦਾ ਦਰਜਾ'**

ਗੁਰੂ, ਜੋ ਗਿਆਨ ਦਿੰਦਾ ਹੈ, ਨੂੰ ਸਮਾਜ ਵਿੱਚ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਹੈ। ਗੁਰੂ ਹੀ ਜੀਵਨ ਜਿਉਣ ਦਾ ਸਹੀ ਰਾਹ ਦਰਸਾਉਂਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਅਧਿਆਪਕ ਦਾ ਦਰਜਾ ਮਾਤਾ-ਪਿਤਾ ਤੋਂ ਵੀ ਉੱਪਰ ਦਾ ਹੁੰਦਾ ਹੈ। ਇਸੇ ਲਈ ਕਿਹਾ ਗਿਆ ਹੈ:-

ਅਧਿਆਪਕ ਹੀ ਬੱਚਿਆਂ ਦਾ, ਭਵਿੱਖ ਨੇ ਬਣਾਉਂਦੇ,
ਮਾਪੇ ਜਨਮ ਤੇ ਪਾਲਣ ਕਰਦੇ, ਇਹ ਜੀਵਨ ਜੀਊਣਾ ਸਿਖਾਉਂਦੇ।

ਮਾਤਾ-ਪਿਤਾ ਤੋਂ ਬਾਅਦ ਬੱਚਾ, ਜੇਕਰ ਕਿਸੇ ਦੇ ਕਰੀਬ ਹੁੰਦਾ ਹੈ ਤਾਂ ਉਹ ਹਨ ਉਸਦੇ ਅਧਿਆਪਕ। ਅਧਿਆਪਕਾਂ ਦੁਆਰਾ ਕਹੀ ਹਰ ਇੱਕ ਗੱਲ ਬੱਚੇ ਦੇ ਅੰਦਰ ਘਰ ਕਰ ਜਾਂਦੀ ਹੈ। ਬੱਚਾ ਆਪਣਾ ਜ਼ਿਆਦਾ ਸਮਾਂ ਸਕੂਲ ਵਿੱਚ ਅਧਿਆਪਕਾਂ ਨਾਲ ਗੁਜ਼ਾਰਦਾ ਹੈ। ਸਕੂਲ ਵਿੱਚ ਉਹ ਬਹੁਤ ਸਾਰੀਆਂ ਨਵੀਆਂ ਗੱਲਾਂ ਦੇ ਨਾਲ-ਨਾਲ ਅਨੁਸ਼ਾਸਨ ਵਿੱਚ ਰਹਿਣਾ ਵੀ ਸਿੱਖਦਾ ਹੈ। ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਸਕੂਲ ਤੋਂ ਹੁੰਦਾ ਹੋਇਆ ਕਾਲਜ, ਯੂਨੀਵਰਸਿਟੀ ਤੱਕ ਜਾਂਦਾ ਹੈ। ਮਸ਼ਹੂਰ ਸਮਾਜ ਸ਼ਾਸਤਰੀ ਇਮਾਈਲ ਦੁਰਖੀਮ ਅਨੁਸਾਰ ਅਧਿਆਪਕ ਸਮਾਜੀਕਰਨ ਪ੍ਰਕਿਰਿਆ ਦੀ ਨੀਂਹ ਹੁੰਦੇ ਹਨ। ਉਹ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦਿੰਦੇ ਹਨ। ਅਧਿਆਪਕ ਦਾ ਫ਼ਰਜ਼ ਸਿਰਫ ਕਿਤਾਬੀ ਗਿਆਨ ਦੇਣਾ ਹੀ ਨਹੀਂ ਹੁੰਦਾ, ਸਗੋਂ ਇੱਕ ਚੰਗਾ ਅਧਿਆਪਕ ਬੱਚਿਆਂ ਨੂੰ ਬਾਹਰੀ ਜ਼ਿੰਦਗੀ ਅਤੇ ਆਪਣੇ ਵਿਅਕਤੀਤਵ ਨੂੰ ਉੱਚਾ ਚੁੱਕਣ ਦੀ ਪ੍ਰੇਰਣਾ ਵੀ ਦਿੰਦਾ ਹੈ।



ਵਰਸ਼ਾ ਵਰਮਾ (ਪਟਿਆਲਾ)

**ਇੰਝ ਮਨਾਇਆ ਜਾਂਦਾ ਹੈ ਅਧਿਆਪਕ ਦਿਵਸ**

ਇੱਕ ਚੰਗੇ ਅਤੇ ਸੱਚੇ ਅਧਿਆਪਕ ਦੀਆਂ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਨ ਲਈ ਹੀ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਆਦਰਸ਼ ਅਧਿਆਪਕਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਜਾਂਦੇ ਹਨ। ਇਸ ਦਿਨ ਸਕੂਲਾਂ, ਕਾਲਜਾਂ ਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਕਈ ਪ੍ਰਕਾਰ ਦੇ ਸਮਾਗਮ ਕੀਤੇ ਜਾਂਦੇ ਹਨ। ਅਧਿਆਪਕ ਦਿਵਸ ਦੇ ਵਿਸ਼ੇ 'ਤੇ ਲੈਕਚਰ, ਸੈਮੀਨਾਰ ਅਤੇ ਪ੍ਰਤੀਯੋਗਿਤਾਵਾਂ ਕਰਵਾਈਆਂ ਜਾਂਦੀਆਂ ਹਨ। ਇਸ ਦਿਨ ਕੁੱਝ ਵੱਡੇ ਵਿਦਿਆਰਥੀ ਹੂ-ਬ-ਹੂ ਆਪਣੇ ਅਧਿਆਪਕਾਂ ਵਰਗਾ ਪਹਿਰਾਵਾ ਪਾ ਕੇ ਸਕੂਲ ਜਾਂਦੇ ਹਨ ਅਤੇ ਸਾਰਾ ਦਿਨ ਆਪਣੇ ਅਧਿਆਪਕਾਂ ਦੀ ਭੂਮਿਕਾ ਨਿਭਾਉਂਦੇ ਹਨ।

**ਡਾ. ਸਰਵਪੱਲੀ ਰਾਧਾਕ੍ਰਿਸ਼ਨਨ 'ਮਹਾਨ ਸਿੱਖਿਆ ਸ਼ਾਸਤਰੀ'**

ਡਾ. ਰਾਧਾਕ੍ਰਿਸ਼ਨਨ ਦਾ ਜਨਮ 5 ਸਤੰਬਰ, 1888 ਨੂੰ ਇੱਕ ਛੋਟੇ ਜਿਹੇ ਕਸਬੇ ਤਿਰੂਤਾਨੀ ਵਿੱਚ ਹੋਇਆ। ਉਹਨਾਂ ਨੇ ਆਪਣੇ ਜੀਵਨ ਦੇ 40 ਸਾਲ ਇੱਕ ਆਦਰਸ਼ ਅਧਿਆਪਕ ਦੇ ਰੂਪ ਵਿੱਚ ਬਿਤਾਏ। ਉਨ੍ਹਾਂ ਨੇ ਨਾ ਸਿਰਫ ਮਹਾਨ ਸਿੱਖਿਆ ਸ਼ਾਸਤਰੀ ਦੇ ਰੂਪ ਵਿੱਚ ਸ਼ੋਹਰਤ ਪ੍ਰਾਪਤ ਕੀਤੀ, ਸਗੋਂ ਦੇਸ਼ ਦੇ ਸੱਭ ਤੋਂ ਉੱਚੇ ਅਹੁੱਦੇ ਰਾਸ਼ਟਰਪਤੀ ਪਦ 'ਤੇ ਵੀ ਵਿਰਾਜਮਾਨ ਹੋਏ। ਉਹ ਅਜ਼ਾਦ ਭਾਰਤ ਦੇ ਪਹਿਲੇ ਉਪ ਰਾਸ਼ਟਰਪਤੀ ਅਤੇ ਦੂਜੇ ਰਾਸ਼ਟਰਪਤੀ ਵੀ ਬਣੇ।



# ਮਾਨਸਿਕ ਤਣਾਉ ਤੋਂ ਰਹੋ ਦੂਰ



ਮਾਨਸਿਕ ਤਣਾਉ ਜ਼ਿੰਦਗੀ ਦਾ ਹਿੱਸਾ ਹੈ, ਪਰ ਜਦੋਂ ਇਹ ਬਹੁਤ ਜ਼ਿਆਦਾ ਵਧ ਜਾਂਦਾ ਹੈ ਤਾਂ ਇਹ ਸਾਨੂੰ ਨਿਰਾਸ਼ਾ ਦੀ ਖਾਈ ਵੱਲ ਲੈ ਜਾਂਦਾ ਹੈ। ਤਣਾਉ ਹਰ ਮਨੁੱਖ ਦੀ ਜ਼ਿੰਦਗੀ ਵਿਚ ਕਿਸੇ ਨਾ ਕਿਸੇ ਸਮੇਂ ਜ਼ਰੂਰ ਆਉਂਦਾ ਹੈ। ਮਾਨਸਿਕ ਤਣਾਉ ਉਦੋਂ ਪੈਦਾ ਹੁੰਦਾ ਹੈ, ਜਦੋਂ ਸਾਡੀਆਂ ਸਮੱਸਿਆਵਾਂ ਦਾ ਠੀਕ ਹੱਲ ਨਹੀਂ ਹੁੰਦਾ ਅਤੇ ਸਾਡੇ ਮਨ 'ਤੇ ਬੋਝ ਪੈ ਜਾਂਦਾ ਹੈ। ਹਰ ਇਨਸਾਨ ਦੀ ਜ਼ਿੰਦਗੀ ਵਿਚ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਦਾ ਸਮਾਧਾਨ ਕਰਨਾ ਜ਼ਰੂਰੀ ਹੈ। ਜਦੋਂ ਅਸੀਂ ਤਾਲਮੇਲ ਨਹੀਂ ਕਰ ਸਕਦੇ ਤਾਂ ਸਾਡਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਅਜਿਹੀ ਸਥਿਤੀ ਵਿਚ ਮਾਨਸਿਕ ਸੰਘਰਸ਼ ਪੈਦਾ ਹੁੰਦਾ ਹੈ ਜਿਹੜਾ ਤਣਾਉ ਲਈ ਜ਼ਿੰਮੇਵਾਰ ਹੁੰਦਾ ਹੈ।

ਮਾਨਸਿਕ ਤਣਾਉ ਪੈਦਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ। ਜ਼ਿੰਦਗੀ ਗੁੰਝਲਦਾਰ ਹੈ। ਕਦੀ ਖ਼ੁਸ਼ੀ ਤੇ ਕਦੀ ਗ਼ਮੀ ਵਾਲੇ ਪਲ ਵਾਪਰਦੇ ਹਨ। ਤਣਾਉ ਤੋਂ ਬਾਅਦ ਵਿਅਕਤੀ ਦੀ ਜ਼ਿੰਦਗੀ ਵਿਚ ਚਿੰਤਾ ਪੈਦਾ ਹੁੰਦੀ ਹੈ, ਜਿਹੜੀ ਬੜੀ ਦੁਖਦਾਈ ਹੁੰਦੀ ਹੈ। ਇਸ ਤੋਂ ਬਾਅਦ ਦਵੰਦ ਜਦੋਂ ਅਸੀਂ ਕਿਸੇ ਮਸਲੇ ਬਾਰੇ ਠੀਕ ਨਿਰਣਾ ਨਹੀਂ ਕਰ ਸਕਦੇ ਅਤੇ ਅਸੀਂ ਮਾਨਸਿਕ ਸੰਘਰਸ਼ ਦੀ ਸਥਿਤੀ ਵਿਚ ਰਹਿੰਦੇ ਹਾਂ ਅਤੇ ਅਸਥਿਰਤਾ ਦੀ ਜ਼ਿੰਦਗੀ ਬਤੀਤ ਕਰਦੇ ਹਾਂ, ਇਸ ਨਾਲ ਵਿਸ਼ਾਦ ਪੈਦਾ ਹੁੰਦਾ ਹੈ ਜਿਸ ਨਾਲ ਕਈ ਮਾਨਸਿਕ ਤੇ ਸਰੀਰਿਕ ਬਿਮਾਰੀਆਂ ਲੱਗਦੀਆਂ ਹਨ।

ਮਾਨਸਿਕ ਤਣਾਉ ਨਾਲ ਸਾਡੇ ਅੰਦਰ ਕਈ ਸਰੀਰਿਕ ਤਬਦੀਲੀਆਂ ਵਾਪਰਦੀਆਂ ਹਨ, ਜਿਵੇਂ ਸਾਹ ਤੇਜ਼ ਆਉਂਦਾ ਹੈ, ਨਬਜ਼ ਤੇਜ਼ ਚੱਲਦੀ ਹੈ, ਦਿਲ ਧੜਕਦਾ ਹੈ, ਭੁੱਖ ਨਹੀਂ ਲੱਗਦੀ, ਨੀਂਦ ਘੱਟ ਆਉਂਦੀ ਹੈ, ਬਲੱਡ ਪ੍ਰੈੱਸ਼ਰ ਵਧ ਜਾਂਦਾ ਹੈ ਅਤੇ ਬਲੱਡ ਸ਼ੂਗਰ ਦੀ ਮਿਕਦਾਰ ਵਿਚ ਵੀ ਵਾਧਾ ਹੁੰਦਾ ਹੈ। ਜੇ ਮਾਨਸਿਕ ਤਣਾਉ ਇੰਨਾ ਦੁਖਦਾਈ ਹੈ ਤਾਂ ਕਿਉਂ ਨਾ ਇਸ ਨੂੰ ਘਟਾਇਆ ਜਾਵੇ। ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ, ਪਰ ਇਸ ਨਾਲ ਮੁਕਾਬਲਾ ਜ਼ਰੂਰ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਸਾਨੂੰ ਤਣਾਉ ਪੈਦਾ ਹੋਣ ਦੇ ਕਾਰਨਾਂ ਬਾਰੇ ਜਾਣੂ ਹੋਣਾ ਪਵੇਗਾ। ਸਭ ਤੋਂ ਜ਼ਰੂਰੀ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਦੀ ਸ਼ੈਲੀ ਨੂੰ ਬਦਲੋ। ਸਾਨੂੰ ਜ਼ਿੰਦਗੀ ਸਰਲ ਤੇ ਸਾਦੀ ਬਿਤਾਉਣੀ ਚਾਹੀਦੀ ਹੈ। ਜ਼ਿੰਦਗੀ ਵਿਚ ਘੱਟ ਲੋੜਾਂ ਹੋਣ ਤਾਂ ਚੰਗਾ ਹੋਵੇਗਾ। ਜਦੋਂ ਸਾਡੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ, ਉਹ ਸਮੱਸਿਆ ਬਣ ਜਾਂਦੀਆਂ ਹਨ ਅਤੇ ਜਦੋਂ ਸਮੱਸਿਆ ਦਾ ਹੱਲ ਨਹੀਂ ਮਿਲਦਾ ਤਾਂ ਤਣਾਉ ਦੀ ਸਥਿਤੀ ਪੈਦਾ ਹੁੰਦੀ ਹੈ। ਬਹੁਤ ਉੱਚੀਆਂ ਇੱਛਾਵਾਂ ਜਿਹੜੀਆਂ ਅਧੂਰਨ ਰਹਿ ਜਾਂਦੀਆਂ ਹਨ, ਮਾਨਸਿਕ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ।

ਦੂਜਾ ਸਾਡਾ ਆਪਣਾ ਵਤੀਰਾ ਆਪਣੇ ਆਪ ਵੱਲ ਅਤੇ ਦੂਜੇ ਲੋਕਾਂ ਵੱਲ ਸਾਕਾਰਾਤਮਕ ਹੋਣਾ ਚਾਹੀਦਾ ਹੈ। ਬਹੁਤ ਸਾਰੇ ਲੋਕਾਂ ਦਾ ਨਾਕਾਰਾਤਮਕ ਵਤੀਰਾ ਹੋਣ ਕਾਰਨ ਮਨੋਵਿਗਿਆਨਕ ਸਮੱਸਿਆਵਾਂ ਦਾ ਪੈਦਾ ਹੋਣਾ ਸੁਭਾਵਿਕ ਹੈ। ਅਸੀਂ ਜ਼ਿਆਦਾਤਰ ਨਾਂਹ ਵਾਚਕ ਹੁੰਦੇ ਹਾਂ। ਅਸੀਂ ਬੁਰੀਆਂ ਗੱਲਾਂ ਹੀ ਸੋਚਦੇ ਹਾਂ ਅਤੇ ਸਾਨੂੰ ਦੂਜਿਆਂ ਦਾ ਨੁਕਸਾਨ ਕਰਨ ਵਿਚ ਖ਼ੁਸ਼ੀ ਮਿਲਦੀ ਹੈ। ਸਾਡੀ ਦੂਜਿਆਂ ਦਾ ਨੁਕਸਾਨ ਕਰਨ ਵਿਚ ਵਧੇਰੇ ਰੁਚੀ ਹੁੰਦੀ ਹੈ। ਖ਼ੁਸ਼ੀ ਤੁਹਾਨੂੰ ਲੁੱਟਣ ਵਿਚ ਨਹੀਂ, ਪਰ ਲੁਟਾਉਣ ਜਾਂ ਆਪਾ ਵਾਰਨ ਵਿਚ ਹੀ ਮਿਲੇਗੀ। ਸਾਨੂੰ ਮਾਨਵਤਾ ਵਿਚ ਵਿਸ਼ਵਾਸ ਕਰਨਾ ਚਾਹੀਦਾ ਹੈ। ਦੂਜਿਆਂ ਦਾ ਭਲਾ ਕਰਨਾ ਚਾਹੀਦਾ ਹੈ। ਇਸ ਲਈ ਸਾਨੂੰ ਆਪਣਾ ਨਜ਼ਰੀਆ ਆਪਣੇ ਵੱਲ ਅਤੇ ਦੂਜੇ ਲੋਕਾਂ ਵੱਲ ਠੀਕ ਕਰਨਾ ਪਵੇਗਾ। ਇੰਜ ਅਸੀਂ ਆਪਣੇ ਤਣਾਉ ਨੂੰ ਖ਼ਤਮ ਤਾਂ ਨਹੀਂ, ਪਰ ਘਟਾ ਜ਼ਰੂਰ ਸਕਦੇ ਹਾਂ।

ਸਭ ਤੋਂ ਜ਼ਰੂਰੀ ਹੈ ਕਿ ਅਸੀਂ ਸੱਚਾਈ ਦੇ ਰਾਹ 'ਤੇ ਚੱਲੀਏ। ਹਮੇਸ਼ਾਂ ਸੱਚ ਬੋਲੀਏ ਅਤੇ ਸੱਚ ਦਾ ਹੀ ਸਾਥ ਦੇਈਏ। ਜਦੋਂ ਅਸੀਂ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਲਈ ਝੂਠ ਦਾ ਆਸਰਾ ਲੈਂਦੇ ਹਾਂ ਤਾਂ ਮਨ 'ਤੇ ਬੋਝ ਜ਼ਰੂਰ ਪੈਂਦਾ ਹੈ, ਕਿਉਂਕਿ ਤੁਹਾਨੂੰ ਪਤਾ ਹੈ ਕਿ ਤੁਸੀਂ ਝੂਠ ਬੋਲ ਰਹੇ ਹੋ। ਜੇ ਤੁਸੀਂ ਚਾਹੁੰਦੇ ਹੋ ਕਿ ਤਣਾਉ ਨਾ ਹੋਵੇ ਤਾਂ ਹਮੇਸ਼ਾਂ ਸੱਚ ਹੀ ਬੋਲੋ ਤੇ ਇਮਾਨਦਾਰੀ ਨਾਲ ਆਪਣੇ ਕਾਰਜ ਕਰੋ।

ਹਰ ਧਰਮ ਸਾਨੂੰ ਚੰਗੇਰਾ ਵਿਅਕਤੀ ਬਣਾਉਣ ਦੀ ਨਸੀਹਤ ਦਿੰਦਾ ਹੈ। ਤੁਸੀਂ ਜਿਸ ਧਰਮ ਵਿਚ ਜਨਮ ਲਿਆ ਹੈ, ਉਸ ਧਰਮ ਦੇ ਪੀਰ, ਪੈਗੰਬਰਾਂ ਤੇ ਗੁਰੂਆਂ ਦੀ ਪੂਜਾ ਕਰੋ ਅਤੇ ਉਸੇ ਧਰਮ ਦੀ ਰਹਿਤ ਮਰਿਆਦਾ ਵਿਚ ਰਹੋ। ਤੁਹਾਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਜੇ ਤੁਸੀਂ ਦੂਜੇ ਲੋਕਾਂ ਦੀ ਮਦਦ ਕਰਦੇ ਹੋ ਤਾਂ ਪਰਮਾਤਮਾ ਤੁਹਾਡੀ ਮਦਦ ਜ਼ਰੂਰ ਕਰੇਗਾ।

ਆਪਣੇ ਆਪ ਨੂੰ ਰੁਝੇਵਿਆਂ ਨਾਲ ਭਰਪੂਰ ਰੱਖੋ। ਕਦੇ ਵਿਹਲੇ ਨਾ ਬੈਠੋ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਵਿਹਲਾ ਆਦਮੀ ਹਮੇਸ਼ਾਂ ਗ਼ਲਤ ਸੋਚਾਂ ਵਿਚ ਪਿਆ ਰਹੇਗਾ, ਜਿਸ ਨਾਲ ਤੁਹਾਡੀ ਮਾਨਸਿਕ ਸਿਹਤ ਵਿਗੜੇਗੀ। ਆਪਣੇ ਕੰਮ-ਕਾਜੀ ਸਮੇਂ ਤੋਂ ਬਾਅਦ ਸ਼ੁਗਲਾਂ ਵਾਲੇ ਕੰਮਾਂ ਵਿਚ ਰੁੱਝੇ ਰਹੋ। ਬਾਗ਼ਬਾਨੀ, ਪੇਂਟਿੰਗ, ਸੰਗੀਤ ਜਾਂ ਆਪਣੀ ਰੁਚੀ ਅਨੁਸਾਰ ਕੋਈ ਹੋਰ ਕੰਮ ਕਰੋ। ਧਾਰਮਿਕ ਸੰਗੀਤ ਵਿਚ ਦਿਲਚਸਪੀ ਲਵੋ। ਸੰਗੀਤ ਥੈਰੇਪੀ ਦਾ ਮਾਨਸਿਕ ਤਣਾਉ ਨੂੰ ਘਟਾਉਣ ਵਿਚ ਬਹੁਤ ਵੱਡਾ ਯੋਗਦਾਨ ਹੈ।

ਸਵੇਰੇ ਉੱਠ ਕੇ ਸੈਰ ਕਰਨੀ ਬਹੁਤ ਜ਼ਰੂਰੀ ਹੈ। ਸਵੇਰੇ ਜਿੱਥੇ ਤੁਹਾਨੂੰ ਆਕਸੀਜਨ ਮਿਲਦੀ ਹੈ, ਉੱਥੇ ਪਾਰਕ ਜਾਂ ਬਾਗ਼ ਵਿਚ ਜਾ ਕੇ ਤੁਸੀਂ ਫੁੱਲਾਂ-ਬੂਟਿਆਂ, ਘਾਹ, ਪੰਛੀ ਤੇ ਪਰਿੰਦਿਆਂ ਦੀਆਂ ਆਵਾਜ਼ਾਂ, ਠੰਢੀ ਹਵਾ ਦਾ ਨਜ਼ਾਰਾ ਲਵੋ। ਜੇ ਹੋ ਸਕੇ ਤਾਂ ਯੋਗ ਵਿਸ਼ੇਸ਼ ਤੌਰ 'ਤੇ ਸਾਹ ਲੈਣ ਦੀਆਂ ਕਿਰਿਆਵਾਂ ਦੀਆਂ ਕਸਰਤਾਂ ਕਰੋ, ਜਿਸ ਨਾਲ ਤੁਹਾਡੀ ਸਾਹ ਪ੍ਰਣਾਲੀ ਵਿਚ ਖ਼ੂਨ ਦੀ ਪ੍ਰਕਿਰਿਆ ਠੀਕ ਹੋਵੇਗੀ। ਇਸ ਨਾਲ ਤੁਹਾਡਾ ਸਰੀਰ ਅਤੇ ਮਨ ਦੋਵੇਂ ਹੀ ਸਵੱਛ ਹੋ ਜਾਣਗੇ ਅਤੇ ਤੁਹਾਡੇ ਅੰਦਰ ਹੋਰ ਕੰਮ ਕਰਨ ਦੀ ਊਰਜਾ ਵੀ ਪੈਦਾ ਹੋਵੇਗੀ।

ਤਣਾਉ ਜਾਂ ਚਿੰਤਾ ਕਾਰਨ ਜੇ ਤੁਹਾਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ਤਾਂ ਸੌਣ ਤੋਂ ਪਹਿਲਾਂ ਲੰਬੇ ਸਾਹ ਲਵੋ। ਦਸ ਪੰਦਰਾਂ ਮਿੰਟ ਲਈ ਕੋਈ ਦਿਲਚਸਪ ਪੁਸਤਕ ਜਾਂ ਮੈਗਜ਼ੀਨ ਲੈ ਕੇ ਪੜ੍ਹ ਲੈਣੀ ਚਾਹੀਦੀ ਹੈ, ਜਿਸ ਨਾਲ ਤਣਾਉ ਕਾਰਨ ਤੁਹਾਡੀ ਸੋਚ ਉਸ ਸਥਿਤੀ ਤੋਂ ਹਟ ਕੇ ਕਿਸੇ ਦੂਜੀ ਤਰਫ਼ ਹੋ ਜਾਵੇ।

ਸਭ ਤੋਂ ਜ਼ਿਆਦਾ ਜ਼ਰੂਰੀ ਤਾਂ ਮਾਨਸਿਕ ਕਸਰਤਾਂ ਕਰਨੀਆਂ ਵੀ ਜ਼ਰੂਰੀ ਹਨ। ਜਿਵੇਂ ਕਿ ਲੇਟ ਕੇ ਅੱਖਾਂ ਬੰਦ ਕਰਕੇ ਲੰਬੇ ਸਾਹ ਲਵੋ ਅਤੇ ਫਿਰ ਚੰਗੇ ਵਿਚਾਰ ਲਿਆਓ, ਚੰਗੇ ਨਜ਼ਾਰੇ ਦੇਖੋ ਅਤੇ ਆਪਣੇ ਆਪ ਨਾਲ ਗੱਲਬਾਤ ਕਰੋ। ਆਪਣੇ ਆਪ ਨੂੰ ਕਹੋ ਕਿ ਮੈਂ ਬਿਲਕੁਲ ਠੀਕ-ਠਾਕ ਹਾਂ, ਮੈਨੂੰ ਕੋਈ ਚਿੰਤਾ ਨਹੀਂ ਹੈ, ਕੋਈ ਟੈਨਸ਼ਨ ਨਹੀਂ ਹੈ, ਮੈਂ ਆਰਾਮ ਕਰ ਰਿਹਾ ਹਾਂ। ਮੈਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ। ਮੈਂ ਚੰਗਾ ਵਿਅਕਤੀ ਬਣਾਂਗਾ। ਮੈਂ ਚੰਗਾ ਵਿਅਕਤੀ ਹਾਂ। ਇਨ੍ਹਾਂ ਵਿਚਾਰਾਂ ਨੂੰ ਆਪਣੇ ਅੰਦਰ ਬਾਰ-ਬਾਰ ਦੁਹਰਾਓ। ਤੁਸੀਂ ਦੇਖੋਗੇ ਕਿ ਤੁਹਾਡੇ ਅੰਦਰ ਸਵੈ-ਵਿਸ਼ਵਾਸ ਅਤੇ ਸਵੈ-ਭਰੋਸਾ ਪੈਦਾ ਹੋਵੇਗਾ ਅਤੇ ਤੁਹਾਨੂੰ ਬਹੁਤ ਸਕੂਨ ਮਿਲੇਗਾ। ਜੇ ਤੁਹਾਡੇ ਦਿਮਾਗ਼ 'ਤੇ ਤਣਾਉ ਕਾਰਨ ਬਹੁਤ ਹੀ ਬੋਝ ਹੈ ਤਾਂ ਕਿਸੇ ਪਿਆਰੇ ਵਿਅਕਤੀ ਜਾਂ ਸਨੇਹੀ ਨਾਲ ਗੱਲਬਾਤ ਕਰੋ। ਆਪਣੇ ਦਿਮਾਗ਼ ਵਿਚ ਆਉਣ ਵਾਲੇ ਵਿਚਾਰਾਂ ਨੂੰ ਸਾਂਝਾ ਕਰੋ। ਗੱਲਬਾਤ ਕਰਨ ਨਾਲ ਤੁਹਾਡੀ ਅੱਧੀ ਸਮੱਸਿਆ ਦੂਰ ਹੋ ਜਾਵੇਗੀ। ਜੇ ਤੁਸੀਂ ਆਪਣੇ ਪਤੀ ਜਾਂ ਪਤਨੀ ਨਾਲ ਸਾਰੇ ਦੁੱਖ-ਸੁੱਖ ਸਾਂਝੇ ਕਰਦੇ ਰਹੋ ਤਾਂ ਤੁਹਾਡੀ ਜ਼ਿੰਦਗੀ ਵਿਚ ਤਣਾਉ ਘਟੇਗਾ ਕਿਉਂਕਿ ਪਤੀ-ਪਤਨੀ ਇਕ-ਦੂਜੇ ਦੇ ਸੱਚੇ ਤੇ ਗੂੜ੍ਹੇ ਮਿੱਤਰ ਹੁੰਦੇ ਹਨ। ਇਕ-ਦੂਜੇ ਨੂੰ ਹੌਸਲਾ ਦਿਓ ਅਤੇ ਆਸਰਾ ਲਓ ਤਾਂ ਹੀ ਤੁਹਾਡੀ ਜ਼ਿੰਦਗੀ ਵਿਚ ਸ਼ਾਂਤੀ ਆਵੇਗੀ।

ਜੇ ਇੰਜ ਕਰਨ ਨਾਲ ਤੁਹਾਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਤਾਂ ਤੁਸੀਂ ਕਿਸੇ ਮਨੋ-ਚਕਿਤਸਕ ਜਾਂ ਕਿਸੇ ਮਨੋਵਿਗਿਆਨੀ ਨੂੰ ਮਿਲੋ ਅਤੇ ਆਪਣੀ ਸਮੱਸਿਆ ਦੱਸ ਕੇ ਸਲਾਹ ਮਸ਼ਵਰਾ ਲਵੋ। ਮਨੋਚਕਿਤਸਕ ਮਾਹਿਰ ਤਾਂ ਤੁਹਾਨੂੰ ਕੁਝ ਦਵਾਈਆਂ ਦੇ ਕੇ ਥੋੜ੍ਹੇ ਸਮੇਂ ਲਈ ਨੀਂਦ ਦੀ ਹਾਲਤ ਵਿਚ ਲੈ ਜਾਣਗੇ ਜਿੱਥੇ ਤੁਸੀਂ ਤਣਾਉ ਵਾਲੀ ਸਥਿਤੀ ਨੂੰ ਭੁੱਲਣ ਦਾ ਯਤਨ ਕਰੋਗੇ, ਪਰ ਮਨੋਵਿਗਿਆਨੀ ਤੁਹਾਡੀ ਸਮੱਸਿਆ ਦਾ ਕਾਰਨ ਜਾਣ ਕੇ ਤੁਹਾਡੀ ਕੌਂਸਲਿੰਗ ਕਰਨਗੇ ਅਤੇ ਸਲਾਹ ਮਸ਼ਵਰਾ ਦੇਣਗੇ। ਉਹ ਤੁਹਾਡੀ ਅੰਤਰ-ਦ੍ਰਿਸ਼ਟੀ ਨੂੰ ਜਗਾ ਕੇ ਤੁਹਾਡੇ ਅੰਦਰ ਪੈਦਾ ਹੋਇਆ ਕੋਈ ਡਰ, ਭੈਅ, ਫ਼ਿਕਰ ਜਾਂ ਹੋਰ ਭਾਵਨਾਤਮਕ ਚਿੰਨ੍ਹਾਂ ਨੂੰ ਬਾਹਰ ਕੱਢ ਕੇ ਤੁਹਾਨੂੰ ਸੁਚੇਤ ਕਰਨਗੇ। ਸਭ ਤੋਂ ਜ਼ਰੂਰੀ ਤਾਂ ਇਹ ਹੈ ਕਿ ਤੁਸੀਂ ਆਪ ਹੀ ਆਪਣੀ ਸਵੈ-ਕੌਂਸਲਿੰਗ ਕਰਨੀ ਸਿੱਖ ਲਵੋ ਤਾਂ ਜੋ ਤੁਸੀਂ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਆਪ ਹੀ ਕਰਨ ਦੇ ਯੋਗ ਹੋ ਜਾਵੋ। ਇੰਜ ਤੁਸੀਂ ਮਾਨਸਿਕ ਤਣਾਉ ਤੋਂ ਕੁਝ ਦੇਰ ਲਈ ਛੁਟਕਾਰਾ ਪਾਵੋਗੇ ਅਤੇ ਆਪਣੀ ਜ਼ਿੰਦਗੀ ਨੂੰ ਸੁਹਾਵਣੀ, ਸੁਆਦਲੀ ਤੇ ਅਰਥਭਰਪੂਰ ਬਣਾ ਕੇ ਆਪਣੀ ਜ਼ਿੰਦਗੀ ਦਾ ਮਜ਼ਾ ਉਠਾ ਸਕੋਗੇ ਅਤੇ ਆਨੰਦ ਮਾਣੋਗੇ।

ਡਾ. ਆਗਿਆ ਜੀਤ ਸਿੰਘ

# ਕੀ ਤੁਸੀਂ ਜਾਣਦੇ ਹੋ ਦੁਨੀਆਂ ਦੇ ਸਸਤੇ ਅਤੇ ਮਹਿੰਗੇ ਸ਼ਹਿਰਾਂ ਬਾਰੇ ?



### ਇਹ ਹਨ ਦੁਨੀਆ ਦੇ 10 ਸਭ ਤੋਂ ਮਹਿੰਗੇ ਸ਼ਹਿਰ

| | |
|---|---|
| 1. ਸਿੰਗਾਪੁਰ | 9. ਤੇਲ ਅਵੀਵ |
| 2. ਪੈਰਿਸ | 10. ਸਿਡਨੀ |
| 3. ਜਿਊਰਿਕ | 6. ਜੈਨੇਵਾ |
| 4. ਹਾਂਗ-ਕਾਂਗ | 7. ਸਿਓਲ |
| 5. ਓਸਲੋ | 8. ਕੋਪੇਨਹੈਗਨ |

### ਇਹ ਹਨ ਦੁਨੀਆ ਦੇ 10 ਸਭ ਤੋਂ ਸਸਤੇ ਸ਼ਹਿਰ

| | |
|---|---|
| 1. ਦਮਸ਼ਿਕ | 5. ਬੇਂਗਲੁਰੂ |
| 6. ਕਰਾਚੀ | 7. ਅਲਜੀਅਰਸ |
| 2. ਕਾਰਾਕਸ | 8. ਚੇਨਈ |
| 3. ਅਲਮਾਤੀ | 9. ਬੁਕਾਰੈਸਟ |
| 4. ਲਾਗੋਸ | 10. ਦਿੱਲੀ |

ਨਵੀਂ ਦਿੱਲੀ– ਦੁਨੀਆ ਭਰ ਦੇ ਪ੍ਰਮੁੱਖ ਸ਼ਹਿਰਾਂ 'ਚ ਕੀਤੇ ਗਏ ਇਕ ਸਰਵੇ 'ਚ ਦੇਸ਼ ਦੇ ਤਿੰਨ ਸ਼ਹਿਰ ਦਿੱਲੀ, ਬੇਂਗਲੁਰੂ ਅਤੇ ਚੇਨਈ ਨੂੰ ਸਭ ਤੋਂ ਸਸਤੇ ਸ਼ਹਿਰਾਂ 'ਚ ਸ਼ਾਮਲ ਕੀਤਾ ਗਿਆ ਹੈ। 'ਇਕੋਨਾਮਿਸਟ ਇੰਟੈਲੀਜੈਂਸ ਯੂਨਿਟ (ਈ. ਆਈ. ਯੂ.) ਨੇ ਇਹ ਸਰਵੇਖਣ ਰਿਪੋਰਟ ਤਿਆਰ ਕੀਤੀ ਹੈ। ਇਸ 'ਚ ਸਿੰਗਾਪੁਰ ਨੂੰ ਸਭ ਤੋਂ ਮਹਿੰਗਾ ਸ਼ਹਿਰ ਦੱਸਿਆ ਗਿਆ ਹੈ, ਯਾਨੀ ਇੱਥੇ ਰਹਿਣਾ ਸਭ ਤੋਂ ਮਹਿੰਗਾ ਹੈ। ਬੇਂਗਲੁਰੂ, ਚੇਨਈ ਅਤੇ ਨਵੀਂ ਦਿੱਲੀ ਦੁਨੀਆ ਦੇ ਟਾਪ-10 ਸਭ ਤੋਂ ਸਸਤੇ ਸ਼ਹਿਰਾਂ 'ਚ ਸ਼ਾਮਲ ਹਨ। ਹਾਲਾਂਕਿ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਇਕ ਤੇਜ਼ੀ ਨਾਲ ਵਧਦੀ ਹੋਈ ਅਰਥਵਿਵਸਥਾ ਦੇ ਰੂਪ 'ਚ ਜ਼ਰੂਰ ਉਭਰ ਰਿਹਾ ਹੈ ਪਰ ਇਸ ਦੇ ਬਾਵਜੂਦ ਤਨਖਾਹ ਅਤੇ ਖਰਚ ਕਰਨ ਦੇ ਮਾਮਲੇ 'ਚ ਇੱਥੇ ਦੀ ਗ੍ਰੋਥ ਹੁਣ ਵੀ ਕਾਫੀ ਘੱਟ ਹੈ। ਅੱਜ ਵੀ ਘਰ ਖਰਚ ਚਲਾਉਣ ਲਈ ਇੱਥੇ ਲੋਕਾਂ ਨੂੰ ਕਾਫੀ ਸੰਘਰਸ਼ ਕਰਨਾ ਪੈਂਦਾ ਹੈ। ਪੱਛਮੀ ਦੇਸ਼ਾਂ ਦੀ ਤੁਲਨਾ 'ਚ ਭਾਰਤ 'ਚ ਸਸਤੇ ਮੁੱਲ 'ਤੇ ਪੇਂਡੂ ਖੇਤਰਾਂ ਤੋਂ ਸ਼ਹਿਰੀ ਇਲਾਕਿਆਂ 'ਚ ਅਨਾਜ ਤੇ ਹੋਰ ਚੀਜ਼ਾਂ ਦੀ ਸਪਲਾਈ ਅਤੇ ਕੁਝ ਚੀਜ਼ਾਂ 'ਤੇ ਸਰਕਾਰੀ ਸਬਸਿਡੀ ਵੀ ਵਸਤੂਆਂ ਦੀ ਕੀਮਤ ਵਧਣ ਤੋਂ ਰੋਕਦੀ ਹੈ। ਰਿਪੋਰਟ ਮੁਤਾਬਕ ਸੀਰੀਆ ਦੀ ਰਾਜਧਾਨੀ ਦਮਸ਼ਿਕ ਦੁਨੀਆ ਦਾ ਸਭ ਤੋਂ ਸਸਤਾ ਸ਼ਹਿਰ ਹੈ। ਦਮਸ਼ਿਕ ਦੇ ਬਾਅਦ ਦੂਜੇ ਨੰਬਰ 'ਤੇ ਵੈਨੇਜ਼ੂਏਲਾ ਦੀ ਰਾਜਧਾਨੀ ਕਾਰਾਕਸ ਅਤੇ ਕਜ਼ਾਕਿਸਤਾਨ ਦਾ ਵਪਾਰਕ ਕੇਂਦਰ ਅਲਮਾਤੀ ਤੀਜੇ ਨੰਬਰ 'ਤੇ ਹਨ। ਦੁਨੀਆ ਦੇ ਹੋਰ ਟਾਪ-10 ਸ਼ਹਿਰਾਂ 'ਚ ਨਾਈਜੀਰੀਆ ਦਾ ਸ਼ਹਿਰ ਲਾਗੋਸ ਚੌਥੇ ਨੰਬਰ 'ਤੇ, ਬੇਂਗਲੂਰ 5ਵੇਂ, ਪਾਕਿਸਤਾਨ ਦਾ ਸ਼ਹਿਰ ਕਰਾਚੀ 6ਵੇਂ, ਅਲਜੀਰੀਆ ਦਾ ਸ਼ਹਿਰ ਅਲਜੀਅਰਸ 7ਵੇਂ, ਚੇਨਈ 8ਵੇਂ, ਰੋਮਾਨੀਆ ਦਾ ਸ਼ਹਿਰ ਬੁਕਾਰੈਸਟ 9ਵੇਂ ਅਤੇ ਦਿੱਲੀ 10ਵੇਂ ਨੰਬਰ 'ਤੇ ਹਨ। ਸਰਵੇ 'ਚ ਦੁਨੀਆ ਭਰ ਦੇ 133 ਸ਼ਹਿਰਾਂ 'ਚ 150 ਤੋਂ ਵਧ ਚੀਜ਼ਾਂ ਜਿਵੇਂ ਕਿ ਖਾਣ-ਪੀਣ ਦੇ ਖਰਚ, ਪਹਿਰਾਵਾ, ਰੋਜ਼ਾਨਾ ਜ਼ਰੂਰਤ ਦੇ ਸਾਮਾਨ, ਹੋਮ ਰੈਂਟ, ਬਿਜਲੀ-ਮੋਬਾਇਲ ਵਰਗੇ ਯੂਟਿਲਟੀ ਬਿੱਲ ਆਦਿ ਦੇ ਖਰਚ ਦੀ ਤੁਲਨਾ ਕੀਤੀ ਗਈ ਹੈ। ਸਿੰਗਾਪੁਰ ਨੂੰ ਲਗਾਤਾਰ 5ਵੇਂ ਸਾਲ ਦੁਨੀਆ ਦੇ ਸਭ ਤੋਂ ਮਹਿੰਗੇ ਸ਼ਹਿਰ ਦਾ ਖਿਤਾਬ ਮਿਲਿਆ ਹੈ। ਦੂਜੇ ਸਥਾਨ 'ਤੇ ਫਰਾਂਸ ਦਾ ਸ਼ਹਿਰ ਪੈਰਿਸ, ਤੀਜੇ 'ਚ ਸਵਿਟਜ਼ਰਲੈਂਡ ਦਾ ਜਿਊਰਿਕ ਅਤੇ ਚੌਥੇ 'ਤੇ ਹਾਂਗ-ਕਾਂਗ ਹਨ। ਨਾਰਵੇ ਦਾ ਸ਼ਹਿਰ ਓਸਲੋ ਦੁਨੀਆ ਦਾ ਪੰਜਵਾਂ ਸਭ ਤੋਂ ਮਹਿੰਗਾ ਸ਼ਹਿਰ ਹੈ। ਇਸ ਦੇ ਬਾਅਦ ਸਵਿਟਜ਼ਰਲੈਂਡ ਦਾ ਜੈਨੇਵਾ 6ਵਾਂ, ਦੱਖਣੀ ਕੋਰੀਆ ਦਾ ਸਿਓਲ 7ਵਾਂ, ਡੈਨਮਾਰਕ ਦਾ ਕੋਪੇਨਹੈਗਨ 8ਵਾਂ, ਇਜ਼ਰਾਈਲ ਦਾ ਤੇਲ ਅਵੀਵ 9ਵਾਂ ਅਤੇ ਆਸਟ੍ਰੇਲੀਆ ਦਾ ਸ਼ਹਿਰ ਸਿਡਨੀ 10ਵਾਂ ਸਭ ਤੋਂ ਮਹਿੰਗਾ ਸ਼ਹਿਰ ਹੈ।

# ਐਬਟਸਫੋਰਡ 'ਚ ਅਣ-ਅਧਿਕਾਰਿਤ ਦਲਾਲਾਂ ਨਾਲ ਵੀ ਠੱਗੀ ਦੀ ਘਟਨਾ ਆਈ ਸਾਹਮਣੇ

**-ਵਾਅਦਾ ਕਰਕੇ ਦਲਾਲੀ ਦੇਣ ਤੋਂ ਮੁੱਕਰੇ ਕਈ ਲੋਕ**

**-ਇਕਰਾਰਨਾਮੇ ਰਾਹੀਂ ਠੱਗੀ ਮਾਰਨ ਵਾਲੇ ਦੀ ਕਰਤੂਤ ਦੀ ਵੀ ਖੁੱਲ੍ਹੀ ਪੋਲ**

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਕੈਨੇਡਾ 'ਚ ਪਿਛਲੇ ਸਮੇਂ ਤੋਂ ਮਕਾਨਾਂ, ਦੁਕਾਨਾਂ ਅਤੇ ਲਾਟਾਂ ਦੀਆਂ ਕੀਮਤਾਂ 'ਚ ਉਛਾਲ ਆਉਣ ਨਾਲ ਬਹੁਤੇ ਲੋਕਾਂ ਨੇ ਵੇਚਣ ਖਰੀਦਣ ਵਿੱਚ ਪ੍ਰਾਈਵੇਟ ਦਲਾਲੀ ਦਾ ਧੰਦਾ ਜ਼ੋਰਾਂ ਨਾਲ ਸ਼ੁਰੂ ਕੀਤਾ ਹੋਇਆ ਹੈ ਜਿਸ ਰਾਹੀਂ ਉਹ ਚੰਗੀ ਕਮਾਈ ਕਰ ਰਹੇ ਹਨ। ਐਬਟਸਫੋਰਡ ਵਿੱਚ ਇਸ ਸੰਬੰਧੀ ਕਈ ਅਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਮਕਾਨ ਵੇਚਣ ਵਾਲੇ ਲੋਕ, ਪ੍ਰਾਈਵੇਟ ਦਲਾਲੀ ਕਰਨ ਵਾਲਿਆਂ ਨਾਲ ਦਲਾਲੀ ਤਹਿ ਕਰਨ ਉਪਰੰਤ ਮਕਾਨ ਵਿਕ ਜਾਣ ਪਿੱਛੋਂ ਦਲਾਲੀ ਦੇਣ ਤੋਂ ਟਾਲ ਮਟੋਲ ਕਰਕੇ ਮੁੱਕਰ ਗਏ ਦੱਸੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਸ ਵਿੱਚ ਉਨ੍ਹਾਂ ਦਾ ਕੋਈ ਕੁਝ ਵਿਗਾੜ ਨਹੀਂ ਸਕਦਾ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇੱਕ ਮਕਾਨ ਵੇਚਣ ਵਾਲੇ ਨੇ ਆਪਣੇ ਮਕਾਨ ਦੀ ਕੀਮਤ ਲਵਾ ਕੇ ਆਪਣੇ ਕਿਸੇ ਜਾਣਕਾਰ ਨੂੰ ਕਿਹਾ ਕਿ 'ਜੇ ਉਹ ਉਸ ਦਾ ਮਕਾਨ ਲਵਾਈ ਹੋਈ ਕੀਮਤ ਤੋਂ ਵੱਧ ਵਿਕਾ ਦੇਵੇਗਾ ਤਾਂ ਉਸ ਨੂੰ 2 ਹਜ਼ਾਰ ਡਾਲਰ ਜਾਂ ਇਸ ਤੋਂ ਕੁਝ ਵੱਧ ਡਾਲਰ ਦਲਾਲੀ ਵਜੋਂ ਦੇ ਦੇਵੇਗਾ। ਉਸ ਜਾਣਕਾਰ ਨੇ ਉਸ ਦਾ ਮਕਾਨ ਤਕਰੀਬਨ ਪਹਿਲੀ ਬਣਾਈ ਹੋਈ ਕੀਮਤ ਤੋਂ ਵੱਧ ਕੀਮਤ ਵਿੱਚ ਵਿਕਾ ਦਿੱਤਾ। ਮਕਾਨ ਦੀ ਕੀਮਤ ਪ੍ਰਾਪਤ ਹੋਣ ਉਪਰੰਤ ਜਦੋਂ ਉਸ ਅਣ-ਅਧਿਕਾਰਿਤ ਦਲਾਲ ਨੇ ਆਪਣੇ ਕਮਿਸ਼ਨ ਦੀ ਮੰਗ ਕੀਤੀ ਤਾਂ ਮਕਾਨ ਵੇਚਣ ਵਾਲਾ ਉਸ ਦਾ ਬਣਦਾ ਹੱਕ ਦੇਣ ਤੋਂ ਮੁੱਕਰ ਗਿਆ ਜਿਸ ਕਾਰਨ ਉਨ੍ਹਾਂ ਦੋਹਾਂ ਦੋਸਤਾਂ ਦੀ ਆਪਸ ਵਿੱਚ ਖਟਾਸ ਪੈਦਾ ਹੋ ਗਈ। ਇਸੇ ਤਰਾਂ ਹੀ ਸ਼ਹਿਰ ਦਾ ਆਰਥਿਕ ਪੱਖੋਂ ਇੱਕ ਅਮੀਰ ਵਿਅਕਤੀ ਵੀ ਕਈ ਖਰੀਦਦਾਰਾਂ ਨਾਲ ਲਾਟਾਂ ਦੁਕਾਨਾਂ ਵੇਚਣ 'ਚ ਬੇਈਮਾਨੀਆਂ ਕਰਨ ਕਰਕੇ ਚਰਚਾ ਵਿੱਚ ਹੈ। ਇਹ ਵਿਅਕਤੀ ਆਪਣੇ ਗਾਹਕਾਂ ਤੋਂ ਮੋਟੀ ਰਕਮ ਲੈ ਕੇ ਉਨ੍ਹਾਂ ਨਾਲ ਦੁਕਾਨਾਂ ਵੇਚਣ ਦਾ ਆਪ ਹੀ ਲਿਖਤੀ ਇਕਰਾਰਨਾਮਾ ਕਰਕੇ ਤਕਰੀਬਨ ਇੱਕ ਸਾਲ ਲੰਬੀ ਤਾਰੀਖ਼ ਪਾ ਕੇ ਬੜੀ ਚਲਾਕੀ ਨਾਲ ਉਸ ਵਿੱਚ ਇੱਕ ਲਾਈਨ ਦਰਜ ਕਰ ਦਿੰਦਾ ਹੈ ਜਿਸ ਵਿੱਚ ਲਿਖਿਆ ਹੁੰਦਾ ਹੈ ਕਿ 'ਜੇ ਮੈਂ ਕਿਸੇ ਕਾਰਨ ਕਰਕੇ ਇਸ ਤਾਰੀਖ਼ ਤੱਕ ਦੁਕਾਨਾਂ ਨਾ ਬਣਾ ਸਕਿਆ ਤਾਂ ਇਕਰਾਰਨਾਮੇ 'ਚ ਪ੍ਰਾਪਤ ਕੀਤੀ ਹੋਈ ਰਕਮ ਬਿਨ ਵਿਆਜ ਵਾਪਸ ਕਰਾਂਗਾ'। ਇਸ ਤਰਾਂ ਇਹ ਵਿਅਕਤੀ ਲੋਕਾਂ 'ਚ ਆਪਣੇ ਆਪ ਨੂੰ ਬੜਾ ਇਮਾਨਦਾਰ ਦਰਸਾਅ ਕੇ ਉਨ੍ਹਾਂ ਨਾਲ ਅਜਿਹੀਆਂ ਚਲਾਕੀਆਂ ਤੇ ਹੇਰਾ-ਫੇਰੀਆਂ ਕਰਕੇ ਭੋਲ਼ੇ ਭਾਲ਼ੇ ਲੋਕਾਂ ਨੂੰ ਆਪਣੇ ਚੁਗਲ਼ 'ਚ ਫਸਾ ਕੇ ਉਨ੍ਹਾਂ ਤੋਂ ਪ੍ਰਾਪਤ ਕੀਤੀ ਇਕਰਾਰਨਾਮੇ ਦੀ ਰਕਮ ਸਾਲ ਜਾਂ ਸਾਲ ਤੋਂ ਵੱਧ ਸਮਾਂ ਵਰਤਦਾ ਹੈ ਜਦੋਂ ਕਿ ਰਕਮ ਦੇਣ ਵਾਲੇ ਨੂੰ ਬੈਂਕ ਤੋਂ ਵਿਆਜ਼ 'ਤੇ ਚੁੱਕੀ ਰਕਮ ਦਾ ਵਿਆਜ ਭਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਭਰੋਸੇਯੋਗ ਸੂਤਰਾਂ ਤੋਂ ਇਹ ਵੀ ਗੱਲ ਸਾਹਮਣੇ ਆਈ ਹੈ ਜਿਨ੍ਹਾਂ ਪੀੜਤ ਕੁਝ ਖਰੀਦਦਾਰਾਂ ਨਾਲ ਅਜਿਹੀ ਧੋਖਾਧੜੀ ਦੀ ਘਟਨਾ ਘਟੀ ਹੈ, ਉਹ ਖਰੀਦਦਾਰ ਦੁਕਾਨਾਂ, ਲਾਟਾਂ ਜਾਂ ਮਕਾਨ ਵੇਚਣ ਵਾਲੇ ਧੋਖੇਬਾਜ਼ ਵਿਅਕਤੀ ਖ਼ਿਲਾਫ਼ ਉਸ ਦੇ ਨਾਂ 'ਤੇ ਹਲਫ਼ੀਆ ਬਿਆਨ ਦੇ ਕੇ ਮੀਡੀਆ ਰਾਹੀਂ ਕਾਰਵਾਈ ਦੀ ਮੰਗ ਕਰਨ ਦੀ ਤਿਆਰੀ ਵਿੱਚ ਹਨ ਤਾਂ ਕਿ ਇੱਕ ਤਾਂ ਉਨ੍ਹਾਂ ਸਿਰ ਚੜ੍ਹਿਆ ਬੈਂਕ ਦਾ ਵਿਆਜ਼ ਉਨ੍ਹਾਂ ਨੂੰ ਮਿਲ ਸਕੇ ਅਤੇ ਦੂਜਾ ਉਹ ਧੋਖੇਬਾਜ਼ ਵਿਅਕਤੀ ਆਮ ਲੋਕਾਂ 'ਚ ਜੱਗ ਜ਼ਾਹਰ ਹੋ ਸਕੇ ਅਤੇ ਹੋਰ ਲੋਕ ਉਸ ਦੇ ਚੁਗਲ਼ 'ਚ ਆਉਣ ਤੋਂ ਬਚ ਸਕਣ।

# ਪੰਜਾਬ 'ਤੇ ਇੱਕ ਵਾਰ ਫਿਰ ਮੰਡਰਾ ਰਿਹੈ ਹੜ੍ਹਾਂ ਦਾ ਖਤਰਾ

ਚੰਡੀਗੜ੍ਹ: ਪੰਜਾਬ ਵਿੱਚ ਇੱਕ ਵਾਰ ਫਿਰ ਤੋਂ ਹੜ੍ਹਾਂ ਦਾ ਖ਼ਤਰਾ ਮੰਡਰਾ ਰਿਹਾ ਹੈ। ਪੰਜਾਬ ਨੂੰ ਇਹ ਖ਼ਤਰਾ ਪੌਂਗ ਡੈਮ ਤੋਂ ਪੈਦਾ ਹੋ ਰਿਹਾ ਹੈ। ਇਸ ਮਾਮਲੇ ਵਿੱਚ ਪੰਜਾਬ ਭਾਖੜਾ ਡੈਮ ਤੋਂ ਬਾਅਦ ਹੁਣ ਪੌਂਗ ਡੈਮ ਦੀ ਚਪੇਟ ਵਿੱਚ ਆ ਸਕਦਾ ਹੈ। ਦਰਅਸਲ, ਪਿਛਲੇ ਦੋ-ਤਿੰਨ ਦਿਨ ਤੋਂ ਪੌਂਗ ਡੈਮ ਦੇ ਕੈਚਮੈਂਟ ਖੇਤਰ ਵਿੱਚ ਭਾਰੀ ਬਾਰਿਸ਼ ਹੋਣ ਕਰਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਅਗਲੇ ਦੋ ਦਿਨ ਵਿੱਚ ਇੱਥੋਂ 26000 ਕਿਊਸਿਕ ਪਾਣੀ ਛੱਡਣ ਦਾ ਫੈਸਲਾ ਕੀਤਾ ਗਿਆ ਹੈ। ਜਿਸ ਬਾਰੇ ਪੰਜਾਬ ਸਰਕਾਰ ਨੂੰ ਪਹਿਲਾਂ ਤੋਂ ਹੀ ਸੂਚਨਾ ਦੇ ਦਿੱਤੀ ਗਈ ਹੈ। ਪੌਂਗ ਡੈਮ ਦੇ ਇਸ ਪਾਣੀ ਨਾਲ ਸੂਬੇ ਦੇ ਕਈ ਇਲਾਕਿਆਂ ਵਿੱਚ ਹੜ੍ਹ ਦਾ ਖਦਸ਼ਾ ਹੈ। ਇਸ ਮਾਮਲੇ ਵਿੱਚ ਮਾਲ ਤੇ ਸਿੰਜਾਈ ਵਿਭਾਗ ਵੱਲੋਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਮੋਗਾ, ਜਲੰਧਰ, ਕਪੂਰਥਲਾ, ਫਰੀਦਕੋਟ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਦੇ ਡੀਸੀ ਨੂੰ ਚਿੱਠੀ ਲਿਖ ਕੇ ਹਾਲਾਤ ਨਾਲ ਨਜਿੱਠਣ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ। ਇਸ ਚਿੱਠੀ ਵਿੱਚ ਸੂਚਨਾ ਦਿੱਤੀ ਗਈ ਹੈ ਕਿ ਬੀਬੀਐਮਬੀ ਵੱਲੋਂ ਅਗਲੇ ਦੋ ਦਿਨ ਵਿੱਚ ਟਰਬਾਈਨ ਤੋਂ 12000 ਕਿਊਸਿਕ ਤੇ ਸਿਪਲਵੇ ਤੋਂ 14000 ਕਿਊਸਿਕ ਪਾਣੀ ਛੱਡਣ ਦਾ ਫੈਸਲਾ ਲਿਆ ਗਿਆ ਹੈ। ਇਹ ਪਾਣੀ ਬਿਆਸ ਦਰਿਆ ਤੋਂ ਹੁੰਦਾ ਹੋਇਆ ਹਰੀਕੇ ਪੱਤਣ 'ਤੇ ਸਤਲੁਜ ਵਿੱਚ ਜਾ ਕੇ ਮਿਲੇਗਾ

# ਬਟਾਲਾ: ਪਟਾਕਾ ਫ਼ੈਕਟਰੀ 'ਚ ਜ਼ਬਰਦਸਤ ਧਮਾਕਾ, 19 ਦੀ ਮੌਤ



ਬਟਾਲਾ : ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਬਟਾਲੇ ਵਿਖੇ ਅੱਜ ਬੁੱਧਵਾਰ ਨੂੰ ਪਟਾਕਾ ਫ਼ੈਕਟਰੀ ਕਾਫ਼ੀ ਵੱਡਾ ਧਮਾਕਾ ਹੋਇਆ ਹੈ। ਐੱਸਡੀਐੱਮ ਵੱਲੋਂ ਇਸ ਧਮਾਕੇ 'ਚ 19 ਮੌਤਾਂ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਦਰਜਨ ਤੋਂ ਵੱਧ ਗ਼ੰਭੀਰ ਹੋਏ ਜ਼ਖ਼ਮੀ ਲੋਕਾਂ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿਖੇ ਦਾਖ਼ਲ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਦੀਵਾਲੀ ਦੀ ਆਮਦ ਨੂੰ ਲੈ ਕੇ ਇਸ ਫ਼ੈਕਟਰੀ 'ਚ ਪਟਾਕੇ ਬਣਾਉਣ ਦਾ ਕੰਮ ਚੱਲ ਰਿਹਾ ਸੀ ਕਿ ਅਚਾਨਕ ਇੱਕ ਜ਼ੋਰਦਾਰ ਧਮਾਕਾ ਹੋਇਆ ਅਤੇ ਕਈ ਥਾਵਾਂ ਨੂੰ ਅੱਗ ਲੱਗ ਗਈ। ਧਮਾਕੇ ਮਗਰੋਂ ਮੌਕੇ 'ਤੇ ਮੌਜੂਦ ਲੋਕਾਂ 'ਚ ਭਾਜੜਾਂ ਪੈ ਗਈਆਂ। ਲੋਕ ਜਾਨ ਬਚਾਉਣ ਲਈ ਇੱਧਰ ਉਧਰ ਭੱਜਣ ਲੱਗ ਗਏ। ਹਾਦਸੇ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਿਸ ਪ੍ਰਸ਼ਾਸਨ ਅਤੇ ਫ਼ਾਇਰ ਬ੍ਰਿਗੇਡ ਵੱਲੋਂ ਅੱਗ 'ਤੇ ਕਾਬੂ ਪਾਇਆ ਗਿਆ। ਪੀੜ੍ਹਤ ਲੋਕਾਂ ਨੂੰ ਪੁਲਿਸ ਬਾਹਰ ਕੱਢਣ 'ਚ ਜੁਟੀ ਹੋਈ ਹੈ। ਹਾਦਸੇ ਦੇ ਅਸਲ ਕਾਰਨ ਦਾ ਹਾਲੇ ਪਤਾ ਨਹੀਂ ਚੱਲ ਸਕਿਆ ਹੈ।

# ਕੈਲੇਫੋਰਨੀਆ ਵਿਚ ਬਜ਼ੁਰਗ ਸਿੱਖ ਪਰਮਜੀਤ ਸਿੰਘ ਦਾ ਕਾਤਲ ਪੁਲਿਸ ਨੇ ਕੀਤਾ ਕਾਬੂ





ਕੈਲੀਫੋਰਨੀਆ (ਰਾਜ ਗੋਗਨਾ )- ਬੀਤੇਂ ਦਿਨ ਅਮਰੀਕਾ ਦੇ ਕੈਲੀ ਫ਼ੋਰਨੀਆ ਸੂਬੇ ਵਿਚ ਛੁਰੇ ਮਾਰ ਕੇ ਕਤਲ ਕੀਤੇ ਪੰਜਾਬ ਤੋਂ ਤਰਨਤਾਰਨ ਇਲਾਕੇ ਨਾਲ ਸਬੰਧਤ ਬਜ਼ੁਰਗ ਸਿੱਖ ਪਰਮਜੀਤ ਸਿੰਘ ਦੇ ਕਾਤਲ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ ਜਿਸ ਦੀ ਸ਼ਨਾਖ਼ਤ 21 ਸਾਲ ਦੇ ਐਂਥਨੀ ਕ੍ਰਾਇਟਰ ਰੋਡਜ਼ ਵਜੋਂ ਕੀਤੀ ਗਈ ਹੈ। ਪਰਮਜੀਤ ਸਿੰਘ ਦੀ ਬੇਟੀ ਮੋਹਣੀ ਕੌਰ ਕੰਗ ਨੇ ਦੱਸਿਆ ਕਿ ਟਰੇਸੀ ਪੁਲਿਸ ਵਿਭਾਗ ਨੂੰ ਰੋਡਜ਼ ਦੇ ਘਰੋਂ ਕਤਲ ਨਾਲ ਸੰਬੰਧਤ ਠੋਸ ਸਬੂਤ ਮਿਲ ਗਏ ਅਤੇ ਰੋਡਜ਼ ਉਹੀ ਸ਼ਖਸ ਹੈ ਜਿਸ ਨੂੰ ਕਤਲ ਦੀ ਵਾਰਦਾਤ ਮਗਰੋਂ ਪਾਰਕ ਵਿਚੋਂ ਫ਼ਰਾਰ ਹੁੰਦੇ ਵੇਖਿਆ ਗਿਆ। ਕਾਤਲ ਵਿਰੁੱਧ ਨਸਲੀ ਨਫ਼ਰਤ ਦੇ ਦੋਸ਼ ਆਇਦ ਕਰਵਾਉਣ ਲਈ ਯਤਨਸ਼ੀਲ ਯੂਨਾਈਟਿਡ ਸਿੱਖਸ ਨੇ ਟਰੇਸੀ ਪੁਲਿਸ ਵਿਭਾਗ ਦੀ ਤਾਰੀਫ਼ ਕੀਤੀ ਜਿਸ ਦੇ ਅਫ਼ਸਰਾਂ ਨੇ ਲਗਾਤਾਰ ਅੱਗੇ ਵਧਦਿਆਂ ਐਂਥਨੀ ਰੋਡਜ਼ ਦੀ ਗ੍ਰਿਫ਼ਤਾਰੀ ਯਕੀਨੀ ਬਣਾਈ। ਜਥੇਬੰਦੀ ਨੇ ਕਿਹਾ ਕਿ ਪਰਵਾਰ ਨੂੰ ਨਿਆਂ ਦਿਵਾਉਣ ਲਈ ਸਥਾਨਕ ਅਤੇ ਫ਼ੈਡਰਲ ਅਧਿਕਾਰੀਆਂ ਨਾਲ ਤਾਲਮੇਲ ਅਧੀਨ ਕੰਮ ਕੀਤਾ ਜਾ ਰਿਹਾ ਹੈ। ਚੇਤੇ ਰਹੇ ਕਿ ਬੀਤੇ ਐਤਵਾਰ ਪੰਜਾਬ ਤੋਂ ਤਰਨੂੰ 64 ਸਾਲ ਦੇ ਪਰਮਜੀਤ ਸਿੰਘ ਉਪਰ ਉਸ ਵੇਲੇ ਛੁਰੇ ਨਾਲ ਵਾਰ ਕੀਤੇ ਗਏ ਸਨ ਜਦੋਂ ਉਹ ਨੂੰ ਟਰੇਸੀ ਸ਼ਹਿਰ ਦੇ ਇਕ ਪਾਰਕ ਵਿਚ ਸੈਰ ਕਰ ਰਹੇ ਸਨ। ਪਰਮਜੀਤ ਸਿੰਘ ਦੇ ਹੱਥ 'ਤੇ ਵੀ ਜ਼ਖ਼ਮ ਸਨ ਜੋ ਵਾਰ ਬਚਾਉਣ ਦੌਰਾਨ ਲੱਗੇ ਸਨ। ਪਰਮਜੀਤ ਸਿੰਘ ਦੀਆਂ ਅੰਤਮ ਰਸਮਾਂ ਉਪਰ ਹੋਣ ਵਾਲੇ ਖ਼ਰਚ ਵਿਚ ਮਦਦ ਵਾਸਤੇ ਗੋਫ਼ੰਡਮੀ ਪੇਜ ਵੀ ਸਥਾਪਤ ਕੀਤਾ ਗਿਆ ਹੈ। ਪਰਮਜੀਤ ਸਿੰਘ ਨਮਿਤ ਅੰਤਮ ਅਰਦਾਸ 14 ਸਤੰਬਰ ਨੂੰ ਹੋਵੇਗੀ।

# ਗੁਆਂਢੀ ਦੀ ਹੈਵਾਨੀਅਤ : ਨਾਬਾਲਿਗ ਨੂੰ ਬਣਾਇਆ ਹਵਸ ਦਾ ਸ਼ਿਕਾਰ

ਤਰਨ ਤਾਰਨ : ਹਰ ਦਿਨ ਵਾਰਦਾਤਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ , ਤਾਜ਼ਾ ਮਾਮਲੇ ਦੀ ਗੱਲ ਕਰੀਏ ਤਾਂ ਇੱਕ ਗਵਾਂਢੀ ਵੱਲੋਂ ਚੌਥੀ 'ਚ ਪੜ੍ਹਨ ਵਾਲੀ ਬੱਚੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਗਿਆ । ਤਰਨਤਾਰਨ ਦੇ ਨਜ਼ਦੀਕ ਇੱਕ ਪਿੰਡ 'ਚ ਮਾਸੂਮ ਬੱਚੀ ਨਾਲ ਗੁਆਂਢ 'ਚ ਰਹਿੰਦੇ ਵਿਅਕਤੀ ਵੱਲੋਂ ਕਥਿਤ ਤੌਰ 'ਤੇ ਜਬਰ ਜਨਾਹ ਦਾ ਯਤਨ ਕੀਤਾ ਗਿਆ। ਲੜਕੀ ਨੇ ਜਦੋਂ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਉਕਤ ਵਿਅਕਤੀ ਮੌਕੇ ਤੋਂ ਫਰਾਰ ਹੋ ਗਿਆ। ਪੀੜ੍ਹਤ ਦੀ ਮਾਂ ਨੇ ਬਿਆਨ ਦਿੱਤਾ ਕਿ ਜਦੋਂ ਉਹ ਆਪਣੀ ਰੋਜ਼ੀ-ਰੋਟੀ ਚਲਾਉਣ ਲਈ ਘਰ ਤੋਂ ਬਾਹਰ ਕੰਮ 'ਤੇ ਗਈ ਸੀ ਤਾਂ ਬੱਚੀ ਨੂੰ ਕੱਲੀ ਦੇਖਕੇ ਗਵਾਂਢੀ ਜਿਸਦਾ ਨਾਮ ਸੁਖਵਿੰਦਰ ਸਿੰਘ ਹੈ ਉਸਨੇ ਉਸਦੀ ਕੁੜੀ ਨਾਲ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ । ਬੱਚੀ ਦੇ ਚੀਕਾਂ ਮਾਰਨ ਤੋਂ ਉਹ ਮੌਕੇ ਤੋਂ ਭੱਜ ਗਿਆ । ਉਸਨੇ ਦੱਸਿਆ ਕਿ ਬੱਚੀ ਨੇ ਸਾਰੀ ਘਟਨਾ ਉਸਨੂੰ ਓਦੋ ਦੱਸੀ ਜਦੋਂ ਸ਼ਾਮ 7 ਵਜੇ ਉਹ ਡਿਊਟੀ ਤੋਂ ਘਰ ਪਰਤੀ। ਇਸ ਮਾਮਲੇ ਦੀ ਜਾਂਚ ਕਰ ਰਹੀ ਸਬ ਇੰਸਪੈਕਟਰ ਨਰਿੰਦਰ ਕੌਰ ਨੇ ਜਾਣਕਾਰੀ ਦਿੱਤੀ ਕਿ ਉਕਤ ਸ਼ਿਕਾਇਤ ਦੇ ਆਧਾਰ 'ਤੇ ਸੁਖਵਿੰਦਰ ਸਿੰਘ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਜਲਦ ਹੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਨਨਕਾਣਾ ਸਾਹਿਬ: ਸਿੱਖ ਕੁੜੀ ਦੇ ਪਰਿਵਾਰ ਨੂੰ ਕੈਪਟਨ ਅਮਰਿੰਦਰ ਨੇ ਦਿੱਤਾ ਪੰਜਾਬ ਵਸਣ ਦਾ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰ ਕੇ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਜਗਜੀਤ ਕੌਰ ਦੀ ਮਦਦ ਕਰਨ ਵਿੱਚ ਅਸਫ਼ਲ ਰਹੇ ਹਨ। ਪਾਕਿਸਤਾਨ ਵਿੱਚ ਰਹਿਣ ਵਾਲੀ ਸਿੱਖ ਕੁੜੀ ਜਗਜੀਤ ਕੌਰ ਦਾ ਕਥਿਤ ਤੌਰ 'ਤੇ ਉਸ ਦੀ ਮਰਜ਼ੀ ਦੇ ਖਿਲਾਫ਼ ਧਰਮ ਬਦਲ ਕੇ ਮੁਸਲਮਾਨ ਮੁੰਡੇ ਨਾਲ ਵਿਆਹ ਕਰਵਾਇਆ ਗਿਆ। ਕੈਪਟਨ ਅਮਰਿੰਦਰ ਨੇ ਅੱਗੇ ਕਿਹਾ ਕਿ ਉਹ ਉਸ ਕੁੜੀ ਨੂੰ ਪੂਰਾ ਸਮਰਥਨ ਦੇਣਗੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੋਵੇਗੀ ਜੇ ਉਹ ਕੁੜੀ ਅਤੇ ਉਸ ਦਾ ਪਰਿਵਾਰ ਪੰਜਾਬ ਵਿੱਚ ਵਸਣ ਦਾ ਫੈਸਲਾ ਕਰਨ। ਉਹ ਉਨ੍ਹਾਂ ਦੀ ਪੂਰੀ ਮਦਦ ਕਰਨਗੇ।

**ਕੀ ਹੈ ਮਾਮਲਾ**

ਪਾਕਿਸਤਾਨ ਵਿੱਚ ਇੱਕ ਸਿੱਖ ਪਰਿਵਾਰ ਨੇ ਆਪਣੀ ਜਵਾਨ ਕੁੜੀ ਨੂੰ ਅਗਵਾ ਕਰਕੇ ਉਸਦਾ ਧਰਮ ਬਦਲਵਾਉਣ ਅਤੇ ਮੁਸਲਮਾਨ ਮੁੰਡੇ ਨਾਲ ਵਿਆਹ ਕਰਵਾਉਣ ਦਾ ਇਲਜ਼ਾਮ ਲਾਇਆ ਹੈ। ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਇਹ ਪਰਿਵਾਰ ਲਹਿੰਦੇ ਪੰਜਾਬ ਦੇ ਨਨਕਾਣਾ ਸਾਹਿਬ ਸ਼ਹਿਰ ਨਾਲ ਸਬੰਧਤ ਹੈ। ਪੀੜ੍ਹਤ ਪਰਿਵਾਰ ਵਲੋਂ ਲਿਖਤੀ ਤੌਰ ਉੱਤੇ ਲਾਏ ਇਲਜ਼ਾਮਾਂ ਮੁਤਾਬਕ 6 ਜਣਿਆਂ ਨੇ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ ਹੈ। ਪਰ ਪੁਲਿਸ ਮੁਤਾਬਕ ਮੁੰਡੇ ਨੇ ਲਾਹੌਰ ਦੀ ਇੱਕ ਅਦਾਲਤ ਵਿੱਚ ਮੈਜਿਸਟ੍ਰੇਟ ਦੇ ਸਾਹਮਣੇ ਗਵਾਹੀ ਦੇ ਕੇ ਕਾਨੂੰਨ ਦੀ ਧਾਰਾ 164 ਦੇ ਤਹਿਤ ਬਿਆਨ ਰਿਕਾਰਡ ਕਰਵਾਇਆ ਹੈ। ਪੁਲਿਸ ਦੇ ਦਾਅਵੇ ਮੁਤਾਬਕ ਕੁੜੀ ਨੇ ਬਿਨਾਂ ਕਿਸੇ ਦਬਾਅ ਦੇ ਆਪਣੀ ਮਰਜ਼ੀ ਨਾਲ ਇਸਲਾਮ ਆਪਣਾਉਣ ਤੋਂ ਬਾਅਦ ਅਹਿਸਾਨ ਨਾਂ ਦੇ ਵਿਅਕਤੀ ਨਾਲ ਵਿਆਹ ਕਰਵਾਇਆ ਹੈ। ਪੁਲਿਸ ਅਧਿਕਾਰੀਆਂ ਨੇ ਬੀਬੀਸੀ ਨੂੰ ਦੱਸਿਆ ਕਿ ਅਦਾਲਤ ਨੇ ਉਸ ਤੋਂ ਬਾਅਦ ਕੁੜੀ ਨੂੰ ਲਾਹੌਰ ਦੇ ਇੱਕ ਸੁਰੱਖਿਆ ਘਰ ਵਿੱਚ ਭੇਜ ਦਿੱਤਾ ਗਿਆ ਹੈ। ਨਨਕਾਣਾ ਸਾਹਿਬ ਦੇ ਸਿਟੀ ਥਾਣੇ 'ਚ ਇਸ ਮਹੀਨੇ ਦੀ 28 ਤਰੀਕ ਨੂੰ ਮਨਮੋਹਨ ਸਿੰਘ ਨਾਮ ਦੇ ਵਿਅਕਤੀ ਦੀ ਸ਼ਿਕਾਇਤ 'ਤੇ 6 ਲੋਕਾਂ ਖ਼ਿਲਾਫ਼ ਅਗਵਾ ਦਾ ਕੇਸ ਦਰਜ ਕੀਤਾ ਹੈ।

**ਕੁੜੀ ਦੇ ਭਰਾ ਦਾ ਇਲਜ਼ਾਮ**

ਕੁੜੀ ਦੇ ਭਰਾ ਮਨਮੋਹਨ ਸਿੰਘ ਨੇ ਇਲਜ਼ਾਮ ਲਗਾਇਆ ਹੈ ਕਿ ਕੁਝ ਲੋਕਾਂ ਨੇ ਉਨ੍ਹਾਂ ਦੇ ਘਰ 'ਚੋਂ ਹਥਿਆਰਾਂ ਦੇ ਜ਼ੋਰ ਨਾਲ ਉਨ੍ਹਾਂ ਦੀ ਭੈਣ ਜਗਜੀਤ ਕੌਰ ਨੂੰ ਅਗਵਾ ਕੀਤਾ ਸੀ। ਬੀਬੀਸੀ ਨਾਲ ਗੱਲ ਕਰਦਿਆਂ ਮਨਮੋਹਨ ਸਿੰਘ ਨੇ ਦੱਸਿਆ ਕਿ ਕੁੜੀ ਦੀ ਉਮਰ 18 ਸਾਲ ਤੋਂ ਘੱਟ ਹੈ। ਉਸ ਦੀ ਉਮਰ 16 ਜਾਂ 17 ਹੋਵੇਗੀ। ਉਸ ਦਾ ਅਜੇ ਪਛਾਣ ਪੱਤਰ ਵੀ ਨਹੀਂ ਬਣਿਆ। ਇਸ ਤੋਂ ਪਹਿਲਾਂ ਮੁੰਡੇ ਅਤੇ ਕੁੜੀ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ, ਜਿਸ ਵਿੱਚ ਕੁੜੀ ਨੂੰ ਇਸਲਾਮ ਕਬੂਲ ਕਰਦਿਆਂ ਦੇਖਿਆ ਜਾ ਸਕਦਾ ਹੈ। ਉਸ ਵੀਡੀਓ ਵਿੱਚ ਉਹ ਨਜ਼ਰ ਨਾ ਆਉਣ ਵਾਲੇ ਵਿਅਕਤੀ ਨੂੰ ਦੱਸ ਰਹੀ ਹੈ ਕਿ ਉਨ੍ਹਾਂ ਨਵਾਂ ਨਾਮ ਆਇਸ਼ਾ ਰੱਖਿਆ ਗਿਆ ਹੈ। ਪਰ ਕੁੜੀ ਦੇ ਭਰਾ ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਜਗਜੀਤ ਕੌਰ ਨੂੰ ਇਸਲਾਮ ਜ਼ਬਰਨ ਕਬੂਲ ਕਰਵਾਇਆ ਗਿਆ ਹੈ। ਜੇਕਰ ਤੁਸੀਂ ਦੇਖੋ ਤਾਂ ਉਸ ਵਿੱਚ ਵੀ ਸਹਿਮੀ ਹੋਈ ਨਜ਼ਰ ਆ ਰਹੀ ਹੈ। ਪਰਿਵਾਰ ਦੀ ਮੰਗ ਹੈ ਕਿ ਸਰਕਾਰ ਜਗਜੀਤ ਕੌਰ ਨੂੰ ਵਾਪਸ ਘਰ ਭਿਜਵਾਏ, ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਨਨਕਾਣਾ ਸਾਹਿਬ ਦੀ ਪੁਲਿਸ ਇਸ ਮਾਮਲੇ ਵਿਚ ਟਾਲ-ਮਲੋਟ ਕਰ ਰਹੀ ਹੈ।

**ਪੁਲਿਸ ਦਾ ਕੀ ਕਹਿਣਾ ਹੈ ?**

ਨਨਕਾਣਾ ਸਾਹਿਬ ਦੇ ਡਿਸਟ੍ਰਿਕ ਪੁਲਿਸ ਆਫਈਸਰ (ਡੀਪੀਓ) ਫ਼ੈਸਲ ਸ਼ਹਿਜ਼ਾਦ ਨੇ ਬੀਬੀਸੀ ਨੂੰ ਦੱਸਿਆ ਹੈ ਕਿ ਪੁਲਿਸ ਨੇ ਮਨਮੋਹਨ ਸਿੰਘ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦਿਆਂ ਹੋਇਆਂ ਕੇਸ ਦਰਜ ਕਰਨ ਦੇ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ



ਇਹ ਵੀ ਪਤਾ ਕਰ ਲਿਆ ਸੀ ਕਿ ਮੁੰਡਾ ਅਤੇ ਕੁੜੀ ਇਸ ਵੇਲੇ ਲਾਹੌਰ 'ਚ ਸਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਸ ਦੌਰਾਨ ਇੱਕ ਵਕੀਲ ਰਾਹੀਂ ਉਨ੍ਹਾਂ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਦੱਸਿਆ ਕਿ ਜਗਜੀਤ ਕੌਰ ਨੇ ਅਦਾਲਤ 'ਚ ਆਪਣਾ ਬਿਆਨ ਰਿਕਾਰਡ ਕਰਵਾਇਆ ਹੈ। ਕੁੜੀ ਨੇ ਅਦਾਲਤ ਵਿੱਚ ਧਾਰਾ 164 ਤਹਿਤ ਬਿਆਨ ਰਿਕਾਰਡ ਕਰਵਾਇਆ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਧਰਮ ਪਰਿਵਰਤਨ ਕਰਨ ਤੋਂ ਬਾਅਦ ਅਹਿਸਾਨ ਨਾਲ ਵਿਆਹ ਕਰਵਾਇਆ ਹੈ। ਉਨ੍ਹਾਂ ਨੇ ਅੱਗੇ ਨੇ ਕਿਹਾ ਹੈ ਕਿ ਕੁੜੀ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਪੁਲਿਸ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਤੀ ਨੂੰ ਪਰੇਸ਼ਾਨ ਕਰ ਰਹੀ ਹੈ ਅਤੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਇਸ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਸੁਰੱਖਿਆ ਘਰ ਭੇਜਣ ਦਾ ਆਦੇਸ਼ ਦੇ ਦਿੱਤਾ। ਡੀਪੀਓ ਨਨਕਾਣਾ ਸਾਹਿਬ ਫੈਸਲ ਸ਼ਹਿਜ਼ਾਦ ਮੁਤਾਬਕ ਕੁੜੀ ਦੀ ਉਮਰ 19 ਸਾਲ ਹੈ ਅਤੇ ਇਸ ਗੱਲ ਦੀ ਪੁਸ਼ਟੀ ਨਾਦਿਰਾ ਕੋਲੋਂ ਹੋ ਗਈ ਸੀ। ਪੁਲਿਸ ਮੁਤਾਬਕ ਜਗਜੀਤ ਕੌਰ ਦਾ ਪਛਾਣ ਪੱਤਰ ਨਹੀਂ ਸੀ, ਫਿਰ ਵੀ ਉਨ੍ਹਾਂ ਦਾ ਫਾਰਮ ਬੀ ਮੌਜੂਦ ਸੀ। ਜਿਸ ਨਾਲ ਉਨ੍ਹਾਂ ਦੀ ਉਮਰ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਮੁੰਡਾ ਅਤੇ ਕੁੜੀ ਇਹ ਮੁਹੱਲੇ ਦੇ ਰਹਿਣ ਵਾਲੇ ਸਨ। ਡੀਪੀਓ ਨਨਕਾਣਾ ਸਾਹਿਬ ਮੁਤਾਬਕ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਿੱਖ ਭਾਈਚਾਰੇ ਅਤੇ ਸਥਾਨਕ ਲੋਕਾਂ ਦੇ ਨਾਲ ਮਿਲ ਕੇ ਮਾਮਲੇ ਦਾ ਹੱਲ ਕੱਢਿਆ ਜਾਵੇ।

## ਮੁੱਖ ਮੰਤਰੀ ਨੇ ਬਣਾਈ ਕਮੇਟੀ

ਦੂਜੇ ਪਾਸੇ ਪੰਜਾਬ ਸੂਬੇ ਦੇ ਮੁੱਖ ਮੰਤਰੀ ਉਸਮਾਨ ਬਾਜ਼ਦਾਰ ਨੇ ਨੋਟਿਸ ਲੈਂਦਿਆਂ ਹੋਇਆ ਇੱਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਜਿਸ 'ਚ ਸੂਬਾ ਮੰਤਰੀ ਰਾਜਾ ਬਸ਼ਾਰਤ ਤੋਂ ਇਲਾਵਾ ਸੂਬੇ ਦੇ ਊਰਜਾ ਮੰਤਰੀ ਅਖ਼ਤਰ ਮਲਿਕ ਅਤੇ ਆਪਦਾ ਪ੍ਰਬੰਧਨ ਮੰਤਰੀ ਖ਼ਾਲਿਦ ਮਹਿਮੂਦ ਸ਼ਾਮਿਲ ਹਨ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਨੇ ਕਮੇਟੀ ਨੂੰ ਤਮਾਮ ਪਹਿਲੂਆਂ ਦਾ ਜਾਇਜ਼ਾ ਲੈਣ ਤੋਂ ਬਾਅਦ ਛੇਤੀ ਤੋਂ ਛੇਤੀ ਆਪਣੀ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ ਅਤੇ ਕਿਹਾ ਹੈ ਕਿ ਕਮੇਟੀ ਦੇ ਮੈਂਬਰ ਕੁੜੀ ਦੇ ਘਰ ਵਾਲਿਆਂ ਨਾਲ ਸੰਪਰਕ ਕਰਕੇ ਸੱਚਾਈ ਸਾਹਮਣੇ ਲਿਆਉਣ। ਕੁੜੀ ਦੇ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਜੇਕਰ ਕੁੜੀ ਨੂੰ ਬਰਾਮਦ ਨਹੀਂ ਕਰਵਾਇਆ ਗਿਆ ਤਾਂ ਉਹ ਪਹਿਲਾ ਨਨਕਾਣਾ ਸਾਹਿਬ ਅਤੇ ਉਸ ਤੋਂ ਬਾਅਦ ਲਾਹੌਰ ਵਿੱਚ ਮੁੱਖ ਮੰਤਰੀ ਦੇ ਦਫ਼ਤਰ ਦੇ ਸਾਹਮਣੇ ਮੁਜ਼ਾਹਰਾ ਕਰਨਗੇ। ਯਾਦ ਰਹੇ ਕਿ ਇਸ ਤੋਂ ਪਹਿਲਾਂ ਇਸੇ ਸਾਲ ਪਾਕਿਸਤਾਨ ਦੇ ਸੂਬੇ ਸਿੰਧ ਅਤੇ ਸੂਬੇ ਪੰਜਾਬ ਦੇ ਦੱਖਣੀ ਇਲਾਕਿਆਂ ਤੋਂ ਇੱਕ ਤੋਂ ਬਾਅਦ ਇੱਕ ਕਈ ਹਿੰਦੂ ਕੁੜੀਆਂ ਨੂੰ ਅਗਵਾ ਕਰ ਜਬਰਨ ਧਰਮ ਪਰਿਵਰਤਨ ਕਰਵਾਉਣ ਦੇ ਇਲਜ਼ਾਮ ਸਾਹਮਣੇ ਆਏ ਹਨ।

# ਕੀ ਪਾਕਿਸਤਾਨ 'ਚ ਇੰਝ ਰੁਕੇਗਾ ਜਬਰਨ ਧਰਮ ਪਰਿਵਰਤਨ

ਪਾਕਿਸਤਾਨ ਵਿੱਚ ਰੀਨਾ ਅਤੇ ਰਵੀਨਾ ਨਾਮ ਦੀਆਂ ਦੋ ਹਿੰਦੂ ਕੁੜੀਆਂ ਦਾ ਕਥਿਤ ਤੌਰ 'ਤੇ ਜ਼ਬਰਨ ਧਰਮ ਬਦਲਵਾਉਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪਾਕਿਸਤਾਨ ਦੇ ਇੱਕ ਮੰਤਰੀ ਨੇ ਦੋ ਬਿਲ ਪੇਸ਼ ਕਰਨ ਦਾ ਫੈਸਲਾ ਕੀਤਾ ਹੈ। ਇਮਰਾਨ ਖ਼ਾਨ ਦੀ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਆਗੂ ਡਾ. ਰਮੇਸ਼ ਕੁਮਾਰ ਵੰਕਵਾਨੀ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਕੌਮੀ ਅਸੈਂਬਲੀ ਵਿੱਚ ਦੋ ਬਿਲ ਪੇਸ਼ ਕੀਤੇ ਹਨ। ਡਾ. ਰਮੇਸ਼ ਦਾ ਕਹਿਣਾ ਹੈ, "ਪਹਿਲਾ ਬਿਲ ਕੁੜੀਆਂ ਦੇ ਵਿਆਹ ਦੀ ਘੱਟੋ-ਘੱਟ ਉਮਰ ਵਧਾ ਕੇ 18 ਸਾਲ ਕਰਨ ਬਾਰੇ ਹੈ। ਦੂਜਾ ਬਿਲ ਜ਼ਬਰਨ ਧਰਮ ਬਦਲਵਾਉਣ ਨੂੰ ਰੋਕਣ ਲਈ ਹੈ।" ਮੌਜੂਦਾ ਕਾਨੂੰਨ ਮੁਤਾਬਕ ਪਾਕਿਸਤਾਨ ਵਿੱਚ 16 ਸਾਲ ਦੀਆਂ ਕੁੜੀਆਂ ਵਿਆਹ ਕਰਵਾ ਸਕਦੀਆਂ ਹਨ। ਇਹ ਕਾਨੂੰਨ ਸਿੰਧ ਦੇ ਦੱਖਣੀ ਸੂਬੇ ਵਿੱਚ ਵੱਖਰਾ ਹੈ। ਉੱਥੇ ਕੁੜੀਆਂ ਦੇ ਵਿਆਹ ਦੀ ਘੱਟੋ-ਘੱਟ ਉਮਰ 18 ਸਾਲ ਹੈ। ਇਸ ਤੋਂ ਪਹਿਲਾਂ ਕੁੜੀਆਂ ਦੇ ਵਿਆਹ ਦੀ ਉਮਰ ਕਾਨੂੰਨੀ ਤੌਰ 'ਤੇ ਵਧਾਉਣ ਦੀਆਂ ਪਿਛਲੀਆਂ ਕੋਸ਼ਿਸ਼ਾਂ ਨੂੰ ਸਿਆਸਤਦਾਨਾਂ ਅਤੇ ਪਾਕਿਸਤਾਨ ਦੀ 'ਕਾਉਂਸਿਲ ਆਫ਼ ਇਸਲਾਮਿਕ ਆਇਡੀਆਲਾਜੀ' ਨੇ ਨਾਕਾਮ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਕਾਨੂੰਨ "ਗੈਰ-ਇਸਲਾਮੀ" ਹੋਵੇਗਾ।

**ਜ਼ਬਰਨ ਧਰਮ ਬਦਲਵਾਉਣ ਖਿਲਾਫ਼ ਬਿਲ**

ਰੀਨਾ ਅਤੇ ਰਵੀਨਾ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪਾਕਿਸਤਾਨ ਦੀ 'ਕਾਉਂਸਿਲ ਆਫ਼ ਇਸਲਾਮਿਕ ਆਈਡੀਆਲਾਜੀ' ਦੇ ਚੇਅਰਮੈਨ ਡਾ. ਕਿਬਲਾ ਅਯਾਜ਼ ਨੇ ਬਾਲ ਵਿਆਹ ਨੂੰ ਰੋਕਣ ਦੀ ਲੋੜ 'ਤੇ ਜ਼ੋਰ ਦਿੱਤਾ। ਦੂਜੇ ਬਿਲ ਬਾਰੇ ਗੱਲਬਾਤ ਕਰਦਿਆਂ ਡਾ. ਰਮੇਸ਼ ਕੁਮਾਰ ਨੇ ਕਿਹਾ, "ਜ਼ਬਰਨ ਧਰਮ ਬਦਲਵਾਉਣ ਲਈ ਦੋ-ਤਿੰਨ ਮਦਰਸੇ ਜਾਣੇ ਜਾਂਦੇ ਹਨ। ਇਸ ਵਿੱਚ ਬਾਰਛੂੰਡੀ ਸ਼ਰੀਫ਼ ਦਾ ਮਿਆਂ ਮਿੱਠੂ ਵੀ ਸ਼ਾਮਿਲ ਹੈ ਜੋ ਕਿ ਛੋਟੇ ਮਦਰਸਿਆਂ ਨੂੰ ਵੀ ਸਮਰਥਨ ਦਿੰਦੇ ਹਨ। "ਉਹ ਬਜ਼ੁਰਗ ਔਰਤਾਂ ਜਾਂ ਮਰਦਾਂ ਦਾ ਧਰਮ ਨਹੀਂ ਬਦਲਵਾਉਂਦੇ ਸਗੋਂ ਜਵਾਨ ਔਰਤਾਂ ਦਾ ਬਦਲਵਾਉਂਦੇ ਹਨ।



ਕੁਝ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇੱਕ ਸਾਲ ਵਿੱਚ ਹਜ਼ਾਰਾਂ ਕੁੜੀਆਂ ਦਾ ਧਰਮ ਬਦਲਵਾਇਆ। ਜਦਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ 200 ਕੁੜੀਆਂ ਦਾ ਧਰਮ ਬਦਲਵਾਇਆ। ਇਹ ਇੱਕ ਆਮ ਪ੍ਰਕਿਰਿਆ ਬਣ ਗਿਆ ਹੈ।" ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਕੁੜੀਆਂ ਦਾ ਵਿਆਹ ਜ਼ਿਆਦਾਤਰ ਵਿਆਹੇ ਮਰਦਾਂ ਨਾਲ ਹੀ ਹੁੰਦਾ ਹੈ। ਫਿਰ ਉਹ ਮਰਦ ਇਨ੍ਹਾਂ ਕੁੜੀਆਂ ਨੂੰ ਦੇਹ ਵਪਾਰ ਦੇ ਧੰਦੇ ਵਿੱਚ ਧੱਕ ਦਿੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਬਿਲ ਅਜਿਹੇ ਮਦਰਸਿਆਂ ਦੇ ਖਿਲਾਫ਼ ਹੋਏਗਾ। ਉਨ੍ਹਾਂ ਮਦਰਸਿਆਂ ਉੱਤੇ ਪਾਬੰਦੀ ਲਾ ਦਿੱਤੀ ਜਾਵੇਗੀ ਅਤੇ ਸਜ਼ਾ ਵੀ ਦਿੱਤੀ ਜਾਵੇਗੀ। ਕੁਝ ਦਿਨ ਪਹਿਲਾਂ ਬੀਬੀਸੀ ਨਾਲ ਪੀਰ ਅਬਦੁਲ ਹੱਕ (ਮਿਆਂ ਮਿੱਠੂ ਵਜੋਂ ਜਾਣੇ ਜਾਂਦੇ ਹਨ) ਦੇ ਪੁੱਤਰ ਮਿਆਂ ਮੁਹੰਮਦ ਅਸਲਮ ਕਾਦਰੀ ਨੇ ਕਿਹਾ ਸੀ, "ਇਸ ਤੋਂ ਪਹਿਲਾਂ ਵੀ ਕਈ ਔਰਤਾਂ ਨੇ ਸੁਪਰੀਮ ਕੋਰਟ ਵਿੱਚ ਆ ਕੇ ਕਿਹਾ ਸੀ ਕਿ ਉਨ੍ਹਾਂ ਨੇ ਖੁਦ ਇਸਲਾਮ ਕਬੂਲ ਕੀਤਾ ਹੈ। ਕਿਸੇ ਨੇ ਵੀ ਉਨ੍ਹਾਂ ਨੂੰ ਅਗਵਾ ਨਹੀਂ ਕੀਤਾ। ਇਹ ਸਿਰਫ਼ ਸਿਆਸਤ ਹੋ ਰਹੀ ਹੈ। ਸਿਆਸਤਦਾਨ ਸਿਰਫ਼ ਹਿੰਦੂ ਵੋਟਬੈਂਕ ਲਈ ਮੇਰੇ ਪਿਤਾ ਨੂੰ ਬਦਨਾਮ ਕਰ ਰਹੇ ਹਨ।" ਰੀਨਾ ਅਤੇ ਰਵੀਨਾ ਦੇ ਮਾਮਲੇ ਵਿੱਚ ਵੀ ਦੋਹਾਂ ਕੁੜੀਆਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਹੈ। ਹਾਲਾਂਕਿ ਦਸਤਾਵੇਜ਼ਾ ਦੀ ਘਾਟ ਕਾਰਨ ਉਨ੍ਹਾਂ ਦੀ ਉਮਰ ਦਾ ਮਾਮਲਾ ਹਾਲੇ ਵੀ ਅਦਾਲਤ ਵਿੱਚ ਚੱਲ ਰਿਹਾ ਹੈ। ਕੁੜੀਆਂ ਦੇ ਵਕੀਲ ਰਾਓ ਅਬਦੁਲ ਰਹੀਮ ਨੇ ਬੀਬੀਸੀ ਨੂੰ ਦੱਸਿਆ ਕਿ ਕੁੜੀਆਂ ਨੇ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਸੀ। ਉਨ੍ਹਾਂ ਮਿਆਂ ਮਿੱਠੂ ਦੇ ਮਦਰਸੇ ਵਿੱਚ ਹੀ ਇਸਲਾਮ ਅਪਣਾਇਆ ਪਰ ਉਨ੍ਹਾਂ ਦੀ ਜ਼ਿੰਦਗੀ ਨੂੰ ਖ਼ਤਰਾ ਹੋਣ ਕਾਰਨ ਕਾਨੂੰਨੀ ਸੁਰੱਖਿਆ ਦੀ ਲੋੜ ਸੀ। ਉਹ ਘਰ ਵਾਪਸ ਨਹੀਂ ਜਾ ਸਕਦੀਆਂ ਸਨ। ਵਕੀਲਾਂ ਮੁਤਾਬਕ ਇਸ ਕਰਕੇ ਕੁੜੀਆਂ ਦੋਹਾਂ ਮਰਦਾਂ ਕੋਲ ਪਹੁੰਚੀਆਂ ਜੋ ਕਿ ਉਨ੍ਹਾਂ ਦੇ ਪਰਿਵਾਰਕ ਦੋਸਤ ਹੀ ਸਨ ਅਤੇ ਉਨ੍ਹਾਂ ਨਾਲ ਵਿਆਹ ਕਰਵਾ ਲਿਆ।



## ਧਰਮ ਬਦਲਵਾਉਣ ਦੇ ਨਿਯਮ ਤੈਅ

ਆਪਣੀ ਮਰਜ਼ੀ ਹੋਣ ਬਾਰੇ ਡਾ. ਰਮੇਸ਼ ਨੇ ਕਿਹਾ, "ਇਸ ਬਿਲ ਮੁਤਾਬਕ 18 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਅਕਤੀ ਧਰਮ ਨਹੀਂ ਬਦਲ ਸਕਦਾ। ਜੋ ਕੋਈ ਵੀ ਆਪਣਾ ਧਰਮ ਬਦਲਵਾਉਣਾ ਚਾਹੇਗਾ ਤਾਂ ਉਸ ਨੂੰ ਅਦਾਲਤ ਵਿੱਚ ਜਾ ਕੇ ਇੱਕ ਅਰਜ਼ੀ ਪਾਉਣੀ ਪਏਗੀ। ਉਨ੍ਹਾਂ ਨੂੰ ਦੱਸਣਾ ਪਏਗਾ ਕਿ ਉਹ ਕਿਸੇ ਧਰਮ ਤੋਂ ਕਿਉਂ ਪ੍ਰਭਾਵਿਤ ਹਨ ਅਤੇ ਇਸ ਲਈ ਉਨ੍ਹਾਂ ਨੂੰ ਕੀ-ਕੀ ਜਾਣਕਾਰੀ ਹੈ। ਇਸ ਤੋਂ ਇਲਾਵਾ ਆਪਣੀ ਮਰਜ਼ੀ ਹੋਣ ਦਾ ਬਿਆਨ ਵੀ ਦੇਣਾ ਪਏਗਾ।" "ਇਹ ਮਨ-ਮਰਜ਼ੀ ਨਹੀਂ ਹੈ ਕਿ ਤੁਸੀਂ ਕਿਸੇ ਕੁੜੀ ਜਾਂ ਮੁੰਡੇ ਨੂੰ ਅਗਵਾ ਕਰਕੇ ਕਿਸੇ ਮਦਰਸੇ ਵਿੱਚ ਲੈ ਜਾਓ। ਫਿਰ ਉਨ੍ਹਾਂ ਨੂੰ ਕਲਮਾ ਪੜ੍ਹਾਓ ਅਤੇ ਉਸੇ ਵੇਲੇ ਵਿਆਹ ਵੀ ਕਰ ਦਿਓ ਤੇ ਫਿਰ ਕਹੋ ਕਿ ਉਨ੍ਹਾਂ ਨੇ ਧਰਮ ਬਦਲਵਾ ਲਿਆ ਹੈ।" ਤੁਹਾਨੂੰ ਦੱਸ ਦੇਈਏ ਕਿ 2016 ਦੇ ਅਖੀਰ ਵਿੱਚ ਸਿੰਧ ਦੀ ਸੂਬਾਈ ਸਰਕਾਰ ਨੇ ਵੀ ਗ਼ੈਰ-ਮੁਸਲਮਾਨਾਂ ਨੂੰ ਜਬਰੀ ਧਰਮ ਬਦਲਵਾਉਣ ਤੋਂ ਬਚਾਉਣ ਲਈ ਇੱਕ ਅਜਿਹਾ ਹੀ ਬਿਲ ਪਾਸ ਕੀਤਾ ਸੀ। ਹਾਲਾਂਕਿ ਇਹ ਬਿਲ ਬਾਅਦ ਵਿੱਚ ਰੱਦ ਹੋ ਗਿਆ ਸੀ ਕਿਉਂਕਿ ਕਈ ਸਿਆਸੀ ਪਾਰਟੀਆਂ ਨੇ ਬਿਲ ਦੇ ਕੁਝ ਹਿੱਸਿਆਂ ਦਾ ਵਿਰੋਧ ਕੀਤਾ ਅਤੇ ਰਾਜਪਾਲ ਨੇ ਬਿਲ 'ਤੇ ਮੋਹਰ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

# ਦੁਨੀਆ ਦਾ ਸਭ ਤੋਂ ਰਹੱਸਮਈ ਇਨਸਾਨ, ਜਿਸ ਦੇ ਸਨ ਦੋ ਚਿਹਰੇ

ਲੰਡਨ : ਦੁਨੀਆ 'ਚ ਅਜਿਹੇ ਬਹੁਤ ਸਾਰੇ ਇਨਸਾਨ ਹਨ, ਜਿਨ੍ਹਾਂ ਦੇ ਰਹੱਸ ਨੂੰ ਅੱਜ ਤੱਕ ਨਾ ਕੋਈ ਜਾਣ ਸਕਿਆ ਤੇ ਨਾ ਹੀ ਸਮਝ ਸਕਿਆ । ਇਕ ਅਜਿਹਾ ਹੀ ਰਹੱਸਮਈ ਇਨਸਾਨ 19ਵੀਂ ਸਦੀ 'ਚ ਇੰਗਲੈਂਡ 'ਚ ਹੋਇਆ ਕਰਦਾ ਸੀ, ਜਿਸ ਦੇ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਉਸ ਦੇ ਦੋ ਚਿਹਰੇ ਸਨ ।ਇਕ ਅੱਗੇ ਤੇ ਇਕ ਪਿੱਛੇ ।ਉਹ ਦੁਨੀਆ ਦਾ ਇਕਲੌਤਾ ਅਜਿਹਾ ਇਨਸਾਨ ਸੀ । ਦੋ ਚਿਹਰਿਆਂ ਵਾਲੇ ਇਸ ਇਨਸਾਨ ਦਾ ਨਾਂ ਸੀ ਐਡਵਰਡ ਮੋਰਡ੍ਰਾਕੇ ।ਕਹਿੰਦੇ ਹਨ ਕਿ ਉਸ ਦਾ ਦੂਜਾ ਚਿਹਰਾ ਸਰਗਰਮ ਨਹੀਂ ਸੀ ਪਰ ਜਿਵੇ ਹੀ ਉਹ ਸੌਣ ਦੀ ਕੋਸ਼ਿਸ਼ ਕਰਦੇ ਸਨ ਉਨ੍ਹਾਂ ਦਾ ਦੂਜਾ ਚਿਹਰਾ ਜਾਗ ਜਾਂਦਾ ਤੇ ਸਾਰੀ ਰਾਤ ਕੁਝ ਹੌਲੀ ਆਵਾਜ਼ 'ਚ ਬੋਲਦਾ ਰਹਿੰਦਾ ਸੀ ।ਸਾਲ 1985 'ਚ ਬੋਸਟਨ ਪੋਸਟ 'ਚ ਇਕ ਲੇਖ ਛਪਿਆ ਸੀ, ਜਿਸ 'ਚ ਐਡਵਰਡ ਦਾ ਜ਼ਿਕਰ ਕੀਤਾ ਗਿਆ ਸੀ ।ਉਸ 'ਚ ਲਿਖਿਆ ਸੀ ਕਿ ਐਡਵਰਡ ਆਪਣੇ ਦੂਜੇ ਚਿਹਰੇ ਤੋਂ ਬਹੁਤ ਪਰੇਸ਼ਾਨ ਸੀ ਕਿਉਕਿ ਉਸ ਦੇ ਕਰਕੇ ਉਹ ਕਈ-ਕਈ ਦਿਨਾਂ ਸੌਂਦੇਂ ਨਹੀਂ ਸਨ ।ਐਡਵਰਡ ਦੇ ਸਿਰ ਦੇ ਪਿੱਛੇ ਵਾਲਾ ਚਿਹਰਾ ਇਕ ਲੜਕੀ ਦਾ ਸੀ, ਜਿਸ ਦੀਆਂ ਅੱਖਾਂ ਤਾਂ ਸਨ ਪਰ ਉਹ ਦੇਖ ਨਹੀਂ ਸਕਦੀ ਸੀ ।



ਇਸ ਤੋਂ ਇਲਾਵਾ ਦੂਜੇ ਚਿਹਰੇ ਦਾ ਮੂੰਹ ਵੀ ਸੀ ਪਰ ਉਹ ਖਾ ਨਹੀਂ ਸਕਦਾ ਸੀ ਤੇ ਨਾ ਹੀ ਜ਼ੋਰ ਨਾਲ ਬੋਲ ਸਕਦਾ ਸੀ ।ਦੂਜਾ ਚਿਹਰਾ ਹੌਲੀ-ਹੌਲੀ ਗੱਲਾਂ ਕਰਦਾ ਸੀ ਉਹ ਵੀ ਨਰਕ ਦੇ ਬਾਰੇ 'ਚ ।ਐਡਵਰਡ ਨੇ ਆਪਣੇ ਦੂਜੇ ਚਿਹਰੇ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ ਸੀ ।ਉਸ ਵੇਲੇ ਉਨ੍ਹਾਂ ਦੀ ਉਮਰ ਸਿਰਫ 37 ਸਾਲ ਸੀ ।




# ਪੜ੍ਹੇ ਲਿਖੇ ਉਤੇ ਭਾਰੀ ਪਈ ਅਨਪੜ੍ਹਤਾ

ਮਾਰਚ 2017 ਦੇ ਤੀਜੇ ਜਾਂ ਚੌਥੇ ਹਫ਼ਤੇ ਦੀ ਗੱਲ ਹੈ। ਛੁੱਟੀ ਦਾ ਦਿਨ ਹੋਣ ਦੇ ਕਾਰਨ ਭਾਰਤੀ ਪ੍ਰਸ਼ਾਸਨਿਕ ਸੇਵਾ ਦੇ ਪ੍ਰਮੁੱਖ ਅਧਿਕਾਰੀ ਜੇ.ਸੀ. ਮੋਹੰਤੀ ਦੁਪਹਿਰ ਨੂੰ ਆਪਣੇ ਸਰਕਾਰੀ ਬੰਗਲੇ ਵਿੱਚ ਬਣੇ ਆਫ਼ਿਸ ਵਿੱਚ ਬੈਠੇ ਫ਼ਾਈਲਾਂ ਦੇਖ ਰਹੇ ਸਨ। ਉਹਨਾਂ ਦੇ ਮੇਜ ਤੇ ਫ਼ਾਈਲਾਂ ਦਾ ਢੇਰ ਲੱਗਿਆ ਹੋਇਆ ਸੀ। ਉਹ ਰਾਜਸਥਾਨ ਦੇ ਜਨ ਸਿਹਤ ਇੰਜੀਨੀਅਰਿਗ ਦੇ ਭੂਮ ਜਲ ਵਿਭਾਗ ਵਿੱਚ ਮੁੱਖ ਸਕੱਤਰ ਹਨ। ਉਹ ਪਾਣੀ ਦੇ ਮਹਿਕਮੇ ਨਾਲ ਜੁੜੇ ਹਨ ਅਤੇ ਇਸ ਵਕਤ ਗਰਮੀ ਦਾ ਮੌਸਮ ਚੱਲ ਰਿਹਾ ਸੀ। ਇਸ ਕਰਕੇ ਫ਼ਾਈਲਾਂ ਦੀ ਗਿਣਤੀ ਕਾਫ਼ੀ ਹੋ ਗਈ ਸੀ। ਉਹ ਫ਼ਾਈਲ ਤੇ ਸੰਬੰਧਤੀ ਅਧਿਕੀਆਂ ਦੁਆਰਾ ਲਿਖੀਆਂ ਗਈਆਂ ਟਿੱਪਣੀਆਂ ਨੂੰ ਧਿਆਨ ਨਾਲ ਪੜ੍ਹ ਰਹੇ ਸਨ ਕਿ ਅਚਾਨਕ ਉਹਨਾ ਦੇ ਮੋਬਾਇਲ ਤੇ ਘੰਟੀ ਵੱਜੀ। ਉਹਨਾਂ ਨੇ ਮੋਬਾਇਲ ਤੇ ਸਕ੍ਰੀਨ ਉਤੇ ਆਉਣ ਵਾਲੇ ਨੰਬਰਾਂ ਨੂੰ ਸਰਸਰੀ ਤੌਰ ਤੇ ਦੇਖਿਆ ਅਤੇ ਫ਼ਿਰ ਸਵਿੱਚ ਔਨ ਕਰਕੇ ਹੈਲੋ ਕਿਹਾ।

ਸਰ ਮੈਂ ਸਟੇਟ ਬੈਂਕ ਆਫ਼ ਇੰਡੀਆ ਤੋਂ ਬੋਲ ਰਿਹਾ ਹੈ, ਫ਼ੋਨ ਕਰਨ ਵਾਲੇ ਨੇ ਕਿਹਾ।

ਹਾਂ ਦੱਸੋ, ਮੋਹੰਤੀ ਨੇ ਫ਼ਾਈਲ ਤੇ ਨਜ਼ਰਾਂ ਲਗਾਉਂਦੇ ਹੋਏ ਹੀ ਕਿਹਾ।

ਸਰ, ਤੁਹਾਨੂੰ ਪਤਾ ਹੀ ਹੋਵੇਗਾ ਕਿ ਇੱਕ ਅਪ੍ਰੈਲ ਤੋਂ ਸਟੇਟ ਬੈਂਕ ਆਫ਼ ਬੀਕਾਨੇਰ ਐਂਡ ਜੈਪੁਰ ਸਮੇਤ ਦੇਸ਼ ਦੇ 5 ਬੈਂਕਾਂ ਦਾ ਐਸ. ਬੀ. ਆਈ. ਵਿੱਚ ਰਲੇਵਾਂ ਹੋ ਰਿਹਾ ਹੈ। ਤੁਹਾਡਾ ਖਾਤਾ ਐਸ. ਬੀ. ਬੀ. ਜੇ. ਵਿੱਚ ਹੈ। ਤੁਹਾਡੇ ਐਸ. ਬੀ. ਬੀ. ਜੇ. ਦੇ ਏ. ਟੀ. ਐਮ. ਕਾਰਡ ਦਾ ਵੈਰੀਫ਼ਿਕੇਸ਼ਨ ਕਰਨਾ ਹੈ ਤਾਂ ਜ ਉਸਨੂੰ ਐਸ. ਬੀ. ਆਈ. ਨਾਲ ਜੋੜਿਆ ਜਾ ਸਕੇ। ਦੂਜੇ ਪਾਸਿਉਂ ਫ਼ੋਨ ਕਰਨ ਵਾਲੇ ਨੇ ਨਪੇ-ਤੁਲੇ ਸ਼ਬਦਾਂ ਵਿੱਚ ਕਿਹਾ।

ਗੱਲ ਕਰਨ ਵਾਲੇ ਦਾ ਲਹਿਜ਼ਾ ਸਭਿਆ ਅਤੇ ਪ੍ਰੋਫ਼ੈਸ਼ਨਲ ਲੱਗਦਾ ਸੀ, ਇਸ ਕਰਕੇ ਜੇ. ਸੀ. ਮੁਹੰਤੀ ਨੇ ਪੁੱਛਿਆ, ਉਹ ਤਾਂ ਠੀਕ ਹੈ ਪਰ ਇਸ ਲਈ ਮੈਂ ਕੀ ਕਰਨਾ ਹੈ?

ਸਰ, ਤੁਸੀਂ ਤੁਹਾਡੇ ਏ. ਟੀ. ਐਮ. ਕਾਰਡ ਦਾ ਨੰਬਰ ਦੱਸ ਦਿਓ, ਫ਼ੋਨ ਕਰਨ ਵਾਲੇ ਨੇ ਕਿਹਾ।

ਬੈਂਕਾਂ ਦੇ ਰਲੇਵੇਂ ਦੀ ਗੱਲ ਤਾਂ ਮੋਹੰਤੀ ਨੂੰ ਪਤਾ ਸੀ ਕਿਉਂਕਿ ਰੋਜ਼ ਹੀ ਖਬਰਾਂ ਆ ਰਹੀਆਂ ਸਨ। ਇਸ ਕਰਕੇ ਉਹਨਾਂ ਨੇ ਟੇਬਲ ਤੇ ਰੱਖੇ ਆਪਣੇ ਪਰਸ ਤੋਂ ਸਟੇਟ ਬੈਂਕ ਆਫ਼ ਬੀਕਾਨੇਰ ਐਂਡ ਜੈਪੁਰ ਦਾ ਏ. ਟੀ. ਐਮ. ਕਾਰਡ ਕੱਢ ਕੇ ਉਸ ਤੇ ਸਾਹਮਣੇ ਲਿਖੇ 12 ਅੰਕ ਫ਼ੋਨ ਕਰਨ ਵਾਲੇ ਨੂੰ ਦੱਸ ਦਿੱਤੇ। ਦੂਜੇ ਪਾਸਿਉਂ ਫ਼ੋਨ ਕਰਨ ਵਾਲੇ ਨੇ ਏ. ਟੀ. ਐਮ. ਕਾਰਡ ਨੰਬਰ ਨੋਟ ਕਰਦੇ ਹੋਏ ਦੁਬਾਰਾ ਬੋਲ ਕੇ ਕਨਫ਼ਰਮ ਕਰਦੇ ਹੋਏ ਕਿਹਾ, ਥੈਂਕਿਊ ਸਰ, ਤੁਹਾਡਾ ਇੱਕ ਮਿੰਟ ਹੋਰ ਲਿਆਂਗਾ। ਤੁਹਾਨੂੰ ਏ. ਟੀ. ਐਮ. ਕਾਰਡ ਦੇ ਪਿੱਛੇ ਲਿਖਿਆ ਸੀ. ਵੀ ਵੀ ਨੰਬਰ ਵੀ ਦੱਸਣਾ ਹੋਵੇਗਾ।

ਮੋਹੰਤੀ ਨੇ ਸੀਵੀਵੀ ਨੰਬਰ ਵੀ ਦੱਸ ਦਿੱਤਾ। ਇਸ ਤੋਂ ਬਾਅਦ ਫ਼ੋਨ ਕੱਟਿਆ ਗਿਆ ਤਾਂ ਉਹ ਫ਼ਿਰ ਤੋਂ ਆਪਣੇ ਕੰਮ ਵਿੱਚ ਰੁੱਝ ਗਿਆ। ਕੁਝ ਦੇਰ ਬਾਅਦ ਹੀ ਉਸ ਦੇ ਮੋਬਾਇਲ ਤੇ ਇੱਕ ਮੈਸੇਜ ਆਇਆ, ਉਸਨੇ ਮੈਸੇਜ ਦੇਖਿਆ ਤਾਂ ਉਸ ਵਿੱਚ ਓ. ਟੀ. ਪੀ. ਨੰਬਰ ਸੀ। ਉਸਨੂੰ ਉਸਨੇ ਆਪਣੀ ਡਾਇਰੀ ਵਿੱਚ ਨੋਟ ਕਰ ਲਿਆ।

ਮੈਸੇਜ ਆਉਣ ਤੋਂ ਕਰੀਬ 10 ਮਿੰਟ ਬਾਅਦ ਉਹਨਾਂ ਦੇ ਮੋਬਾਇਲ ਤੇ ਇੱਕ ਵਾਰ ਫ਼ਿਰ ਉਸ ਵਿਅਕਤੀ ਦਾ ਫ਼ੋਨ ਆਇਆ। ਉਸ ਨੇ ਕਿਹਾ, ਸਰ ਤੁਹਾਨੂੰ ਇੱਕ ਵਾਰ ਹੋਰ ਕਸ਼ਟ ਦੇ ਰਿਹਾ ਹਾਂ, ਤੁਹਾਡੇ ਮੋਬਾਇਲ ਤੇ ਓ. ਟੀ. ਪੀ. ਨੰਬਰ ਦਾ ਮੈਸੇਜ ਆਇਆ ਹੋਵੇਗਾ। ਇਸੇ ਓ. ਟੀ. ਪੀ. ਨੰਬਰ ਤੋਂ ਤੁਹਾਡੇ ਏ. ਟੀ. ਐਮ. ਕਾਰਡ ਅਤੇ ਬੈਂਕ ਖਾਤੇ ਦਾ ਵੈਰੀਫ਼ਿਕੇਸ਼ਨ ਕੀਤਾ ਜਾਵੇਗਾ। ਕਿਰਪਾ ਕਰਕੇ ਤੁਸੀਂ ਉਹ ਓ. ਟੀ. ਪੀ. ਨੰਬਰ ਦੱਸ ਦਿਓ ਤਾਂ ਜੋ ਤੁਹਾਡੇ ਖਾਤੇ ਅਤੇ ਏ. ਟੀ. ਐਮ. ਕਾਰਡ ਨੂੰ ਵੈਰੀਫ਼ਾਈ ਕਰਕੇ ਸਟੇਟ ਬੈਂਕ ਆਫ਼ ਇੰਡੀਆ ਨਾਲ ਜੋੜ ਕੇ ਅਪਡੇਟ ਕੀਤਾ ਜਾ ਸਕੇ।

ਕੁਝ ਦੇਰ ਪਹਿਲਾਂ ਹੀ ਆਪਣੀ ਪ੍ਰਸਨਲ ਡਾਇਰੀ ਵਿੱਚ ਲਿਖਿਆ ਓ. ਟੀ. ਪੀ. ਨੰਬਰ ਜੇ. ਸੀ. ਮੋਹੰਤੀ ਨੇ ਫ਼ੋਨ ਕਰਨ ਵਾਲੇ ਨੂੰ ਦੱਸ ਦਿੱਤਾ ਅਤੇ ਆਪਣੇ ਕੰਮ ਵਿੱਚ ਰੁੱਝ ਗਿਆ। ਸਕੱਤਰੇਤ ਵਿੱਚ ਆਈ. ਏ. ਐਸ. ਅਧਿਕਾਰੀ ਦਾ ਜੀਵਨ ਬਹੁਤ ਬਿਜ਼ੀ ਹੁੰਦਾ ਹੈ। ਦਿਨ ਭਰ ਮੀਟਿੰਗਾਂ ਅਤੇ ਫ਼ਾਈਲਾਂ ਨਾਲ ਸਿਰ ਖਪਾਉਣਾ ਪੈਂਦਾ ਹੈ।

ਕਦੀ ਸੰਬੰਧਤ ਮੰਤਰੀ ਬੁਲਾ ਲੈਂਦੇ ਹਨ ਅਤੇ ਕਦੀ ਮੁੱਖ ਸਕੱਤਰ, ਮੁੱਖ ਮੰਤਰੀ ਆਫ਼ਿਸ ਨਾਲ ਵੀ ਦਿਨ ਵਿੱਚ 2-4 ਵਾਰ ਕਿਸੇ ਨਾ ਕਿਸੇ ਫ਼ਾਈਲ ਦੇ ਬਾਰੇ ਪੁੱਛਗਿੱਛ ਕੀਤੀ ਜਾਂਦੀ ਹੈ। ਵੈਸੇ ਵੀ ਉਹਨਾਂ ਦਿਨਾਂ ਵਿੱਚ ਰਾਜਸਥਾਨ ਵਿਧਾਨ ਸਭਾ ਦਾ ਬਜਟ ਸੈਸ਼ਨ ਚੱਲ ਰਿਹਾ ਸੀ, ਇਸ ਕਰਕੇ ਭੂਮੀ ਜਲ ਵਿਭਾਗ ਦੇ ਸਵਾਲਾਂ ਦੇ ਜਵਾਬ ਦੇ ਲਈ ਉਹਨਾਂ ਦਾ ਵਿਧਾਨ ਸਭਾ ਵਿੱਚ ਹਾਜ਼ਰ ਰਹਿਣਾ ਜ਼ਰੂਰੀ ਸੀ।

ਇਹਨਾਂ ਰੁਝੇਵਿਆਂ ਵਿੱਚਕਾਰ ਜੇ. ਸੀ. ਮੋਹੰਤੀ ਦੇ ਮੋਬਾਇਲ ਤੇ 50 ਦੇ ਕਰੀਬ ਮੈਸੇਜ ਅਜਿਹੇ ਆਏ, ਜਿਹਨਾਂ ਨੂੰ ਉਹ ਖੋਲ੍ਹ ਕੇ ਦੇਖ ਜਾਂ ਪੜ੍ਹ ਨੀਂ ਸਕੇ। 3 ਅਪ੍ਰੈਲ ਨੂੰ ਉਹ ਸਕੱਤਰੇਤ ਦੇ ਆਪਣੇ ਆਫ਼ਿਸ ਵਿੱਚ ਬੈਠੇ ਸਨ, ਜਿਸ ਵਕਤ ਉਹ ਥੋੜ੍ਹਾ ਫ਼ੁਰਸਤ ਵਿੱਚ ਸਨ, ਉਦੋਂ ਹੀ ਉਹਨਾਂ ਦੇ ਮੋਬਾਇਲ ਤੇ ਇੱਕ ਮੈਸੇਜ ਆਇਆ। ਉਹਨਾਂ ਨੇ ਉਹ ਮੈਸੇਜ ਪੜ੍ਹਿਆ ਤਾਂ ਹੈਰਾਨ ਰਹਿ ਗਏ। ਮੈਸੇਜ ਮੁਤਾਬਕ ਉਹਨਾਂ ਦੇ ਬੈਂਕ ਖਾਤੇ ਤੋਂ 30 ਹਜ਼ਾਰ ਰੁਪਏ ਕਢਵਾਏ ਗਏ ਸਨ।

ਜਦਕਿ ਬੈਂਕ ਤੋਂ ਜਾਂ ਏ. ਟੀ. ਐਮ. ਤੋਂ ਉਹਨਾਂ ਨੇ ਕੋਈ ਪੈਸੇ ਨਹੀਂ ਕਢਵਾਏ ਸਨ, ਇਸ ਕਰਕੇ ਉਹ ਪ੍ਰੇਸ਼ਾਨ ਹੋ ਗਿਆ। ਉਹ ਤੁਰੰਤ ਸਕੱਤਰੇਤ ਵਿੱਚ ਸਥਿਤ ਸਟੇਟ ਬੈਂਕ ਆਫ਼ ਬੀਕਾਨੇਰ ਐਂਡ ਜੈਪੁਰ ਦੀ ਬਰਾਂਚ ਪਹੁੰਚਿਆ ਅਤੇ ਬੈਂਕ ਮੈਨੇਜਰ ਨੂੰ ਪੂਰੀ ਗੱਲ ਦੱਸੀ। ਬੈਂਕ ਮੈਨੇਜਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਜੇ. ਸੀ. ਮੋਹੰਤੀ ਦੇ ਬੈਂਥ ਖਾਤੇ ਦੀ ਡਿਟੇਲ ਕਢਵਾਈ, ਜਿਸਨੂੰ ਦੇਖ ਕੇ ਸ੍ਰੀ ਮੋਹੰਤੀ ਨੂੰ ਝਟਕਾ ਜਿਹਾ ਲੱਗਿਆ। ਉਹਨਾਂ ਦੇ ਬੈਂਕ ਖਾਤੇ ਤੋਂ 22 ਮਾਰਚ ਤੋਂ 3 ਅਪ੍ਰੈਲ ਵਿੱਚਕਾਰ ਅਲੱਗ ਅਲੱਗ ਸਮੇਂ ਵਿੱਚ 73 ਹਜ਼ਾਰ ਰੁਪਏ ਕਢਵਾਏ ਗ?ਸਨ।

ਉਹਨਾਂ ਦੇ ਮੋਬਾਇਲ ਤੇ ਬੈਂਕ ਵੱਲੋਂ ਇਸ ਨਿਕਾਸੀ ਦੇ ਮੈਸੇਜ ਵੀ ਭੇਜੇ ਗ? ਸਨ। ਪਰ ਰੁਝੇਵਿਆਂ ਦੇ ਕਾਰਨ ਉਹ ਮੈਸੇਜ ਦੇਖ ਨਾ ਸਕਿਆ। ਖਾਤੇ ਤੋਂ ਕਰੀਬ ਪੌਣੇ 3 ਲੱਖ ਕਢਵਾਉਣ ਦੀ ਡਿਟੇਲ ਦੇਖ ਕੇ ਜੇ. ਸੀ. ਮੋਹੰਤੀ ਨੂੰ ਕਰੀਬ 15 ਦਿਨ ਪਹਿਲਾਂ ਮੋਬਾਇਲ ਤੇ ਆਏ ਉਸ ਫ਼ੋਨ ਦੀ ਯਾਦ ਆਈ, ਜਿਸ ਵਿੱਚ ਖੁਦ ਨੂੰ ਬੈਂਥ ਅਧਿਕਾਰੀ ਦੱਸ ਕੇ ਕਿਸੇ ਆਦਮੀ ਨੇ ਉਹਨਾਂ ਦਾ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਮੰਗਿਆ ਸੀ।

ਮੋਹੰਤੀ ਸਮਝ ਗਿਆ ਕਿ ਉਹ ਸਾਈਬਰ ਠੱਗਾਂ ਦੀ ਠੱਗੀ ਦਾ ਸ਼ਿਕਾਰ ਹੋ ਗਿਆ ਹੈ। ਉਹਨਾਂ ਦੇ ਨਾਲ ਆਨਲਾਈਨ ਠੱਗੀ ਹੋ ਗਈ ਹੈ। ਉਹਨਾਂ ਨੂੰ ਦੁੱਖ ਇਸ ਗੱਲ ਦਾ ਸੀ ਕਿ ਸਤੰਬਰ 2016 ਵਿੱਚ ਇੱਕ ਵਾਰ ਹੋਰ ਉਸ ਨਾਲ ਸਾਈਬਰ ਠੱਗੀ ਲੱਗ ਚੁੱਕੀ ਸੀ। ਉਸ ਵਕਤ ਉਹਨਾਂ ਦੇ ਕ੍ਰੈਡਿਟ ਕਾਰਡ ਤੋਂ ਵਿਦੇਸ਼ ਵਿੱਚ 86 ਹਜ਼ਾਰ ਦੀ ਸ਼ਾਪਿੰਗ ਕੀਤੀ ਗਈ ਸੀ। ਜੈਪੁਰ ਦੇ ਥਾਣਾ ਅਸ਼ੋਕ ਨਗਰ ਵਿੱਚ ਇਯ ਦੀ ਰਿਪੋਰਟ ਦਰਜ ਕਰਵਾਈ ਗਈ ਪਰ ਠੱਗਾਂ ਦਾ ਪਤਾ ਨਹੀਂ ਲੱਗ ਸਕਿਆ ਸੀ।

ਇਸ ਆਨਲਾਈਨ ਲੱਗੀ ਤੋਂ ਉਹ ਪ੍ਰੇਸ਼ਾਨ ਹੋ ਗਿਆ। ਉਹਨਾਂ ਨੇ ਬੈਂਕ ਮੈਨੇਜਰ ਨੂੰ ਪੈਸਿਆਂ ਦੀ ਨਿਕਾਸੀ ਰੋਕਣ ਲਈ ਕਿਹਾ ਹੀ ਨਹੀਂ, ਬਲਕਿ ਬੈਂਕ ਦੀ ਜ਼ਰੂਰੀ ਕਾਗਜ਼ੀ ਖਾਨਾਪੂਰਤੀ ਵੀ ਕੀਤੀ ਤਾਂ ਜੋ ਆਨਲਾਈਨ ਠੱਗੀ ਕਰਨ ਵਾਲੇ ਭਵਿੱਖ ਵਿੱਚ ਉਸਦੇ ਖਾਤੇ ਤੋਂ ਪੈਸਾ ਨਾ ਕਢਵਾ ਸਕਣ। ਇਸ ਤੋਂ ਬਾਅਦ ਆਪਣੇ ਦਫ਼ਤਰ ਪਹੁੰਚ ਕੇ ਉਸਨੇ ਪੁਲਿਸ ਕਮਿਸ਼ਨਰ ਨੂੰ ਫ਼ੋਨ ਕਰਕੇ ਆਪਣੇ ਨਾਲ ਹੋਈ ਸਾਈਬਰ ਠੱਗੀ ਦੀ ਜਾਣਕਾਰੀ ਦਿੱਤੀ।

ਪੁਲਿਸ ਵੀ ਹੈਰਾਨ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਰਾਜਸਥਾਨ ਪੁਲਿਸ ਅਤੇ ਵੱਖ ਵੱਖ ਬੈਂਕਾਂ ਵੱਲੋਂ ਅਕਸਰ ਅਖਬਾਰਾਂ, ਇਲੈਕਟ੍ਰਾਨਿਕ ਅਤੇ ਡਿਜ਼ੀਟਲ ਮੀਡੀਆ ਦੁਆਰਾ ਰੋਜ਼ਾਨਾ ਲੋਕਾਂ ਨੂੰ ਆਨਲਾਈਨ ਠੱਗੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਸੀ ਕਿ ਕਿਸੇ ਵੀ ਵਿਅਕਤੀ ਨੂੰ ਫ਼ੋਨ ਤੇ ਆਪਣਾ ਏ. ਟੀ. ਐਮ. ਕਾਰਡ ਬੈ ਬੈਂਕ ਖਾਤੇ ਦੀ ਡਿਟੇਲ ਬਿਲਕੁਲ ਨਾ ਦਿਓ।

ਪੁਲਿਸ ਅਤੇ ਬੈਂਕਾਂ ਦੀ ਇੰਨੀ ਕੋਸ਼ਿਸ਼ ਦੇ ਬਾਵਜੂਦ ਵੀ ਆਮ ਆਦਮੀ ਰੋਜ਼ਾਨਾ ਇਹਨਾਂ ਠੱਗਾਂ ਦਾ ਸ਼ਿਕਾਰ ਹੋ ਰਹੇ ਹਨ ਪਰ ਜੇਕਰ ਕੋਈ ਸੀਨੀਅਰ ਆਈ. ਏ. ਐਸ. ਅਫ਼ਸਰ ਇਸ ਕਿਸਮ ਦੀ ਠੱਗੀ ਦਾ ਸ਼ਿਕਾਰ ਹੋ ਜਾਵੇ ਤਾਂ ਹੈਰਾਨੀ ਹੁੰਦੀ ਹੈ। ਸੰਜੇ ਅੱਗਰਵਾਲ ਨੇ ਮੋਹੰਤੀ ਨੂੰ ਰਿਪੋਰਟ ਦਰਜ ਕਰਾਉਣ ਦੀ ਸਲਾਹ ਦਿੰਦੇ ਹੋਏ ਸਾਈਬਰ ਠੱਗਾਂ ਨੂੰ ਜਲਦੀ ਪਕੜਨ ਦਾ ਭਰੋਸਾ ਦਿੱਤਾ।

ਮੂਲ ਤੌਰ ਤੇ ਉੜੀਸਾ ਦੇ ਰਹਿਣ ਵਾਲੇ ਰਾਜਸਥਾਨ ਕੈਡਰ ਦੇ ਸੰਨ 1985 ਬੈਚ ਦੇ ਆਈ. ਐਸ. ਅਧਿਕਾਰੀ ਮੋਹੰਤੀ ਨੇ ਉਸੇ ਦਿਨ ਜੈਪੁਰ ਦੇ ਸਕੱਤਰੇਤ ਕੋਲ ਸਥਿਤ ਥਾਣਾ ਅਸ਼ੋਕਨਗਰ ਵਿੱਚ ਆਪਣੇ ਨਾਲ ਹੋਈ ਠੱਗੀ ਦੀ ਰਿਪੋਰਟ ਦਰਜ ਕਰਵਾਈ। ਆਨਲਾਈਨ ਠੱਗੀ ਦਾ ਇਹ ਇੱਕ ਉਦਾਹਰਣ ਹੈ। ਅਜਿਹੀ ਠੱਗੀ ਰਾਜਸਥਾਨ ਸਮੇਤ ਭਾਰਤ ਦੇ ਲੱਗਭੱਗ ਹਰ ਸੂਬੇ ਵਿੱਚ ਰੋਜ਼ਾਨਾ ਸੌ-ਪੰਜਾਹ ਲੋਕਾਂ ਨਾਲ ਹੋ ਰਹ ਹੈ। ਰਾਜਸਥਾਨ ਵਿੱਚ ਸੰਨ 2016 ਵਿੱਚ ਸਾਈਬਰ ਕ੍ਰਾਈਮ ਦੇ 907 ਮੁਕੱਦਮੇ ਦਰਜ ਹੋਏ ਸਨ, ਜਿਹਨਾਂ ਵਿੱਚ 530 ਮੁਕੱਦਮੇ ਸਿਰਫ਼ ਜੈਪੁਰ ਸ਼ਹਿਰ ਵਿੱਚ ਦਰਜ ਹੋਏ ਸਨ।

ਮੁਕੱਦਮਿਆਂ ਦੇ ਦਰਜ ਹੋਣ ਤੋਂ ਬਾਅਦ ਜਾਂਚ ਵਿੱਚ ਸਾਹਮਣੇ ਆਇਆ ਕਿ ਸਾਈਬਰ ਠੱਗ ਖੁਦ ਨੂੰ ਬੈਂਕ ਮੈਨੇਜਰ ਦੱਸ ਕੇ ਲੋਕਾਂ ਦੇ ਮੋਬਾਇਲ ਤੇ ਫ਼ੋਨ ਕਰਕੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਬੰਦ ਹੋ ਰਿਹਾ ਹੈ ਜਾਂ ਤੁਹਾਡੇ ਏ. ਟੀ. ਐਮ. ਕਾਰਡ ਚਲਾਉਣ ਦੀ ਸੀਮਾ ਵਧਵਾਓ ਅਤੇ ਇਸਨੂੰ ਆਧਾਰ ਕਾਰਡ ਨਾਲ ਲਿੰਕ ਕਰਵਾਓ। ਕਿਸੇ ਵੀ ਵਿਅਕਤੀ ਨੂੰ ਇਹ ਠੱਗ ਮੋਬਾਇਲ ਤੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਪੁਰਾਣਾ ਹੋ ਗਿਆ ਹੈ। ਉਸ ਦੇ ਬਦਲੇ ਨਵਾਂ ਕਾਰਡ ਜਾਰੀ ਕੀਤਾ ਜਾ ਰਿਹਾ ਹੈ। ਇਸ ਕਰਕੇ



ਨਵਾਂ ਪਾਸਵਰਡ ਦਿੱਤਾ ਜਾ ਰਿਹਾ ਹੈ। ਤੁਸੀਂ ਪਿਛਲੀ ਵਾਰ ਏ. ਟੀ. ਐਮ. ਤੋਂ ਕਦੋਂ ਰਕਮ ਕਢਵਾਈ ਸੀ? ਕੀ ਤੁਸੀਂ ਨਵੇਂ ਕੇ. ਵਾਈ. ਸੀ. ਜਾਂ ਆਧਾਰ ਕਾਰਡ ਨੂੰ ਲਿੰਕ ਨਹੀਂ ਕੀਤਾ ਹੈ?

ਬੈਂਕ ਵਾਲਿਆਂ ਵਾਂਗ ਤਕਨੀਕੀ ਗੱਲਾਂ ਕਹਿ ਕੇ ਇਹ ਠੱਗ ਮੋਬਾਇਲ ਤੇ ਹੀ ਲੋਕਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਪੁੱਛ ਲੈਂਦੇ ਹਨ। ਇਸ ਤੋਂ ਬਾਅਦ ਇਹ ਸਾਈਬਰ ਠੱਗ ਸਮਾਰਟ ਫ਼ੋਨ ਜਾਂ ਕੰਪਿਊਟਰ ਦੇ ਜ਼ਰੀਏ ਮਨੀ ਟ੍ਰਾਂਸਫ਼ਰ ਸਾਫ਼ਟਵੇਅਰ ਦੁਆਰਾ ਉਸ ਵਿਅਕਤੀ ਦੇ ਖਾਤੇ ਦੀ ਰਕਮ ਕਢਵਾ ਲੈਂਦੇ ਹਨ।

ਰਾਜਸਥਾਨ ਵਿੱਚ ਇਯ ਕਿਸਮ ਦੀਆਂ ਲਗਾਤਾਰ ਹੋ ਰਹੀਆਂ ਠੱਗੀ ਦੀਆਂ ਵਾਰਦਾਤਾਂ ਕਰਨ ਵਾਲੇ ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਤਲੇਗਾਉਂ ਇਲਾਕੇ ਵਿੱਚ ਰਹਿ ਰਹੇ ਹਨ। ਟੀਮ ਨੇ ਉਹਨਾਂ ਨੂੰ ਪਛਾਣ ਕੇ ਨਿਗਰਾਨੀ ਆਰੰਭ ਕੀਤੀ ਤਾਂ ਪਤਾ ਲੱਗਿਆ ਕਿ ਇਹ ਠੱਗ ਕਾਲ ਸੈਂਟਰ ਦੀ ਤਰਜ ਤੇ ਬੈਂਕ ਅਧਿਕਾਰੀ ਬਣ ਕੇ ਰੋਜ਼ਾਨਾ ਸੈਂਕੜੇ ਲੋਕਾਂ ਨੂੰ ਫ਼ੋਨ ਕਰਦੇ ਹਨ ਅਤੇ ਉਹਨਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ ਆਦਿ ਪੁੱਛ ਕੇ ਆਨਲਾਈਨ ਠੱਗੀ ਮਾਰਦੇ ਹਨ।

ਕਈ ਦਿਨਾਂ ਦੀ ਨਿਗਰਾਨੀ ਤੋਂ ਬਾਅਦ ਕ੍ਰਾਈਮ ਬਰਾਂਚ ਨੇ ਮਹਾਰਾਸ਼ਟਰ ਦੇ ਪੁਣੇ ਦੇ ਐਸ.ਪੀ. ਸੁਵੇਜ ਹੱਕ ਅਤੇ ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਦੀ ਮਦਦ ਨਾਲ 27 ਮਾਰਚ ਨੂੰ 5 ਲੋਕਾਂ ਨੂੰ ਮਹਾਰਾਸ਼ਟਰ ਦੇ ਤਲੇਗਾਉਂ ਦਾਭਾੜੇ ਤੋਂ ਗ੍ਰਿਫ਼ਤਾਰ ਕੀਤਾ। ਇਹਨਾਂ ਵਿੱਚ ਝਾਰਖੰਡ ਦੇ ਜ਼ਿਲ੍ਹਾ ਜਾਮਤਾੜਾ ਦੇ ਕਰਮਾਟਾਂਡ ਨਿਵਾਸੀ 3 ਸਕੇ ਭਰੇ ਯੂਸਫ਼, ਮੁਖਤਾਰ ਅਤੇ ਅਖਤਰ ਸ਼ਾਮਲ ਸਨ। ਯੂਨਸ ਦੇ ਇਹਨਾਂ ਤਿੰਨੇ ਬੇਟਿਆਂ ਵਿੱਚ ਯੂਸਫ਼ ਸਭ ਤੋਂ ਵੱਡਾ ਅਤੇ ਅਖਤਰ ਸਭ ਤੋਂ ਛੋਟਾ ਸੀ। ਇਹਨਾਂ ਤੋਂ ਇਲਾਵਾ ਮਹਾਰਾਸ਼ਟਰ ਦੇ ਪੁਣੇ ਦੇ ਤਲੇਗਾਉਂ ਦਾਭਾੜੇ ਨਿਵਾਸੀ ਸੰਜੇ ਸਿੰਧੇ ਅਤੇ ਸ਼ੈਲੇਸ਼ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਹਨਾਂ ਦੇ ਕੋਲੋਂ ਪੁਲਿਸ ਨੇ 10 ਛੋਟੇ ਅਤੇ 4 ਵੱਡੇ ਮੋਬਾਇਲ ਫ਼ੋਨ, 15 ਸਿਮ, 7 ਏ. ਟੀ. ਐਮ. ਕਾਰਡ ਅਤੇ 9 ਲੱਖ 86 ਹਜ਼ਾਰ 500 ਰੁਪਏ ਬਰਾਮਦ ਕੀਤੇ ਸਨ। ਇਹਨਾਂ ਲੋਕਾਂ ਨੇ ਪਿਛਲੇ ਸਾਲ ਜੈਪੁਰ ਦੇ ਰਹਿਣ ਵਾਲੇ ਗੋਪਾਲ ਬੈਰਵਾ ਨੂੰ ਫ਼ੋਨ ਕਰਕੇ ਉਸ ਤੋਂ 29 ਹਜ਼ਾਰ 600 ਰੁਪਏ ਠੱਗੇ ਸਨ। ਇਸ ਦਾ ਮੁਕੱਦਮਾ ਜੈਪੁਰ ਪੂਰਬ ਦੇ ਥਾਣਾ ਬੱਸੀ ਵਿੱਚ ਦਰਜ ਸੀ। ਗ੍ਰਿਫ਼ਤਾਰ ਦੋਸ਼ੀਆਂ ਨੂੰ ਪੁਲਿਸ ਜੈਪੁਰ ਲੈ ਆਈ। ਇਹਨਾਂ ਤੋਂ ਪੁੱਛਗਿੱਛ ਵਿੱਚ ਪਤਾ ਲੱਗਿਆ ਕਿ ਝਾਰਖੰਡ ਦੇ ਜਾਮਤਾੜਾ ਜ਼ਿਲ੍ਹੇ ਦੇ ਕਰਮਾਟਾਂਡ ਦੇ ਰਹਿਣ ਵਾਲੇ ਤਿੰਨ ਠੱਗ ਭਰਾਵਾਂ ਨੇ ਆਪਣੇ ਪਿੰਡ ਦੇ ਹੀ ਦੂਜੇ ਲੋਕਾਂ ਤੋਂ ਬੈਂਕ ਅਧਿਕਾਰੀ ਬਣ ਕੇ ਆਨਲਾਈਨ ਠੱਗੀ ਮਾਰਨਾ ਸਿੱਖਿਆ ਅਤੇ ਨਕਲੀ ਆਈ. ਡੀ. ਤੇ ਦਰਜਨਾਂ ਸਿਮ ਹਾਸਲ ਕਰਕੇ ਆਸਾਨ ਤਰੀਕੇ ਨਾਲ ਮੋਟਾ ਪੈਸਾ ਕਮਾਉਣ ਲੱਗੇ।

ਇਹ ਲੋਕ ਠੱਗੀ ਦੇ ਲਈ ਨਕਲੀ ਆਈ. ਡੀ. ਤੋਂ ਲਏ ਗਏ ਸਿਮ ਅਤੇ ਦਰਜਨਾਂ ਮੋਬਾਇਲਾਂ ਦੀ ਵਰਤੋਂ ਕਰਦੇ ਸਨ ਤਾਂ ਜੋ ਪੁਲਿਸ ਇਹਨਾਂ ਤੱਕ ਨਾ ਪਹੁੰਚ ਸਕੇ। ਇਹਨਾਂ ਲੋਕਾਂ ਨੇ ਨਕਲੀ ਮੋਬਾਇਲ ਸਿਮਾਂ ਤੇ ਈ-ਵਾਲੇਟ ਵੀ ਰਜਿਸਟਰਕ ਕਰਵਾ ਰੱਖੇ ਸਨ, ਜਿਹਨਾਂ ਵਿੱਚ ਸ਼ਿਕਾਰ ਹੋਏ ਵਿਅਕਤੀ ਦੇ ਬੈਂਕ ਖਾਤੇ ਤੋਂ ਆਨਲਾਈਨ ਪੈਸੇ ਟ੍ਰਾਂਸਫ਼ਰ ਕਰਦੇ ਸਨ। ਇਸ ਤੋਂ ਬਾਅਦ ਇਹ ਆਨਲਾਈਨ ਸ਼ਾਪਿੰਗ ਕਰਦੇ ਜਾਂ ਈ-ਵਾਲੇਟ ਦੇ ਜ਼ਰੀਏ ਉਸ ਪੈਸੇ ਨੂੰ ਆਪਣੇ ਬੈਂਕ ਖਾਤੇ ਵਿੱਚ ਭੇਜ ਦਿੰਦੇ। ਇਹ ਠੱਗੀ ਗਈ ਰਕਮ ਨਾਲ ਈ-ਵਾਲੇਟ ਦੇ ਜ਼ਰੀਏ ਮੋਬਾਇਲ ਵੀ ਰਿਚਾਰਜ ਕਰਦੇ ਸਨ। ਇਸ ਦੇ ਲਈ ਇਹ ਮੋਬਾਇਲ ਦੀ ਦੁਕਾਨ ਚਲਾਉਣ ਵਾਲਿਆਂ ਨਾਲ ਮਿਲੀਭੁਗਤ ਕਰਕੇ ਉਹਨਾਂ ਨੂੰ 30 ਤੋਂ 40 ਪ੍ਰਤੀਸ਼ਤ ਤੱਕ ਕਮਿਸ਼ਨ ਦਾ ਲਾਲਚ ਦਿੰਦੇ ਸਨ। ਇਸ ਤਰ੍ਹਾਂ ਮੋਬਾਇਲ ਰਿਚਾਰਜ ਕਰਕੇ ਦੁਕਾਨਦਾਰਾਂ ਤੋਂ ਮਿਲਣ ਵਾਲੀ ਰਕਮ ਨੂੰ ਇਹ ਲੋਕ ਆਪਣੇ ਘਰ ਵਾਲਿਆਂ ਦੇ ਬੈਂਕ ਖਾਤੇ ਵਿੱਚ ਜਮ੍ਹਾ ਕਰਾਉਂਦੇ ਸਨ।

ਦੇਸ਼ ਭਰ ਵਿੱਚ ਹੋ ਰਹੀ ਆਨਲਾਈਨ ਠੱਗੀ ਦੀਆਂ ਵਾਰਦਾਤਾਂ ਨੂੰ ਦੇਖਦੇ ਹੋਏ ਝਾਰਖੰਡ ਸਮੇਤ ਵੱਖ ਵੱਖ ਸੂਬਿਆਂ ਦੀ ਪੁਲਿਸ ਨੇ ਝਾਰਖੰਡ ਦੇ ਜਾਮਤਾੜਾ ਇਲਾਕੇ ਵਿੱਚ ਰਹਿਣ ਵਾਲੇ ਸਾਈਬਰ ਠੱਗਾਂ ਤੇ ਸ਼ਿਕੰਜਾ ਕਸਿਆ ਤਾਂ ਕਰਮਾਟਾਂਡ ਦੇ ਰਹਿਣ ਵਾਲੇ ਤਿੰਨੇ ਠੱਗ ਭਰਾ ਆਪਣੇ ਸਾਥੀਆਂ ਸੰਜੇ ਸਿੰਧੈ ਅਤੇ ਸ਼ੈਲੇਸ਼ ਦੀ ਮਦਦ ਨਾਲ ਇਸ ਸਾਲ ਫ਼ਰਵਰੀ ਤੋਂ ਪੁਣੇ ਦੇ ਤਲੇਗਾਉਂ ਇਲਾਕੇ ਵਿੱਚ ਕਿਰਾਏ ਦੇ ਇੱਕ ਮਕਾਨ ਵਿੱਚ ਰਹਿਣ ਲੱਗੇ। ਉਸੇ ਮਕਾਨ ਤੋਂ ਪੰਜੇ ਠੱਗੀ ਦੀਆਂ ਵਾਰਦਾਤਾਂ ਕਰਦੇ ਸਨ।

ਪੁੱਛਗਿੱਛ ਵਿੱਚ ਪਤਾ ਲੱਗਿਆ ਕਿ ਇਹਨਾਂ ਪੰਜੇ ਦੋਸ਼ੀਆਂ ਨੇ ਪਿਛਲੇ ਇੱਕ ਸਾਲ ਵਿੱਚ ਰਾਜਸਥਾਨ ਸਮੇਤ ਦੇਸ਼ ਦੇ 23 ਸੂਬਿਆਂ ਵਿੱਚ 85 ਹਜ਼ਾਰ ਤੋਂ ਜ਼ਿਆਦਾ ਫ਼ੋਨ ਕੀਤੇ। ਪਰ ਇਹ ਮੁੱਖ ਤੌਰ ਤੇ ਰਾਜਸਥਾਨ ਦੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਸਨ। ਇਸ ਦਾ ਪਤਾ ਇਸੇ ਤੋਂ ਲੱਗਦਾ ਹੈ ਕਿ 85 ਹਜ਼ਾਰ ਫ਼ੋਨਾਂ ਵਿੱਚੋਂ ਲੱਗਭੱਗ 50 ਹਜ਼ਾਰ ਫ਼ੋਨ ਰਾਜਸਥਾਨ ਦੇ ਸਾਰੇ 33 ਜ਼ਿਲ੍ਹਿਆਂ ਵਿੱਚ ਕੀਤੇ ਗਏ ਸਨ।

ਰਾਜਸਥਾਨ ਦਾ ਅਜਿਹਾ ਕੋਈ ਜ਼ਿਲ੍ਹਾ ਨਹੀਂ ਬਚਿਆ ਸੀ, ਜਿੱਥੇ ਇਹਨਾਂ ਲੋਕਾਂ ਨੇ ਠੱਗੀ ਨਾ ਕੀਤੀ ਹੋਵੇ। ਇੱਕੱਲੇ ਜੈਪੁਰ ਸ਼ਹਿਰ ਵਿੱਚ ਹੀ ਇਹਨਾਂ ਲੋਕਾਂ ਨੇ ਕਰੀਬ 5 ਹਜ਼ਾਰ ਫ਼ੋਨ ਕੀਤੇ ਸਨ। ਪੁਲਿਸ ਨੇ ਇਹਨਾਂ ਤੋਂ ਜੋ ਕਰੀਬ 10 ਲੱਖ ਬਰਾਮਦ ਕੀਤੇ ਸਨ। ਇਹ ਪੈਸੇ ਇੱਕ ਮਹੀਨਾ ਦਾ ਕਲੈਕਸ਼ਨ ਦੱਸਿਆ ਗਿਆ ਸੀ। ਤਿੰਨੇ ਠੱਗ ਭਰਾਵਾਂ ਨੇ ਧੋਖਾਦੇਹੀ ਨਾਲ ਕਰੋੜਾਂ ਰੁਪਏ ਕਮਾਏ ਹਨ। ਠੱਗੀ ਦੀ ਰਕਮ ਨੂੰ ਇਹਨਾਂ ਨੇ ਕਰੀਬ 25 ਬੈਂਕ ਖਾਤਿਆਂ ਅਤੇ 50 ਤੋਂ ਜ਼ਿਆਦਾ ਈ-ਵਾਲੇਟ ਵਿੱਚ ਜਮ੍ਹਾ ਕਰਵਾਈ ਸੀ। ਇਹਨਾਂ ਦੇ ਬੈਂਕ ਖਾਤਿਆਂ ਦੀ ਡਿਟੇਲ ਕਢਵਾਈ ਜਾ ਰਹ ਹੈ। ਇਹਨਾਂ ਵਿੱਚੋਂ 4 ਖਾਤੇ ਪ੍ਰਾਇਵੇਟ ਬੈਂਕਾਂ ਅਤੇ 6 ਸਰਕਾਰੀ ਬੈਂਕਾਂ ਵਿੱਚ ਹਨ। ਇਹਨਾਂ ਵਿੱਚੋਂ 4 ਬੈਂਕ ਖਾਤੇ ਕੇਰਲ ਵਿੱਚ ਹਨ। ਇਹਨਾਂ ਸਾਰੇ ਖਾਤਿਆਂ ਵਿੱਚ 58 ਲੱਖ 18 ਹਜ਼ਾਰ ਰੁਪਏ ਜਮ੍ਹਾ ਹੋਏ ਸਨ। ਪਰ ਇਹਨਾਂ ਵਿੱਚੋਂ ਇੱਕ ਜਨਵਰੀ 2017 ਤੋਂ 24 ਮਾਰਚ ਤੱਕ 8 ਲੱਖ 49 ਹਜ਼ਾਰ ਰੁਪਏ ਹੀ ਬਚੇ ਸਨ।

ਜੈਪੁਰ ਪੁਲਿਸ ਨੇ ਇਸ ਤੋਂ ਪਹਿਲਾਂ ਆਨਲਾਈਨ ਠੱਗੀ ਦੇ ਇੱਕ ਹੋਰ ਮਾਮਲੇ ਵਿੱਚ 23 ਮਾਰਚ ਨੂੰ ਇੱਕ ਦੋਸ਼ੀ ਦਿਨੇਸ਼ ਮੰਡਲ ਨੂੰ ਮੁੰਬਈ ਤੋਂ ਉਥੋਂ ਦੀ ਪੁਲਿਸ ਦੀ ਮਦਦ ਨਾਲ ਗ੍ਰਿਫ਼ਤਾਰ ਕੀਤਾ ਸੀ। ਮੂਲ ਤੌਰ ਤੇ ਜਾਮਤਾੜਾ ਦਾ ਰਹਿਣ ਵਾਲਾ ਦਿਨੇਸ਼ ਮੰਡਲ ਮੁੰਬਈ ਵਿੱਚ ਵਰਲੀ ਸਥਿਤ ਜਨਤਾ ਕਾਲੋਨੀ ਦੇ ਕੋਲੀਕਮ ਵਿੱਚ ਰਹਿ ਕੇ ਆਨਲਾਈਨ ਠੱਗੀ ਕਰ ਰਿਹਾ ਸੀ।

ਉਸ ਨੇ ਪਿਛਲੇ ਸਾਲ ਜੈਪੁਰ ਦੇ ਵਿਨੋਦ ਕੁਮਾਰ ਪਾਲ ਨੂੰ ਫ਼ੋਨ ਕਰਕੇ ਖੁਦ ਨੂੰ ਬੈਂਕ ਅਧਿਕਾਰੀ ਦੱਸ ਕੇ ਏ. ਟੀ. ਐਮ. ਕਾਰਡ ਅਤੇ ਓ. ਪੀ. ਟੀ. ਨੰਬਰ ਪੁੱਛ ਕੇ ਉਹਨਾਂ ਦੇ ਖਾਤਿਆਂ ਤੋਂ 7 ਹਜ਼ਾਰ ਰੁਪਏ ਆਨਲਾਈਨ ਕਢਵਾਏ ਸਨ। ਇਸ ਦਾ ਮੁਕੱਦਮਾ ਜੈਪੁਰ ਪੱਛਮ ਦੇ ਥਾਣਾ ਸਦਰ ਵਿੱਚ ਦਰਜ ਸੀ। ਪੁਲਿਸ ਨੇ ਦਿਨੇਸ਼ ਮੰਡਲ ਤੋਂ 4 ਮੋਬਾਇਲ ਫ਼ੋਨ ਅਤੇ 7 ਸਿਮ ਬਰਾਮਦ ਕੀਤੇ ਸਨ। ਉਸ ਤੋਂ ਕੀਤੀ ਗਈ ਪੁੱਛਗਿੱਛ ਵਿੱਚ ਪਤਾ ਲੱਗਿਆ ਕਿ ਉਸ ਨੇ ਠੱਗੀ ਦੇ ਲਈ ਮੋਬਾਇਲ ਫ਼ੋਨ ਤੋਂ ਲੱਗਭੱਗ 29 ਸੌ ਲੋਕਾਂ ਨੂੰ ਫ਼ੋਨ ਕੀਤੇ ਸਨ। ਜੈਪੁਰ ਪੁਲਿਸ ਨੇ ਪਹਿਲਾਂ ਹੀ ਅਜਿਹੀਆਂ ਠੱਗੀਆਂ ਦੀ ਸੂਚਨਾ ਮਿਲਣ ਤੇ ਵਿਸ਼ੇਸ਼ ਚੌਕਸੀ ਸੈਲ ਕਾਇਮ ਕੀਤਾ ਸੀ। ਇਸ ਟੀਮ ਨੇ ਠੱਗੀ ਦੇ ਇੱਕ-ਇੱਕ ਮਾਮਲੇ ਦਾ ਅਧਿਐਨ ਕਰਕੇ ਅਪਰਾਧੀਆਂ ਦਾ ਤਰੀਕਾ ਸਮਝਿਆ। ਉਸ ਤੋਂ ਬਾਅਦ ਤਕਨੀਕੀ ਜ਼ਰੀਏ ਉਹਨਾਂ ਮੋਬਾਇਲ ਨੰਬਰਾਂ ਦਾ ਪਤਾ ਲਗਾਇਆ, ਜਿਹਨਾਂ ਤੋਂ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਾਇਆ ਗਿਆ ਸੀ। ਫ਼ਿਰ 3 ਠੱਗਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਪਹਿਲਾਂ ਇਯੋ ਸਾਲ 24 ਫ਼ਰਵਰੀ ਨੂੰ ਸਭ ਤੋਂ ਪਹਿਲਾਂ ਸਤਿਅਮ ਰਾਏ ਨੂੰ ਪਕੜਿਆ ਗਿਆ। ਉਹ ਝਾਰਖੰਡ ਦੇ ਦੇਵਘਰ ਦੇ ਖਜੂਰੀਆ ਬੱਸ ਸਟੈਂਡ ਦੇ ਕੋਲ ਸਥਿਤ ਵਿਕਾਸ ਨਗਰ ਦਾ ਰਹਿਣ ਵਾਲਾ ਸੀ। ਫ਼ਿਲਹਾਲ ਉਹ ਪੱਛਮੀ ਬੰਗਾਲ ਦੇ ਕੋਲਕਾਤਾ ਦੇ ਟਾਲੀਗੰਜ ਵਿੱਚ ਕੇ. ਐਮ. ਲਕਸ਼ਕਰ ਰੋਡ ਤੇ ਰਹਿ ਰਿਹਾ ਸੀ। ਉਸ ਨੇ ਪਿਛਲੇ ਸਾਲ ਜੈਪੁਰ ਦੇ ਰਾਜਿੰਦਰ ਗਹਿਲੋਤ ਨੂੰ ਆਪਣਾ ਸ਼ਿਕਾਰ ਬਣਾਇਆ ਸੀ।

ਆਮ ਆਦਮੀ ਨੂੰ ਤਾਂ ਇਹ ਠੱਗ ਕੁਝ ਹੀ ਮਿੰਟਾਂ ਵਿੱਚ ਗੱਲ ਕਰਕੇ ਉਲਝਾ ਕੇ ਉਸਦਾ ਏ. ਟੀ. ਐਮ. ਕਾਰਡ ਅਤੇ ਓ. ਟੀ. ਪੀ. ਨੰਬਰ ਆਦਿ ਹਾਸਲ ਕਰ ਲੈਂਦੇ ਹਨ। ਇਹਨਾਂ ਠੱਗਾਂ ਨੇ ਕੇਂਦਰੀ ਖੇਤੀ ਰਾਜ ਮੰਤਰੀ, ਬਾਂਕਾਂ ਜ਼ਿਲ੍ਹੇ ਦੇ ਜੱਜ, ਏਅਰਪੋਰਟ ਅਥਾਰਟੀ ਦੇ ਏ. ਜੀ. ਐਮ. ਸਮੇਤ ਬਹੁਤ ਵੱਡੇ ਵੱਡੇ ਅਧਿਕਾਰੀਆਂ ਨੂੰ ਵੀ ਠੱਗਿਆ ਹੈ। ਸਾਈਬਰ ਠੱਗੀ ਵਿੱਚ ਲੱਗੇ ਸਾਰੇ ਲੜਕੇ ਉਚ ਸਿੱਖਿਆ ਵੀ ਹਾਸਲ ਕਰਕੇ ਸੂਚਨਾ ਤਕਨੀਕ ਵਿੱਚ ਮਾਹਿਰ ਹੋ ਰਹੇ ਹਨ ਤਾਂ ਜੋ ਲੋਕਾਂ ਨੂੰ ਉਹਨਾਂ ਦੇ ਹਿਸਾਬ ਨਾਲ ਹੈਂਡਲ ਕੀਤਾ ਜਾ ਸਕੇ। ਜਾਮਤਾੜਾ ਵਿੱਚ ਸਾਈਬਰ ਕ੍ਰਾਈਮ ਦੀ ਸ਼ੁਰੂਆਤ ਐਸ. ਐਮ. ਐਸ. ਨਾਲ ਮੋਬਾਇਲ ਫ਼ੋਨ ਦਾ ਬੈਲੈਂਸ ਉਡਾ ਕੇ ਦੂਜਿਆਂ ਨੂੰ ਸਸਤੀ ਦਰ ਤੇ ਮੋਬਾਇਲ ਫ਼ੋਨ ਦਾ ਬੈਲੈਂਸ ਵੇਚਣ ਤੋਂ ਹੋਈ ਸੀ। ਇਸ ਤੋਂ ਬਾਅਦ 8-9 ਸਾਲਾਂ ਵਿੱਚ ਇਹ ਜ਼ਿਲ੍ਹਾ ਪੂਰੇ ਦੇਸ਼ ਵਿੱਚ ਚਰਚਿਤ ਹੋ ਚੁੱਕਾ ਹੈ। ਜਾਮਤਾੜਾ ਇਲਾਕੇ ਤੋਂ ਜਦੋਂ ਮੋਬਾਇਲ ਫ਼ੋਨ ਤੇ ਬਹੁਤ ਜ਼ਿਆਦਾ ਫ਼ੋਨ ਕੀਤੇ ਜਾਣ ਲੱਗੇ ਤਾਂ ਮੋਬਾਇਲ ਕੰਪਨੀਆਂ ਨੂੰ ਵੀ ਚੰਗੀ ਕਮਾਈ ਹੋਣ ਲੱਗੀ। ਨੈਟਵਰਕ ਦੀ ਸਮੱਸਿਆ ਦੂਰ ਕਰਨ ਲਈ ਮੋਬਾਇਲ ਕੰਪਨੀਆਂ ਨੇ ਉਥੇ ਨਵੇਂ ਟਾਵਰ ਲਗਵਾਏ, ਤਾਂ ਜੋ ਨੈਟਵਰਕ ਸਹੀ ਰਹੇ। ਇਸ ਨਾਲ ਠੱਗਾਂ ਦਾ ਕੰਮ ਹੋਰ ਆਸਾਨ ਹੋ ਗਿਆ।

ਠੱਗੀ ਦੀ ਰਕਮ ਨਾਲ ਠੱਗ ਐਸ਼ੋ-ਆਰਾਮ ਦੀ ਜ਼ਿੰਦਗੀ ਜਿਉਂਦੇ ਹਨ। ਉਹਨਾਂ ਦੇ ਕੋਲ ਆਲੀਸ਼ਾਨ ਮਕਾਨ ਅਤੇ ਲਗਜ਼ਰੀ ਗੱਡੀਆਂ ਹਨ। ਸੜਕਾਂ ਖਰਾਬ ਹੋਣ ਕਾਰਨ ਗੱਡੀਆਂ ਚਲਾਉਣ ਵਿੱਚ ਪ੍ਰੇਸ਼ਾਨ ਹੋਈ ਤਾਂ ਇਹਨਾਂ ਠੱਗਾਂ ਨੇ ਸੜਕਾਂ ਵੀ ਖੁਦ ਬਣਵਾ ਲਈਆਂ। ਹੁਣ ਇਹ ਅਪਰਾਧੀ ਖੁਦ ਨੂੰ ਭਾਰਤੀ ਰਿਜ਼ਰਵ ਬੈਂਕ ਦਾ ਅਧਿਕਾਰੀ ਦੱਸ ਕੇ ਠੱਗੀ ਕਰਨ ਲੱਗੇ ਹਨ। ਏ. ਟੀ. ਐਮ. ਰਿਨਿਊ ਕਰਨ, ਉਸ ਦੀ ਵੈਲੀਡਿਟੀ ਵਧਾਉਣ ਅਤੇ ਆਧਾਰ ਕਾਰਡ ਨਾਲ ਜੋੜਨ ਦੇ ਬਹਾਨੇ ਤਾਂ ਕਈ ਸਾਲਾਂ ਤੋਂ ਚੱਲ ਰਹੇ ਹਨ।

ਜਾਮਤਾੜਾ ਇਲਾਕੇ ਵਿੱਚ ਰੋਜ਼ਾਨਾ ਕਿਸੇ ਨਾ ਕਿਸੇ ਰਾਜ ਦੀ ਪੁਲਿਸ ਸਾਈਬਰ ਠੱਗਾਂ ਦੀ ਭਾਲ ਵਿੱਚ ਪਹੁੰਚਦੀ ਰਹਿੰਦੀ ਹੈ। ਇਸ ਕਰਕੇ ਹੁਣ ਇੱਥੋਂ ਦੇ ਠੱਗ ਥੋੜ੍ਹੇ ਥੋੜ੍ਹੇ ਸਮੇਂ ਦੇ ਲਈ ਦੂਜੇ ਰਾਜਾਂ ਵਿੱਚ ਜਾ ਕੇ ਆਪਣਾ ਠੱਗੀ ਦਾ ਧੰਦਾ ਕਰਦੇ ਹਨ। ਜਾਮਤਾੜਾ ਤੋਂ ਪਿਛਲੇ 2 ਸਾਲਾਂ ਵਿੱਚ 268 ਸਾਈਬਰ ਅਪਰਾਧੀ ਗ੍ਰਿਫ਼ਤਾਰ ਕੀਤੇ ਗ?। ਇਹਨਾਂ ਵਿੱਚੋਂ 16 ਸੌ ਤੋਂ ਜ਼ਿਆਦਾ ਮੋਬਾਇਲ ਫ਼ੋਨ, 176 ਲਗਜ਼ਰੀ ਕਾਰਾਂ ਅਤੇ ਕਰੋੜਾਂ ਰੁਪਏ ਬਰਾਮਦ ਕੀਤੇ ਗਏ ਹਨ। ਜੈਪੁਰ ਪੁਲਿਸ ਵੱਲੋਂ ਦੇਵਘਰ ਤੋਂ ਗ੍ਰਿਫ਼ਤਾਰ ਮਿਥਲੇਸ਼ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣਾ ਐਸ. ਬੀ. ਆ ?ਹੀ. ਦਾ ਬੈਂਕ ਅਕਾਊਂਟ ਸਾਈਬਰ ਠੱਗਾਂ ਨੂੰ ਕਿਰਾਏ ਤੇ ਦਿੰਦਾ ਸੀ। ਇਸ ਦੇ ਬਦਲੇ ਉਹ ਖਾਤੇ ਵਿੱਚ ਜਮ੍ਹਾ ਹੋਣ ਵਾਲੀ ਰਕਮ ਵਿੱਚੋਂ 20 ਪ੍ਰਤੀਸ਼ਤ ਹਿੱਸਾ ਲੈਂਦਾ ਸੀ। ਬੇਸ਼ੱਕ ਹੀ ਅਪਰਾਧੀ ਪਕੜੇ ਜਾ ਰਹੇ ਹਨ ਪਰ ਸਾਈਬਰ ਠੱਗੀ ਬੰਦ ਹੋਣ ਦਾ ਨਾਂ ਨਹੀ ਲੈ ਰਹੀ। ਪੜ੍ਹ ਲਿਖ ਕੇ ਆਦਮੀ ਬੁੱਧੀਮਾਨ ਹੋ ਜਾਂਦਾ ਹੈ ਪਰ ਜਾਮਤਾੜਾ ਦੇ ਅਨਪੜ੍ਹ ਜਾਂ ਮਾਮੂਲੀ ਸਿੱਖਿਅਤ ਅਪਰਾਧੀ ਉਹਨਾਂ ਲੋਕਾਂ ਦੀਆਂ ਅੱਖਾਂ ਵਿੱਚ ਧੂੜ ਪਾ ਜਾਂਦੇ ਹਨ, ਜੋ ਖੁਦ ਨੂੰ ਜ਼ਿਆਦਾ ਸਮਝਦਾਰ ਸਮਝਦੇ ਹਨ।

# ਬੱਚਿਆਂ ਵਿੱਚ ਲਗਾਤਾਰ ਕਾਰਟੂਨ ਦੇਖਣ ਦਾ ਵਧਦਾ ਰੁਝਾਨ ਖਤਰੇ ਦੀ ਘੰਟੀ



ਭਾਵੇਂ ਕਾਰਟੂਨ ਬੱਚਿਆਂ ਨੂੰ ਮੰਨੋਰੰਜਨ ਰਾਹੀ ਸਿਖਿਅਤ ਕਰਨ ਦਾ ਇਕ ਵਧੀਆ ਤਰੀਕਾ ਹੈ ਜਿਹਨਾਂ ਵਿੱਚ ਐਨੀਮੇਟਡ ਕਿਰਦਾਰਾਂ ਰਾਹੀਂ ਬਾਲ ਕਲਪਨਾ ਨੂੰ ਵਿਕਸਤ ਕੀਤਾ ਜਾ ਸਕਦਾ ਹੈ ।ਕਾਰਟੂਨਾ ਵਿਚਲੀ ਅੱਤ ਦੀ ਕਾਲਪਨਿਕਤਾ, ਸਮਾਜ, ਕੁਦਰਤ, ਪਛੂਆ, ਪੰਛੀਆਂ ਦੇ ਦ੍ਰਿਸ਼, ਸੰਗੀਤ ਐਨੀਮੈਟਿਡ ਕਿਰਦਾਰ ਆਦਿ ਬੱਚਿਆਂ ਨੂੰ ਬਹੁਤ ਖਿੱਚਦੇ ਹਨ ਕਿਉਂਕਿ ਬੱਚੇ ਬਹੁਤ ਜਿਆਦਾ ਕਲਪਨਾਸ਼ੀਲ ਹੁੰਦੇ ਹਨ ।ਇਥੇ ਮੁੱਖ ਸਵਾਲ ਇਹ ਹੈ ਕਿ ਬੱਚਿਆਂ ਨੂੰ ਕਾਰਟੂਨ ਕਲਾ ਕੋਣ ਪ੍ਰਦਾਨ ਕਰ ਰਿਹਾ ਹੈ ,ਅਤੇ ਉਸ ਵਿੱਚ ਇਸਦਾ ਹਿੱਤ ਕੀ ਹੈ ? ਅੱਜ ਦੇ ਯੁੱਗ ਵਿੱਚ ਇਹ ਕੰਮ ਸਰਮਾਏਦਾਰ ਜਮਾਤ ਕਰ ਰਹੀ ਹੈ ,ਜਿਸਦੀ ਹਰ ਪੈਦਾਵਾਰ ਦਾ ਉਦੇਸ਼ ਮੁਨਾਫ਼ਾ ਕਮਾਉਣਾ ਹੁੰਦਾ ਹੈ ,ਉਹ ਪੈਦਾਵਾਰ ਪਦਾਰਥਕ ਹੋਏ ਜਾ ਮਾਨਸਿਕ ।ਕਾਰਟੂਨ ਸੀਰੀਅਲਾਂ ਦੇ ਰੂਪ ਅਤੇ ਉਹਨਾਂ ਪ੍ਰਤੀ ਬੱਚਿਆਂ ਦੇ ਲਗਾਅ ਨੂੰ ਅਜੋਕੇ ਮੀਡੀਆ ਦੇ ਵੱਡੇ ਲੋਕ ਮੁਨਾਫੇ ਵਧਾਉਣ ਲਈ ਵਰਤ ਰਹੇ ਹਨ ।ਇਹਨਾਂ ਕਾਰਟੂਨ ਸੀਰੀਅਲਾਂ ਵਿੱਚ ਸੰਸਾਰ ਕਈ ਵੱਡੇ ਲੋਕਾਂ ਦਾ ਪੈਸਾ ਲੱਗਿਆ ਹੋਇਆ ਹੈ ਅਤੇ ਇਹ ਉਹਨਾਂ ਲਈ ਮੋਟੀ ਕਮਾਈ ਦਾ ਸਾਧਨ ਹਨ। ਅੱਜ ਦੇ ਸਮੇਂ ਵਿਚ ਬਹੁਤ ਸਾਰੇ ਟੀ.ਵੀ. ਚੈਨਲ ਨਿਰੰਤਰ ਕਾਰਟੂਨ ਦਿਖਾਉਂਦੇ ਹਨ। ਕਈ ਚੈਨਲ ਤਾਂ ਸਿਰਫ਼ ਬੱਚਿਆਂ ਲਈ ਹੀ ਹਨ। ਜਿਨ੍ਹਾਂ 'ਤੇ 24 ਘੰਟੇ ਕਾਰਟੂਨ ਹੀ ਦਿਖਾਏ ਜਾਂਦੇ ਹਨ। ਬਹੁਤ ਸਾਰੇ ਬੱਚਿਆਂ ਦੇ ਮਾਪੇ ਛੇ ਮਹੀਨੇ ਦੀ ਉਮਰ ਦੇ ਬੱਚੇ ਨੂੰ ਹੀ ਕਾਰਟੂਨ ਦਿਖਾਉਣ ਵੱਲ ਰੁਚਿਤ ਕਰ ਦਿੰਦੇ ਹਨ ਕਿਉਂਕਿ ਛੋਟੇ ਪਰਿਵਾਰ ਹੋਣ ਕਰਕੇ ਮਾਪਿਆਂ ਕੋਲ ਘੱਟ ਸਮਾਂ ਹੁੰਦਾ ਹੈ ਜਿਸ ਕਾਰਨ ਉਹ ਉਨ੍ਹਾਂ ਨੂੰ ਟੀਵੀ ਅੱਗੇ ਬੈਠਾ ਦਿੰਦੇ ਹਨ। ਇਸ ਕਰਕੇ ਬੱਚਿਆਂ ਦੀਆਂ ਘਰ ਤੋਂ ਬਾਹਰ ਦੀਆਂ ਗਤੀਵਿਧੀਆਂ ਘੱਟ ਜਾਂਦੀਆਂ ਹਨ। ਉਨ੍ਹਾਂ ਦੇ ਮਨ ਦੇ ਨਾਲ-ਨਾਲ ਸਰੀਰਿਕ ਵਿਕਾਸ ਵਿਚ ਵੀ ਰੁਕਾਵਟਾਂ ਪੈਦਾ ਹੋ ਜਾਂਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਟੀ.ਵੀ. ਬੱਚਿਆਂ ਲਈ ਸਿਖਲਾਈ ਤੇ ਮਨੋਰੰਜਨ ਦਾ ਸਾਧਨ ਹੈ। ਖ਼ਾਸ ਤੌਰ 'ਤੇ ਬਨਸਪਤੀ, ਜੀਵ-ਜੰਤੂਆਂ ਤੇ ਕੁਦਰਤੀ ਵਰਤਾਰੇ ਨੂੰ ਸਮਝਣ ਸਮਝਾਉਣ ਲਈ। ਪਰ ਕਾਰਟੂਨਾਂ ਵੱਲ ਵਧੇਰੇ ਰੁਚਿਤ ਹੋਣਾ ਮਾਨਸਿਕ ਤੌਰ 'ਤੇ ਪ੍ਰਭਾਵ ਪਾਉਂਦਾ ਹੈ। ਬੱਚਿਆਂ ਦਾ ਕਾਰਟੂਨ ਦੇਖਣਾ ਹੁਣ ਉਨ੍ਹਾਂ ਦੀ ਜ਼ਿੰਦਗੀ ਦਾ ਅਨਿੱਖੜਵਾਂ ਹਿੱਸਾ ਬਣ ਚੁੱਕਾ ਹੈ। ਉਹ ਆਪਣਾ ਬਹੁਤ ਸਾਰਾ ਕੀਮਤੀ ਸਮਾਂ ਇਨ੍ਹਾਂ ਨੂੰ ਦੇਖਣ ਵਿਚ ਹੀ ਗੁਜ਼ਾਰ ਦਿੰਦੇ ਹਨ। ਕੁਝ ਮਾਪਿਆਂ ਦਾ ਇਹ ਵੀ ਕਹਿਣਾ ਹੈ ਕਿ ਬੱਚੇ ਖਾਣਾ ਪੀਣਾ ਤਾਂ ਹੀ ਖਾਂਦੇ ਹਨ ਜਦੋਂ ਉਨ੍ਹਾਂ ਅੱਗੇ ਕਾਰਟੂਨ ਦਿਖਾਈ ਦੇ ਰਹੇ ਹੋਣ। ਬੱਚੇ ਜਿਸ ਤਰ੍ਹਾਂ ਦੇ ਕਾਰਟੂਨ ਪਸੰਦ ਕਰਦੇ ਹਨ ਉਨ੍ਹਾਂ ਵਿਚ ਬਹੁਤ ਸਾਰੇ ਕਾਰਟੂਨਾਂ ਦੇ ਕਿਰਦਾਰ ਨੱਚਦੇ, ਟੱਪਦੇ, ਉਛਲਦੇ, ਛਲਾਂਗਾਂ ਜਾਂ ਫਿਰ ਉੱਚੀਆ ਥਾਵਾਂ ਤੋਂ ਕੁੱਦਦੇ ਨਜ਼ਰ ਆਉਂਦੇ ਹਨ। ਜਿਨ੍ਹਾਂ ਦਾ ਪ੍ਰਭਾਵ ਬੱਚੇ ਬਹੁਤ ਜਲਦੀ ਕਬੂਲਦੇ ਹਨ। ਇਸ ਦੇ ਕਸੂਰਵਾਰ ਤਾਂ ਅਸੀਂ ਖੁਦ ਵੀ ਹਾਂ ? ਚਾਹੇ ਕੁਝ ਵੀ ਹੋਵੇ, ਸਾਨੂੰ ਆਪਣੇ ਰੁਝੇਵਿਆਂ ਵਿਚੋਂ ਬੱਚਿਆਂ ਲਈ ਸਮਾਂ ਕੱਢਣਾ ਬਹੁਤ ਹੀ ਜ਼ਰੂਰੀ ਹੈ ? ਬੱਚਿਆਂ ਨਾਲ ਰਲ ਕੇ ਸਮਾਂ ਬਿਤਾਓ ਅਤੇ ਉਨ੍ਹਾਂ ਵਿਚ ਬਾਹਰੀ ਖੇਡਾਂ ਤੇ ਘਰੇਲੂ ਖੇਡਾਂ ਵਿਚ ਦਿਲਚਸਪੀ ਪੈਦਾ ਕਰੋ ? ਵਧੀਆ ਖੇਡਾਂ ਜਿਵੇਂ ਬਲਾਕ ਜੋੜ ਕੇ ਇਮਾਰਤ ਬਣਾਉਣਾ, ਅੱਖਰ ਬਣਾਉਣੇ, ਕੈਰਮ ਬੋਰਡ, ਲੁੱਡੋ ਵਿਚ ਨੰਬਰ ਬਣਾ ਕੇ ਖੇਡਣਾ, ਹੋਰ ਅਣਗਿਣਤ ਖੇਡਾਂ ਹਨ, ਉਨ੍ਹਾਂ ਨੂੰ ਸਿਖਾਓ, ਨਾਲ ਬੈਠ ਕੇ ਖੇਡੋ ? ਬੱਚਾ ਜਦੋਂ ਘਰ ਦੇ ਮਾਹੌਲ ਵਿਚ ਭੈਣ-ਭਰਾ, ਮਾਤਾ-ਪਿਤਾ ਨਾਲ ਰਲ ਕੇ ਖੇਡੇਗਾ ਤਾਂ ਆਪਣਾਪਨ ਮਹਿਸੂਸ ਕਰੇਗਾ ? ਉਹ ਆਪਣੇ ਰਿਸ਼ਤਿਆਂ ਦਾ ਨਿੱਘ ਮਾਣੇਗਾ ? ਇਸ ਤਰ੍ਹਾਂ ਬੱਚਿਆਂ ਵਿਚ ਸਹਿਯੋਗ ਦੀ ਭਾਵਨਾ ਵਧੇਗੀ ? ਘਰ ਦਾ ਮਾਹੌਲ ਬੱਚੇ ਲਈ ਸਰੀਰਕ ਵਿਕਾਸ ਵਿਚ ਵਾਧਾ ਕਰੇਗਾ ? ਵਿਵਹਾਰ ਦਾ ਤਰੀਕਾ, ਇਕੱਠੇ (ਗਰੁੱਪ) ਰਲ ਕੇ ਖੇਡਣਾ, ਹਾਰਨਾ-ਜਿੱਤਣਾ, ਖੇਡਣ ਦੇ ਵਧੀਆ ਤਰੀਕੇ ਘਰ ਵਿਚ ਹੀ ਸਿੱਖ ਸਕਦਾ ਹੈ ? ਹੋਰ ਵੀ ਕਈ ਖੇਡਾਂ, ਜੋ ਬਚਪਨ ਦਾ ਹਿੱਸਾ ਹੁੰਦੀਆਂ ਹਨ, ਜਿਵੇਂ ਲੁਕਣਮੀਚੀ, ਛੂਹਣ-ਛੁਹਾਈ, ਕੋਟਲਾ-ਛਪਾਕੀ, ਰੱਸੀ ਟੱਪਣਾ ਆਦਿ ?







ਇਲੈਕਟ੍ਰੋਨਿਕ ਗੇਮਜ਼ ਖੇਡਣ ਨਾਲ ਜਿਥੇ ਬੱਚਿਆਂ ਦੇ ਸੁਭਾਅ ਵਿਚ ਚਿੜਚਿੜਾਪਨ ਆ ਰਿਹਾ ਹੈ, ਉਥੇ ਨਾਲ ਹੀ ਉਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਰਹੀਆਂ ਹਨ, ਜਿਵੇਂ ਸਿਰ ਦਰਦ, ਪਿੱਠ ਦਰਦ, ਪੇਟ ਖਰਾਬ, ਅੱਖਾਂ ਦੀ ਰੌਸ਼ਨੀ ਦਾ ਘਟਣਾ ਜਾਂ ਹੋਰ ਕਈ ਤਰ੍ਹਾਂ ਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ ? ਬਚਪਨ ਵਿਚ ਬੱਚੇ ਦੇ ਵਿਹਲੇ ਸਮੇਂ ਵਿਚ ਖੇਡਾਂ ਨੂੰ ਸ਼ਾਮਿਲ ਕਰਕੇ ਅਸੀਂ ਉਸ ਦਾ ਸਰੀਰਕ ਤੇ ਮਾਨਸਿਕ ਵਿਕਾਸ ਚੰਗੀ ਤਰ੍ਹਾਂ ਕਰ ਸਕਦੇ ਹਾਂ ? ਨਹੀਂ ਤਾਂ ਬੱਚੇ ਅੰਤਰਮੁਖੀ ਬਣ ਕੇ ਆਪਣੇ-ਆਪ ਨੂੰ ਕਮਰੇ ਵਿਚ ਬੰਦ ਕਰ ਲੈਂਦੇ ਹਨ ? ਈਰਖਾਲੂ, ਝਗੜਾਲੂ, ਗੁੱਸੇ ਵਾਲਾ ਸੁਭਾਅ ਪੈਦਾ ਹੋ ਜਾਂਦਾ ਹੈ ? ਹੀਣ ਭਾਵਨਾ ਦੇ ਸ਼ਿਕਾਰ ਬਣਦੇ ਹਨ, ਬਾਹਰ ਖੇਡ ਕੇ ਮੈਦਾਨ ਵਿਚ ਆ ਕੇ ਖੇਡਣ ਤੋਂ ਡਰਦੇ ਹਨ ? ਖੇਡ ਦੇ ਮੈਦਾਨ ਵਿਚ ਖੇਡ ਕੇ ਹੀ ਬੱਚੇ ਜ਼ਿੰਦਗੀ ਦੀ ਖੇਡ ਵਿਚ ਕਾਮਯਾਬ ਹੁੰਦੇ ਹਨ ? ਉਹ ਵਧੀਆ ਗੁਣਾਂ ਦੇ ਧਾਰਨੀ ਬਣਦੇ ਹਨ ਅਤੇ ਪੜ੍ਹਾਈ ਦੇ ਮੈਦਾਨ ਵਿਚ ਵੀ ਮੱਲਾਂ ਮਾਰਦੇ ਹਨ ? ਸੋ, ਅੱਜ ਦੇ ਵਿਗਿਆਨਕ ਯੁੱਗ ਦੀ ਪੂਰੀ ਜਾਣਕਾਰੀ ਰੱਖਦੇ ਅਤੇ ਅਨੰਦ ਮਾਣਦੇ ਹੋਏ ਬੱਚਿਆਂ ਦੇ ਬਚਪਨ ਦੇ ਨਾਲ ਖੇਡਾਂ ਨੂੰ ਵੀ ਜ਼ਿੰਦਗੀ ਵਿਚ ਅਹਿਮ ਸਥਾਨ ਦੇਈਏ ਤੇ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵਾਧਾ ਕਰੀਏ ?

**ਸੰਦੀਪ ਕੰਬੋਜ**
**ਸੰਪਰਕ ਨੰਬਰ- 97810-00909**

## ਜਿਆਦਾਤਰ ਬੱਚੇ ਹੇਠ ਲਿਖੇ ਕਾਰਟੂਨ ਦੇਖਦੇ ਹਨ

### ਮਿੱਕੀ ਮਾਊਸ

ਮਿੱਕੀ ਮਾਊਸ ਨੂੰ ਵਾਲਟ ਡਿਜ਼ਨੀ ਕੰਪਨੀ ਦੁਆਰਾ ਬਣਾਇਆ ਗਿਆ ਹੈ। ਇਹ ਇੱਕ ਫਨੀ ਕਾਰਟੂਨ ਹੈ। ਇਸਦਾ ਚੁਲਬੁਲਾ ਅੰਦਾਜ ਲੋਕ ਬਹੁਤ ਪਸੰਦ ਕਰਦੇ ਹਨ।

### ਬਗਸ ਬੰਨੀ

ਬਗਸ ਬੰਨੀ ਦੁਨੀਆ ਦਾ ਦੂਸਰਾ ਸਭ ਤੋਂ ਪਸੰਦ ਕੀਤਾ ਜਾਣ ਵਾਲਾ ਕਾਰਟੂਨ ਹੈ। ਲੋਕ ਅੱਜ ਵੀ ਇਸ ਕਾਰਟੂਨ ਨੂੰ ਖ਼ੂਬ ਪਸੰਦ ਕਰਦੇ ਹਨ।

### ਟਾਮ ਐਂਡ ਜੈਰੀ

ਇਹ ਕਾਰਟੂਨ ਕਿਸ ਨੂੰ ਨਹੀਂ ਪਸੰਦ। ਇਸ ਨੂੰ ਤਾਂ ਹਰ ਕੋਈ ਬਹੁਤ ਸ਼ੌਕ ਨਾਲ ਦੇਖਣਾ ਪਸੰਦ ਕਰਦਾ ਹੈ।

### ਸਕੂਬੀ ਡੂ

ਸਕੂਬੀ ਡੂ ਕਾਰਟੂਨ ਵੀ ਲੋਕਾਂ ਨੂੰ ਬਹੁਤ ਪਸੰਦ ਹਨ। ਇਸ ਕਾਰਟੂਨ "ਚ ਇੱਕ ਸ਼ਰਾਰਤੀ ਅਤੇ ਇੱਕ ਥੋੜਾ ਡਰਪੋਕ ਕੁੱਤਾ ਹੈ ਜੋ ਬੱਚਿਆ ਨੂੰ ਖ਼ੂਬ ਪਸੰਦ ਹੋ।

### ਪਿਕਾਚੂ

ਇਹ ਪੋਕੀਮੇਨ ਸੀਰੀਜ ਦਾ ਖਾਸ ਪਾਤਰ ਹੈ। ਇਹ ਕਾਰਟੂਨ ਬੱਚਿਆਂ "ਚ ਪਸੰਦ ਕੀਤਾ ਜਾਂਦਾ ਹੈ।

# ਅਦਭੁੱਤ ਪਸਾਰਾ ਜੀਵਨ ਲੈਅ ਦਾ



ਗਹੁ ਨਾਲ ਵੇਖਦਿਆਂ ਚੁਫ਼ੇਰੇ ਜੀਵਨ-ਲੈਅ ਦਾ ਪਸਾਰਾ ਪ੍ਰਤੀਤ ਹੁੰਦਾ ਹੈ। ਪਤਝੜ ਮੁੱਕਣ ਨੂੰ ਹੁੰਦੀ ਹੈ ਕਿ ਰੁੱਖਾਂ ਦੀਆਂ ਟਹਿਣੀਆਂ 'ਤੇ ਨਿਕਲਦੇ ਨਵੇਂ ਨਵੇਂ ਪੱਤੇ ਨਜ਼ਰੀਂ ਪੈਂਦੇ ਹਨ। ਕੁਝ ਦਿਨਾਂ ਵਿਚ ਹੀ ਉਹ ਆਪਣੇ ਪੂਰੇ ਆਕਾਰ ਵਿਚ ਆ ਜਾਂਦੇ ਹਨ। ਹਰ ਪੱਤੇ ਦੀ ਸ਼ਕਲ ਤੇ ਦਿੱਖ ਵਿਚ ਅਨੋਖੀ ਕਲਾਕਾਰੀ ਦਿਖਾਈ ਦਿੰਦੀ ਹੈ। ਕਿਤੇ ਗੁਲਾਈ, ਕਿਤੇ ਕਟਾਉ ਤੇ ਕਿਤੇ ਨੋਕਾਂ ਜਿਹੀਆਂ। ਰੁੱਖ ਦੀਆਂ ਟਹਿਣੀਆਂ ਦਾ ਆਕਾਰ-ਪ੍ਰਕਾਰ ਵੇਖੀਏ ਅਜਬ ਇਕਸੁਰਤਾ ਦਿੱਸਦੀ ਹੈ। ਥੋੜ੍ਹੀ ਥੋੜ੍ਹੀ ਵਿੱਥ 'ਤੇ ਨਵੀਂ ਟਹਿਣੀ ਨਿਕਲਣ ਲੱਗਦੀ ਹੈ। ਕੋਈ ਖੱਬੇ ਪਾਸੇ ਨੂੰ ਤੁਰਦੀ ਹੈ ਤੇ ਕੋਈ ਸੱਜੇ ਪਾਸੇ ਨੂੰ। ਸਮੁੱਚਾ ਰੁੱਖ ਜੀਵੰਤ ਕਲਾ-ਕ੍ਰਿਤੀ ਜਾਪਦਾ ਹੈ। ਇਸ ਨੂੰ ਕਦੇ ਵੀ ਨਿਹਾਰੋ ਵੱਖਰਾ ਨਜ਼ਾਰਾ ਨਜ਼ਰ ਪੈਂਦਾ ਹੈ। ਕਦੇ ਸਮੀਰ ਚੱਲਣ 'ਤੇ ਇਸ ਦਾ ਪੱਤਾ-ਪੱਤਾ ਲਰਜ਼ ਉੱਠਦਾ ਹੈ। ਬਨਸਪਤੀ ਵਿਚ ਅਜਿਹੇ ਅਨੋਖੇ ਦ੍ਰਿਸ਼ ਬੜੇ ਕੀਲਵੇਂ ਹੁੰਦੇ ਹਨ। ਪੰਛੀ ਤੁਰਦੇ ਹੋਣ ਜਾਂ ਉੱਡਦੇ ਉਨ੍ਹਾਂ ਦੀ ਹਰ ਮੁਦਰਾ ਲੈਅ ਮਈ ਹੁੰਦੀ ਹੈ। ਧਰਤੀ 'ਤੇ ਵਿਚਰਦੇ ਹੋਰ ਜੀਵਾਂ ਵਿਚ ਵੀ ਇਹ ਜੀਵਨ ਲੈਅ ਪ੍ਰਤੀਤ ਹੁੰਦੀ ਹੈ। ਦੂਰੋਂ ਹੀ ਦਿੱਸ ਪੈਂਦੀਆਂ ਪਰਬਤ ਲੜੀਆਂ ਤੋਂ ਇਨ੍ਹਾਂ ਦੇ ਲੈਅ ਮਈ ਹੋਣ ਦਾ ਪ੍ਰਭਾਵ ਮਿਲਦਾ ਹੈ। ਰੁੱਤ-ਚੱਕਰ ਤੇ ਦਿਨ-ਰਾਤ ਦਾ ਚੱਕਰ, ਚੰਨ-ਸੂਰਜ ਦੀ ਲੁਕਣ-ਮੀਚੀ, ਚਾਨਣ ਤੇ ਹਨੇਰਿਆਂ ਦੀ ਖੇਡ ਇੰਜ ਕਿੰਨੀ ਪ੍ਰਕਾਰ ਦੀਆਂ ਲੈਆਂ ਜਨਮ ਲੈਂਦੀਆਂ ਹਨ। ਅਸਲ ਵਿਚ ਸਾਰੇ ਬ੍ਰਹਿਮੰਡ ਵਿਚ ਇਕ ਅੰਦਰੂਨੀ ਲੈਅ ਵਿਦਮਾਨ ਹੈ। ਮਨੁੱਖ ਦੇ ਕੰਮਾਂ-ਕਾਰਾਂ ਤੇ ਸਮਾਜਿਕ ਸਰਗਰਮੀਆਂ ਦੀ ਸੋਹਣੀ ਲੈਅ ਕੁਦਰਤ ਦੇ ਵਰਤਾਰਿਆਂ ਦੇ ਸਮ-ਵਿੱਥ ਚੱਲਦੀ ਹੈ। ਕੰਮ ਜਦੋਂ ਕਲਾ ਬਣ ਜਾਂਦਾ ਹੈ, ਉਸ ਵਿਚ ਲੈਅ ਦਾ ਝਲਕਾਰਾ ਪੈਂਦਾ ਹੈ। ਘਰਾਂ ਵਿਚਲੇ ਕੰਮਾਂ-ਕਾਰਾਂ ਨੂੰ ਹੀ ਲਈਏ ਦੁਧਾਰੂ ਦੀ ਧਾਰ ਕੱਢਣਾ, ਦੁੱਧ ਰਿੜਕਣਾ, ਸੇਵੀਆਂ ਵੱਟਣਾ, ਫੁਲਕੇ ਲਾਹੁਣੇ, ਘਰ ਦੀ ਸਫ਼ਾਈ ਕਰਨੀ ਆਦਿ ਕੰਮ ਜਦੋਂ ਚਾਅ ਨਾਲ ਕੀਤੇ ਜਾਂਦੇ ਹਨ ਤਾਂ ਇਹ ਸਿਲਸਿਲਾ ਲੈਅ ਵਾਲਾ ਹੋ ਜਾਂਦਾ ਹੈ। ਖੇਤਾਂ ਵਿਚ ਕਿਸਾਨ ਦੇ ਅਨੇਕਾਂ ਕੰਮਾਂ ਵਿਚ ਵੀ ਧਿਆਨ ਖਿੱਚਦੀ ਲੈਅ ਹੁੰਦੀ ਹੈ। ਕਿਰਤੀ ਆਪਣੇ ਕੰਮ ਦੀ ਲੈਅ ਨੂੰ 'ਚਾਲ' ਆਖਦੇ ਹਨ। ਆਮ ਮਨੁੱਖ ਵੀ ਆਪਣੇ ਕਾਰਜਾਂ ਨੂੰ ਇਕਾਗਰਚਿਤ ਹੋ ਕੇ ਆਰੰਭਦਾ ਤੇ ਉਨ੍ਹਾਂ ਦੇ ਸਿਰੇ ਚੜ੍ਹਨ 'ਤੇ ਸ਼ੁਕਰ ਮਨਾਉਂਦਾ ਹੈ। ਕਹਿ ਸਕਦੇ ਹਾਂ ਕਿ ਮਨੁੱਖ ਜਦੋਂ ਆਪੇ ਨਾਲ ਇਕਸੁਰ ਹੁੰਦਾ ਹੈ ਤਦ ਉਸ ਦਾ ਹਰ ਥਾਂ ਪਸਰੀ ਜੀਵਨ ਲੈਅ, ਭਾਵ ਬ੍ਰਹਿਮੰਡ ਵਿਚ ਵਿਦਮਾਨ ਲੈਅ ਨਾਲ ਸੁਰਮੇਲ ਸੁਭਾਵਿਕ ਹੀ ਬੈਠ ਜਾਂਦਾ ਹੈ। ਮਨੁੱਖ ਦੇ ਵਿਕਾਸ ਦੀ ਕਹਾਣੀ ਉਸ ਦੇ ਸੂਝ-ਬੂਝ ਅਤੇ ਉੱਦਮ ਨਾਲ ਆਪਣੇ ਆਪ ਨੂੰ ਨਵੀਆਂ ਪ੍ਰਸਥਿਤੀਆਂ ਅਨੁਸਾਰ ਢਾਲਦੇ ਰਹਿਣ ਦੀ ਹੈ। ਜੀਵਨ ਲੈਅ ਅਨੇਕਾਂ ਵਾਰੀ ਟੁੱਟਣ ਨੂੰ ਹੁੰਦੀ ਰਹੀ ਹੈ। ਬਿਮਾਰੀ, ਬੇਰੁਜ਼ਗਾਰੀ, ਹੜ੍ਹ, ਸੋਕੇ, ਸੁਨਾਮੀਆਂ, ਜੰਗ-ਯੁੱਧ, ਜ਼ੁਲਮ, ਅਮੀਰ-ਗ਼ਰੀਬ ਦਾ ਪਾੜਾ, ਮਜ਼ਹਬੀ ਕੱਟੜਤਾ, ਅੰਧਵਿਸ਼ਵਾਸੀ, ਅਨਪੜ੍ਹਤਾ ਜਿਹੀਆਂ ਹਾਲਤਾਂ ਲੁਕਾਈ ਦੀ ਜੀਵਨ ਲੈਅ ਨੂੰ ਝਟਕੇ ਦਿੰਦੀਆਂ ਹਨ, ਪਰ ਦੂਰ ਦੀ ਸੋਚਣ ਵਾਲੇ ਸਿਰੜੀ ਤੇ ਸਿਦਕੀ ਲੋਕਾਂ ਸਦਕਾ ਇਹ ਲੈਅ ਮੁੜ ਜੁੜਦੀ ਰਹੀ ਹੈ ਤੇ ਅਕਸਰ ਵਧੇਰੇ ਮਜ਼ਬੂਤੀ ਨਾਲ। ਜੀਵਨ ਲੈਅ ਚਰਖੇ ਦੀ ਤੰਦ ਵਾਂਗ ਹੀ ਸਮਝਣੀ ਚਾਹੀਦੀ ਹੈ। ਇਹ ਜਦੋਂ ਵੀ ਟੁੱਟਦੀ ਹੈ, ਕੱਤਣ ਵਾਲੀ ਉਸ ਨੂੰ ਝੱਟ ਜੋੜ ਦਿੰਦੀ ਹੈ। ਇਹ ਮੁੜ-ਮੁੜ ਟੁੱਟੇ ਤਾਂ ਉਹ ਵੇਖਦੀ ਹੈ ਕਿ ਕਿਤੇ ਤੱਕਲੇ ਵਿਚ ਵਲ਼ ਤਾਂ ਨਹੀਂ ਪਿਆ, ਮਾਲ੍ਹ ਢਿੱਲੀ ਤਾਂ ਨਹੀਂ ਹੈ। ਫਿਰ ਉਹ ਚਰਮਖਾਂ ਤਕ ਨੂੰ ਵੀ ਪਰਖਦੀ ਹੈ। ਇਵੇਂ ਮਨੁੱਖ ਜੀਵਨ ਲੈਅ ਨੂੰ ਯਕੀਨੀ ਬਣਾਉਣ ਲਈ ਯਤਨਸ਼ੀਲ ਰਿਹਾ ਹੈ। ਅਜੋਕੇ ਸਮੇਂ ਵਿਚ ਮਨੁੱਖ ਦੀ ਸੰਗਤੀ ਨਾ ਕੁਦਰਤ ਨਾਲ ਠੀਕ ਬੈਠਦੀ ਹੈ ਅਤੇ ਨਾ ਆਪਣੇ ਸਮਾਜਿਕ ਆਲੇ-ਦੁਆਲੇ ਨਾਲ। ਕਈ ਵਾਰੀ ਤਾਂ ਜਾਪਦਾ ਹੈ ਕਿ ਉਸ ਦਾ ਖ਼ੁਦ ਆਪਣੇ ਨਾਲ ਵੀ ਤਾਲਮੇਲ ਨਹੀਂ ਬਣ ਰਿਹਾ। ਇਸ ਕਰਕੇ ਉਸ ਨੂੰ ਜਿਊਣ ਵਿਚ ਡਾਢੀ ਔਖ ਮਹਿਸੂਸ ਹੁੰਦੀ ਹੈ। ਉਂਜ ਲੈਅ ਕਿਤੇ ਵੀ ਟੁੱਟੇ ਸੁਖਦ ਅਹਿਸਾਸਾਂ ਦੀ ਤੋਟ ਆਉਣ ਲੱਗਦੀ ਹੈ। ਪੰਜਾਬ 'ਤੇ ਜਦੋਂ ਜਰਵਾਣੇ ਚੜ੍ਹ ਆਉਂਦੇ ਤਾਂ ਜੀਵਨ ਲੈਅ ਟੁੱਟੂੰ ਟੁੱਟੂੰ ਕਰਦੀ। ਪੰਜਾਬੀ ਉਨ੍ਹਾਂ ਧਾੜਵੀਆਂ ਦਾ ਡਟ ਕੇ ਮੁਕਾਬਲਾ ਕਰਦੇ ਰਹੇ। ਆਪਣੀ ਅਣਖ ਲਈ ਮਰ ਮਿਟਣਾ ਅਸਲ ਵਿਚ ਜੀਵਨ ਲੈਅ ਨੂੰ ਹਰ ਹਾਲਤ ਵਿਚ ਕਾਇਮ ਰੱਖਣ ਲਈ ਜੂਝਣਾ ਹੁੰਦਾ ਹੈ। ਨੇੜਲੇ ਸਮੇਂ ਵਿਚ ਸੰਤਾਲੀ ਦੀ ਵੰਡ ਹੋਈ ਤਾਂ ਜੀਵਨ ਲੈਅ ਨੇ ਬਹੁਤ ਝਟਕੇ ਖਾਧੇ। ਹੁਣ ਜਿਹੜੀ ਹੋਣੀ ਨੂੰ ਅਸੀਂ ਭੋਗ ਰਹੇ ਹਾਂ, ਇਸ ਵਿਚ ਖ਼ੁਦਕੁਸ਼ੀਆਂ, ਜਬਰ-ਜਨਾਹ, ਹਿੰਸਾ, ਹਾਦਸੇ, ਫ਼ਲ-ਸਬਜ਼ੀਆਂ ਤੇ ਖਾਣ-ਪੀਣ ਵਾਲੀਆਂ ਹੋਰ ਵਸਤਾਂ ਵਿਚ ਪਰੋਸੀ ਜਾਂਦੀ ਜ਼ਹਿਰ, ਵਧ ਰਹੀ ਤਪਸ਼, ਨਿਰਮਲ ਪਾਣੀਆਂ ਦੀ ਹੋ ਰਹੀ ਤੋਟ, ਨਫ਼ਰਤ ਦਾ ਬੋਲ-ਬਾਲਾ, ਕਾਮਿਆਂ ਤੋਂ ਦੂਰ ਹੁੰਦਾ ਢੁਕਵਾਂ ਰੁਜ਼ਗਾਰ ਤੇ ਅਜਿਹਾ ਹੋਰ ਬਹੁਤ ਕੁਝ ਹੈ ਜਿਹੜਾ ਜੀਵਨ ਲੈਅ ਨੂੰ ਖੰਡਿਤ ਕਰ ਰਿਹਾ ਹੈ। ਹਰੇ-ਭਰੇ ਰੁੱਖਾਂ 'ਤੇ ਭਾਂਤ-ਸੁਭਾਂਤੇ ਪੰਛੀ ਕਲੋਲਾਂ ਕਰਦੇ ਹਨ। ਪੰਛੀਆਂ ਦੀ ਜੀਵਨ ਲੈਅ ਤੇ ਰੁੱਖਾਂ ਦੀ ਜੀਵਨ ਲੈਅ ਪਰਸਪਰ ਇਕਸੁਰਤਾ ਨਾਲ ਕੁਦਰਤ ਦਾ ਸਿਮਰਨ ਕਰਦੀ ਹੈ। ਰੁੱਖਾਂ 'ਤੇ ਕੁਹਾੜਾ ਚੱਲੀ ਜਾਵੇ, ਸ਼ਿਕਾਰੀ ਦੀ ਗੋਲੀ ਪਰਿੰਦਿਆਂ ਨੂੰ ਨਿਸ਼ਾਨਾ ਬਣਾਉਂਦੀ ਰਹੇ, ਤਦ ਜੀਵਨ ਲੈਅ ਦਾ ਸਾਹ ਟੁੱਟਣ ਲੱਗਦਾ ਹੈ। ਅੱਜ ਮਨੁੱਖ ਦੀ ਜੀਵਨ ਲੈਅ ਦੇ ਦੋਖੀ ਜਿਸ ਤਰ੍ਹਾਂ ਦੇ ਨਿਸ਼ਾਨੇ ਮਾਰ ਰਹੇ ਹਨ, ਉਹ ਹਰ ਆਮ ਦੇ ਨਜ਼ਰੀਂ ਨਹੀਂ ਪੈਂਦੇ। ਉਨ੍ਹਾਂ ਦੇ ਦਾਅ-ਪੇਚ ਅਦਿੱਖ ਹੋਣ ਦੇ ਨਾਲ ਨਾਲ ਘਾਤਕ ਵੀ ਬੜੇ ਹਨ। ਦਰਿਆ ਆਪਣੇ ਸਫ਼ਰ ਦੇ ਹਰ ਪੜਾਅ 'ਤੇ ਨਵੀਂ ਲੈਅ ਅਖ਼ਤਿਆਰ ਕਰਦਾ ਹੈ। ਮਨੁੱਖ ਕੋਲ ਤਾਂ ਦਿਲ-ਦਿਮਾਗ਼ ਵੀ ਹੁੰਦਾ ਹੈ। ਉਸ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸੁਚੇਤ ਹੋ ਕੇ ਬਦਲਦੇ ਹਾਲਾਤ ਅਨੁਸਾਰ ਹਾਂ-ਵਾਚੀ ਪੈਂਤੜੇ ਅਪਣਾਵੇ। ਜੀਵਨ ਲੈਅ ਦੇ ਬਣੇ ਰਹਿਣ ਨਾਲ ਹਰੇਕ ਨੂੰ ਉਹ ਸੁੱਖ ਮਿਲਦਾ ਹੈ, ਜਿਸ ਲਈ 'ਸਵਰਗ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਮਨੁੱਖੀ ਊਰਜਾ ਦਾ ਬਿਖਰਨਾ ਤੇ ਖੰਡਿਤ ਹੋਣਾ ਜੀਵਨ ਲੈਅ ਲਈ ਵਿਘਨਕਾਰੀ ਬਣਦਾ ਹੈ। ਦੂਜੇ ਬੰਨੇ ਜੀਵਨ ਲੈਅ ਨੂੰ ਸਾਂਭਣ ਹਿੱਤ ਵੀ ਬਹੁਤ ਕੁਝ ਹੁੰਦਾ ਆਇਆ ਹੈ। ਮਸਲਨ, ਪਿੱਛੇ ਜਿਹੇ ਕਿਸੇ ਕਿਸਾਨ ਦੀ ਖੇਤ ਖੜ੍ਹੀ ਪੱਕੀ ਕਣਕ ਨੂੰ ਅਜਿਹੀ ਅੱਗ ਲੱਗੀ ਕਿ ਇਕ ਦਾਣਾ ਵੀ ਨਾ ਬਚਿਆ। ਪਿੰਡ ਵਾਸੀਆਂ ਨੇ ਆਪੇ ਹੀ ਆਪਣੀ ਆਪਣੀ ਫ਼ਸਲ ਵਿਚੋਂ ਦਾਣੇ ਤੇ ਤੂੜੀ ਟਰਾਲੀਆਂ ਭਰ ਕੇ ਅਗਲੇ ਦੇ ਘਰ ਢੇਰੀ ਕਰ ਦਿੱਤੇ। ਸਾਡੇ ਗੁਰੂ ਸਾਹਿਬਾਨ, ਸੰਤਾਂ-ਭਗਤਾਂ, ਸ਼ਹੀਦਾਂ ਨੇ ਸਾਨੂੰ ਜੀਵਨ-ਉਨਮੁਖ ਸੋਚ ਤੇ ਜੀਵਨ-ਦ੍ਰਿਸ਼ਟੀ ਦਿੱਤੀ ਹੈ। ਇਸ ਤੋਂ ਔਖੇ ਤੋਂ ਔਖੇ ਸਮਿਆਂ ਵਿਚ ਵੀ ਸਾਡੀ ਜੀਵਨ ਲੈਅ ਕਾਇਮ ਰਹੀ ਹੈ।

**ਡਾ. ਕਰਨੈਲ ਸਿੰਘ ਸੋਮਲ**

# ਮੌਜੂਦਾ ਸਮਾਜਕ ਜਰੂਰਤ ਹੈ ਰੈਗਿੰਗ 'ਤੇ ਲਗਾਮ





ਹਰਪ੍ਰੀਤ ਸਿੰਘ ਬਰਾੜ

ਸੁਪਰੀਮ ਕੋਰਟ ਦੇ ਸਖਤ ਦਿਸ਼ਾ -ਨਿਰਦੇਸ਼ਾਂ ਦੇ ਬਾਵਜੂਦ ਦੇਸ਼ ਭਰ ਦੇ ਕਾਲਜਾਂ ਵਿਚ ਰੈਗਿੰਗ ਦੇ ਮਾਮਲੇ ਰੁਕਣ ਦਾ ਨਾਂਅ ਨਹੀਂ ਲੈ ਰਹੇ ਹਨ।20 ਅਗਸਤ ਨੂੰ ਇਟਾਵਾ ਦੇ ਸੈਫਈ ਮੈਡੀਕਲ ਕਾਲਜ 'ਚ ਸੀਨੀਅਰ ਵਿਦਿਆਰਥੀਆਂ ਵੱਲੋਂ ਰੈਗਿੰਗ ਦੇ ਨਾਂਅ 'ਤੇ ਤਕਰੀਬਨ 150 ਨਵੇਂ ਵਿਦਿਆਰਥੀਆਂ ਦੇ ਜਬਰੀ ਸਿਰ ਦੇ ਵਾਲ ਕਟਵਾ ਦਿੱਤੇ ਗਏ।ਸੂਬੇ ਦੇ ਮੁੱਖਮੰਤਰੀ ਦੇ ਹੁਕਮਾਂ ਤੋਂ ਬਾਅਦ ਜਿਲ੍ਹਾ ਪ੍ਰਸ਼ਾਸਨ ਵੱਲੋ ਕਰਵਾਈ ਗਈ ਸ਼ੁਰੂਆਤੀ ਜਾਂਚ ਵਿਚ ਇਹ ਵੀ ਸਾਬਤ ਹੋ ਗਿਆ ਕਿ ਸੈਫਈ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਰਜਿਸਟਰਾਰ ਨੇ ਇਸ ਮਾਮਲੇ 'ਚ ਲਾਪਰਵਾਹੀ ਵਰਤੀ। ਇਸ ਮਾਮਲੇ 'ਚ ਜਾਂਚ ਹਜੇ ਵੀ ਚੱਲ ਰਹੀ ਸੀ ਕਿ ਦੇਖਦੇ ਹੀ ਦੇਖਦੇ ਇਕ ਹਫਤੇ ਬਾਅਦ ਹੋਰ ਕਾਲਜਾਂ 'ਚ ਵੀ ਰੈਗਿੰਗ ਦੀਆਂ ਘਟਨਾਵਾਂ ਸਾਹਮਣੇ ਆ ਗਈਆਂ। ਸਹਾਰਨਪੁਰ ਦੇ ਸ਼ੇਖੁਲ ਹਿੰਦ ਮੌਲਾਨਾ ਮਹਿਸੂਦ ਉਲ ਹਸਨ ਮੈਡੀਕਲ ਕਾਲਜ , ਦੇਹਰਾਦੂਨ ਦੇ ਦੂਨ ਮੈਡੀਕਲ ਕਾਲਜ, ਹਲਦਵਾਨੀ ਦੇ ਸਰਕਾਰੀ ਮੈਡੀਕਲ ਕਾਲਜ, ਰਾਜਸਥਾਨ ਦੇ ਚੁਰੂ ਦੇ ਪੰਡਤ ਦੀਨਦਿਆਲ ਉਪਾਧਿਆਏ ਮੈਡੀਕਲ ਕਾਲਜ, ਕਾਨਪੁਰ ਦੀ ਚੰਦਰਸ਼ੇਖਰ ਅਜਾਦ ਐਗਰੀਕਲਚਰਲ ਯੂਨੀਵਰਸਿਟੀ ਆਦਿ 'ਚ ਵੀ ਰੈਗਿੰਗ ਦੇ ਮਾਮਲੇ ਸਾਹਮਣੇ ਆਏ ਹਨ।

ਤਕਰੀਬਨ ਇਕ ਦਹਾਕੇ ਪਹਿਲਾਂ ਰੈਗਿੰਗ ਦੇ ਦੋ ਅਜਿਹੇ ਮਾਮਲੇ ਸਾਹਮਣੇ ਆਏ ਸਨ, ਜਿੰਨ੍ਹਾਂ 'ਤੇ ਸੁਪਰੀਮ ਕੋਰਟ ਨੇ ਬੜਾ ਸਖਤ ਰੁਖ ਦਿਖਾਇਆ ਸੀ। ਮਾਨਯੋਗ ਅਦਾਲਤ ਨੇ ਉਦੋਂ ਬਹੁਤ ਸਖਤ ਦਿਸ਼ਾ-ਨਿਰਦੇਸ਼ ਤੈਅ ਕੀਤੇ ਸਨ।ਉਨ੍ਹਾਂ ਦੇ ਬਾਵਜੂਦ ਕੁਝ ਮਹੀਨਿਆਂ ਤੱਕ ਰੈਗਿੰਗ ਦੇ ਨਾਂਅ 'ਤੇ ਵਿਦਿਆਰਥੀਆਂ ਨਾਲ ਕੁੱਟਮਾਰ ਅਤੇ ਗੈਰ -ਮਨੁੱਖੀ ਹਰਕਤਾਂ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹੀਆਂ ਹਨ। ਉਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਵਿਦਿੱਅਕ ਅਦਾਰੇ ਆਪਣੇ ਕੈਂਪਸਾਂ 'ਚ ਰੈਗਿੰਗ ਦੀਆਂ ਘਟਨਾਵਾਂ ਰੋਕਣ ਪ੍ਰਤੀ ਲੋੜੀਂਦੇ ਸਖਤ ਕਦਮ ਚੁੱਕਣ 'ਚ ਕੋਤਾਹੀ ਵਰਤ ਰਹੇ ਹਨ।8 ਮਾਰਚ 2009 ਨੂੰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ 'ਚ ਡਾ▲ ਰਜਿੰਦਰ ਪ੍ਰਸਾਦ ਮੈਡੀਕਲ ਕਾਲਜ 'ਚ ਰੈਗਿੰਗ ਦੇ ਚੱਲਦਿਆਂ ਦਾਖਲੇ ਦੇ ਪਹਿਲੇ ਸਾਲ ਦੇ 19 ਸਾਲਾਂ ਵਿਦਿਆਰਥੀ ਅਮਨ ਸੱਤਿਆ ਕਾਚਰੂ ਦੀ ਮੌਤ ਦੀ ਗੂੰਜ ਦੇਸ਼ ਭਰ 'ਚ ਸੁਣਾਈ ਦਿੱਤੀ ਸੀ। ਇਸ ਘਟਨਾ ਤੋਂ ਚਾਰ ਦਿਨ ਬਾਅਦ ਆਂਧਰਪ੍ਰਦੇਸ਼ ਦੇ ਗੁਟੂਰ ਜਿਲੇ 'ਚ ਐਗਰੀਕਲਚਰ ਇੰਜਨੀਅਰਿੰਗ ਕਾਲਜ ਦੀ ਇਕ ਵਿਦਿਆਰਥਣ ਦੀ ਕੁਝ ਸੀਨੀਅਰ ਵਿਦਿਆਰਥਣਾਂ ਵੱਲੋਂ ਕੀਤੀ ਗਈ ਗੈਰ -ਮਨੁੱਖੀ ਰੈਗਿੰਗ ਦੇ ਕਾਰਨ ਉਕਤ ਵਿਦਿਆਰਥਣ ਵੱਲੋਂ ਆਤਮਹੱਤਿਆ ਦੀ ਕੋਸ਼ਿਸ਼ ਨੇ ਬੁੱਧੀਜੀਵੀਆਂ ਸਮੇਤ ਆਮ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਸੀ

ਇਨ੍ਹਾਂ ਘਟਨਾਵਾਂ ਨੇ ਸਰਵ ਉੱਚ ਅਦਾਲਤ ਨੂੰ ਰੈਗਿੰਗ ਬਾਰੇ ਸਖਤ ਰੁੱਖ ਅਪਣਾਉਣ 'ਤੇ ਮਜ਼ਬੂਰ ਕੀਤਾ। ਇਹ ਤ੍ਰਾਸਦੀ ਹੀ ਕਹੀ ਜਾ ਸਕਦੀ ਹੈ ਕਿ ਸੁਪਰੀਮ ਕੋਰਟ ਦੇ ਸਖਤ ਰਵੱਈਏ ਦੇ ਬਾਵਜੂਦ ਪਿਛਲੇ ਕੁਝ ਸਾਲਾਂ 'ਚ ਰੈਗਿੰਗ ਦੇ ਚੱਲਦਿਆਂ ਦੇਸ਼ ਭਰ 'ਚ ਕਈ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਗੂਗਲ ਤੋਂ ਪ੍ਰਾਪਤ ਆਂਕੜਿਆਂ ਵੱਲ ਝਾਤ ਮਾਰੀਏ ਤਾਂ ਪਿਛਲੇ ਸਾਲ ਦੌਰਾਨ ਰੈਗਿੰਗ ਤੋਂ ਤੰਗ ਆਕੇ 54 ਵਿਦਿਆਰਥੀਆਂ ਨੇ ਮੌਤ ਨੂੰ ਗਲੇ ਲਾ ਲਿਆ।ਅਤੇ ਪਿਛਲੇ ਸਾਲ ਦੌਰਾਨ ਰੈਗਿੰਗ ਦੀਆਂ ਕੁਲ 4893 ਸ਼ਿਕਾਇਤਾਂ ਸਾਹਮਣੇ ਆਈਆਂ। ਵਿਦਿੱਅਕ ਅਦਾਰਿਆਂ 'ਚ ਖੌਫ਼ਨਾਕ ਰੈਗਿੰਗ ਦੇ ਚੱਲਦਿਆਂ ਕਈ ਵਿਦਿਆਰਥੀ ਮਾਨਸਕ ਰੋਗਾਂ ਅਤੇ ਸ਼ਰੀਰਕ ਅਸਮਰੱਥਾਵਾਂ ਦੇ ਸ਼ਿਕਾਰ ਹੋ ਚੁੱਕੇ ਹਨ। ਰੈਗਿੰਗ ਦਾ ਪ੍ਰਚੱਲਣ ਵਿਦਿਆਰਥੀਆਂ ਦੇ ਵਿਚਕਾਰ ਜਾਣ-ਪਹਿਚਾਣ ਕਰਵਾਉਣ, ਆਪਸੀ ਮੇਲ-ਜੋਲ ਵਧਾਉਣ ਅਤੇ ਤਹਿਜ਼ੀਬ ਸਿਖਾਉਣ ਦੇ ਲਈ ਸ਼ੁਰੂ ਕੀਤਾ ਗਿਆ ਸੀ।ਪਰ ਹੁਣ ਇਹ ਅਵਾਰਾਗਰਦੀ ਅਤੇ ਮਨ-ਪ੍ਰਚਾਵੇ ਦਾ ਜਰੀਆ ਬਣਕੇ ਰਹਿ ਗਿਆ ਹੈ। ਇਸੇ ਸਿਲਸਿਲੇ ਦੌਰਾਨ ਨਵੇਂ ਜਾਂ ਜੂਨੀਅਰ ਵਿਦਿਆਰਥੀਆਂ ਦੇ ਕੱਪੜੇ ਉਤਰਵਾ ਕੇ ਨਚਾਉਣ ਦੇ ਲਈ ਮਜ਼ਬੂਰ ਕੀਤਾ ਜਾਣ ਲੱਗਿਆ। ਕੁਝ ਕਾਲਜਾਂ 'ਚ ਤਾਂ ਰੈਗਿੰਗ ਤੋਂ ਬਚਣ ਦੇ ਲਈ ਵਿਦਿਆਰਥੀਆਂ ਵੱਲੋਂ ਕਾਲਜ ਦੀ ਪਹਿਲੀ ਜਾਂ ਦੂਜੀ ਮੰਜਿਲ ਤੋਂ ਛਲਾਂਗ ਲਾ ਕੇ ਬਚਣ ਤੱਕ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।

ਇਸੇ ਭੱਜ ਦੌੜ 'ਚ ਕੁਝ ਵਿਦਿਆਰਥੀ ਆਪਣੇ ਹੱਥ-ਪੈਰ ਵੀ ਤੁੜਵਾ ਲੈਂਦੇ ਹਨ ਅਤੇ ਕਈਆਂ ਨੂੰ ਆਪਣੀ ਜਾਨ ਤੱਕ ਗਵਾਉਣੀ ਪੈਂਦੀ ਹੈ। ਕੁਝ ਸਾਲ ਪਹਿਲਾਂ ਅਜਿਹੇ ਮਾਮਲੇ 'ਚ ਹਰਿਆਣੇ ਦੇ ਇਕ ਇੰਜੀਨੀਅਰਿੰਗ ਕਾਲਜ ਵਿਚੋ ਸਾਹਮਣੇ ਆਏ ਸਨ। ਰੈਗਿੰਗ ਦੇ ਦੌਰਾਨ ਸੀਨੀਅਰ ਵਿਦਿਆਰਥੀਆਂ ਦੇ ਗੈਰ-ਮਨੁੱਖੀ ਅਤੇ ਅਸ਼ਲੀਲ ਹੁਕਮਾਂ ਨੂੰ ਨਾ ਮੰਨਣ ਵਾਲੇ ਵਿਦਿਆਰਥੀਆਂ ਦਾ ਕਤਲ ਕੀਤੇ ਜਾਣ ਦੇ ਮਾਮਲਿਆਂ ਨੇ ਤਾਂ ਰੈਗਿੰਗ ਨੂੰ ਮੁੱਢੋਂ ਨਜਾਇਜ਼ ਠਹਿਰਾ ਦਿੱਤਾ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੱਛਮ ਦੇ ਮਾਹੌਲ ਦੀ ਦੇਖਾਦੇਖੀ ਦੇ ਰੂਪ 'ਚ ਹਲਕੇ -ਫੁਲਕੇ ਅੰਦਾਜ਼ 'ਚ ਸ਼ੁਰੂ ਹੋਈ ਰੈਗਿੰਗ ਦੀ ਪਰੰਪਰਾ ਵਿਦਿਅੱਕ ਅਦਾਰਿਆਂ 'ਚ ਅਜਿਹੇ ਜਹਿਰੀਲੇ ਕੰਡੇ ਦੇ ਰੂਪ 'ਚ ਉਭਰੀ ਹੈ, ਜਿਸਦੇ ਚਲਦਿਆਂ ਪਿਛਲੇ ਕੁਝ ਸਾਲਾਂ 'ਚ ਬਹੁਤ ਸਾਰੇ ਹੋਣਹਾਰ ਵਿਦਿਆਰਥੀਆਂ ਨੂੰ ਅੱਧ ਵਿਚਕਾਰ ਹੀ ਪੜ੍ਹਾਈ ਛੱਡ ਕੇ ਵਾਪਸ ਘਰ ਪਰਤਣ ਦਾ ਫੈਸਲਾ ਲੈਣਾ ਪਿਆ। ਕਈਆਂ ਦੇ ਸਾਹਮਣੇ ਆਤਮਹੱਤਿਆ ਜਿਹਾ ਕਦਮ ਚੱਕਣ ਦੀ ਨੌਬਤ ਆਈ ਅਤੇ ਕੁਝ ਵਿਦਿਆਰਥੀ ਰੈਗਿੰਗ ਦੇ ਕਾਰਨ ਮਾਨਸਕ ਰੋਗੀ ਬਣ ਗਏ। ਪਰ ਹਾਲਾਤ ਗੰਭੀਰ ਹੋਣ ਦੇ ਬਾਵਜੂਦ ਨਾ ਤਾਂ ਸਿੱਖਿਆ ਵਿਭਾਗ ਨੇ ਇਸ ਸਮੱਸਿਆ ਵੱਲ ਧਿਆਨ ਦਿੱਤਾ ਅਤੇ ਨਾ ਹੀ ਰਾਜ ਅਤੇ ਕੇਂਦਰ ਸਰਕਾਰ ਨੇ ਹੀ ਕੋਈ ਕਦਮ ਚੁੱਕਿਆ। ਤਾਂ ਫਿਰ ਸੁਪਰੀਮ ਕੋਰਟ ਨੂੰ ਮਜਬੂਰਨ ਇਸ ਮਾਮਲੇ 'ਚ ਦਖਲ ਦੇਣਾ ਪਿਆ। ਰਾਘਵਨ ਕਮੇਟੀ ਨੇ ਤਾਂ ਆਪਣੀ ਰਿਪੋਰਟ 'ਚ ਰੈਗਿੰਗ ਤੋਂ ਪੀੜਤ ਵਿਦਿਆਰਥੀਆਂ ਦੇ ਮਾਮਲਿਆਂ ਨੂੰ ਸਖਤ ਤੋਂ ਸਖਤ ਸਜਾ ਦੇਣ ਦੀ ਸਿਫਾਰਿਸ਼ ਵੀ ਕੀਤੀ ਸੀ। ਮਾਨਯੋਗ ਅਦਾਲਤ ਨੇ ਆਪਣੇ ਇਕ ਫੈਸਲੇ 'ਚ ਕਿਹਾ ਸੀ ਕਿ ਰੈਗਿੰਗ ਦੇ ਮਾਮਲਿਆਂ ਨੂੰ ਦਹੇਜ਼ ਪੀੜਤ ਔਰਤਾਂ ਦੇ ਮਾਮਲਿਆਂ ਦੇ ਬਰਾਬਰ ਦੇਖਣ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਹੋਣੀ ਚਾਹੀਦੀ ਹੈ, ਤਾਂ ਕਿ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰ ਸਕਣ।ਅਦਾਲਤ ਨੇ ਵਿਦਿਅੱਕ ਅਦਾਰਿਆਂ ਨੂੰ ਆਪਣੇ ਪ੍ਰੋਸਪੈਕਟਸ 'ਚ ਇਹ ਸਪਸ਼ਟ ਨਿਰਦੇਸ਼ ਸ਼ਾਮਲ ਕਰਨ ਲਈ ਕਿਹਾ ਸੀ ਕਿ ਜੋ ਵੀ ਵਿਦਿਆਰਥੀ ਰੈਗਿੰਗ 'ਚ ਸ਼ਾਮਲ ਪਾਏ ਜਾਣਗੇ ,ਉਨ੍ਹਾਂ ਦਾ ਦਾਖਲਾ ਰੱਦ ਕਰ ਦਿੱਤਾ ਜਾਵੇ।ਜੇਕਰ ਸੀਨੀਅਰ ਵਿਦਿਆਰਥੀ ਅਜਿਹਾ ਕਰਣਗੇ ਤਾਂ ਉਨ੍ਹਾਂ ਨੂੰ ਪੱਕੇ ਤੌਰ 'ਤੇ ਸਸਪੈਂਡ ਕਰ ਦਿੱਤਾ ਜਾਵੇਗਾ। ਮਾਨਯੋਗ ਅਦਾਲਤ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਜੋ ਵਿਦਿਅੱਕ ਅਦਾਰੇ ਰੈਗਿੰਗ ਰੋਕਣ 'ਚ ਅਸਫਲ ਰਹਿਣਗੇ, ਉਨ੍ਹਾਂ ਨੂੰ ਸਰਕਾਰ ਵੱਲੋਂ ਮਿਲਣ ਵਾਲੀ ਮਾਲੀ ਮਦਦ ਵੀ ਰੋਕ ਦਿੱਤੀ ਜਾਵੇਗੀ।ਜੇਕਰ ਰੈਗਿੰਗ 'ਤੇ ਲਗਾਮ ਲਾਉਣ ਦੇ ਲਈ ਸੁਪਰੀਮ ਕੋਰਟ ਦੇ ਸਖਤ ਨਿਰਦੇਸ਼ਾਂ ਅਤੇ ਇਸਦੇ ਲਈ ਵਿਦਿਅੱਕ ਅਦਾਰਿਆਂ, ਪ੍ਰਸ਼ਾਸਨ, ਹੋਸਟਲ ਵਾਰਡਨ/ ਅਧਿਕਾਰੀਆਂ ਦੀਆਂ ਜਿੰਮੇਵਾਰੀਆਂ ਤੈਅ ਕਰਨ ਦੇ ਬਾਵਜੂਦ ਰੈਗਿੰਗ ਦੇ ਮਾਮਲੇ ਹਰ ਸਾਲ ਲਗਾਤਾਰ ਵਧਦੇ ਰਹੇ ਤਾਂ ਇਸਦਾ ਮਤਲਬ ਇਹੋ ਹੈ ਕਿ ਨਾ ਤਾਂ ਸਰਕਾਰਾਂ ਅਜਿਹੇ ਮਾਮਲੇ ਸੋਸ਼ਲ ਮੀਡੀਆ ਦੇ ਰਾਹੀ ਵਾਇਰਲ ਹੋਣ ਤੱਕ ਇਨ੍ਹਾਂ 'ਤੇ ਲਗਾਮ ਲਾਉਣ ਦੇ ਪ੍ਰਤੀ ਇਮਾਨਦਾਰ ਨਜਰ ਆਉਂਦੀਆਂ ਹਨ ਅਤੇ ਨਾ ਹੀ ਕਾਲਜ ਪ੍ਰਸ਼ਾਸਨ ਹੀ ਆਪਣੀ ਜਿੰਮੇਵਾਰੀ ਸੁੱਚਜੇ ਢੰਗ ਨਾਲ ਨਿਭਾ ਰਹੇ ਹਨ।

ਸਾਬਕਾ ਡੀ ਓ ,174 ਮਿਲਟਰੀ ਹਸਪਤਾਲ
ਮੇਨ ਏਅਰ ਫੋਰਸ ਰੋਡ ,ਬਠਿੰਡਾ

# ਪਰਖੇ ਗਏ ਪੰਜਾਬੀ ਆਪਣਿਆਂ ਤੇ ਪਈ ਭੀੜ ਤੋਂ...

ਬੇਸ਼ੱਕ ਪੰਜਾਬ ਨੂੰ ਲੁੱਟਣ ਵਾਲਿਆਂ ਦਾ ਵੀ ਕੋਈ ਥਾਹ ਨਹੀਂ ਇਸ ਘਿਣਾਉਣੀ ਹਕੀਕਤ ਦੀਆਂ ਸੈਂਕੜੇ ਨਹੀਂ ਬਲਕਿ ਹਜ਼ਾਰਾਂ ਉਦਾਹਰਣਾਂ ਹਨ।ਪਰ ਜੇਕਰ ਤਸਵੀਰ ਦੇ ਦੂਜੇ ਪੱਖ ਨੂੰ ਗਹੁ ਨਾਲ ਵਾਚੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਦ ਵੀ ਪੰਜਾਬੀਆਂ ਹੀ ਨਹੀਂ ਬਲਕਿ ਕਿਸੇ ਵੀ ਕੌਮ ਤੇ ਭੀੜ ਪਈ ਹੈ ਉਸ ਦੀ ਜੀਅ ਜਾਨ ਨਾਲ ਮਦਦ ਕਰਨ ਲਈ ਵੀ ਪੰਜਾਬੀਆਂ ਦਾ ਕੋਈ ਸਾਨੀ ਨਹੀਂ। ਇਹ ਮਦਦ ਆਰਥਿਕ, ਸਮਾਜਿਕ ਜਾਂ ਫਿਰ ਕਿਸੇ ਵੀ ਕਿਸਮ ਦੀ ਹੋਵੇ ਕਿੰਨੇਂ ਤੋਂ ਵੀ ਕਿਨਾਂ ਔਖਾ ਕਾਰਜ ਹੋਵੇ ਪੰਜਾਬੀ ਭਾਈਚਾਰਾ ਜੀਅ ਜਾਨ ਨਾਲ ਅੱਗੇ ਵੱਧਕੇ ਆਪਣੇ ਵਿਤੋਂ ਵੀ ਬਹੁਤ ਜ਼ਿਆਦਾ ਕੰਮ ਆਉਂਦੇ ਹਨ।

ਆਹ ਹੁਣੇ ਹੁਣੇ ਹੀ ਹੜਾਂ ਦੀ ਕਰੋਪੀ ਦੀ ਜੇ ਗੱਲ ਕਰੀਏ ਤਾਂ ਓਥੇ ਵੀ ਪੰਜਾਬੀ ਵੀਰਾਂ ਨੇ ਦਿਨ ਰਾਤ ਇੱਕ ਕੀਤਾ ਹੋਇਆ ਹੈ ਲੰਗਰ ਦੀ ਸੇਵਾ,ਚਾਹ ਪਾਣੀ ਦੀ ਸੇਵਾ, ਪਸ਼ੂਆਂ ਲਈ ਚਾਰੇ ਦਾ ਇੰਤਜ਼ਾਮ ਬਹੁਤ ਡੂੰਘੇ ਡੂੰਘੇ ਪਾਣੀ ਵਿੱਚ ਪਹੁੰਚ ਕੇ ਆਪਣੀ ਜਾਨ ਤੇ ਖੇਲ ਕੇ ਵੀ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਹੁਣ ਕੁੱਝ ਕੁ ਦਿਨਾਂ ਤੋਂ ਤਾਂ ਇਹ ਖ਼ਬਰਾਂ ਵੀ ਆ ਰਹੀਆਂ ਨੇ ਕਿ ਹੱਦੋਂ ਵੱਧ ਮਦਦ ਹਰ ਕਿਸਮ ਦੀ ਪਹੁੰਚ ਚੁੱਕੀ ਹੈ, ਮਿਹਰਬਾਨੀ ਕਰਕੇ ਇਸ ਕਾਰਜ ਨੂੰ ਹੁਣ ਵਿਰਾਮ ਦਿੱਤਾ ਜਾਵੇ।ਪਰ ਫਿਰ ਵੀ ਪੰਜਾਬੀ ਭਾਈਚਾਰਾ ਇਹ ਗੱਲ ਆਪਣੇ ਮਨਾਂ ਵਿੱਚ ਵਸਾਈ ਬੈਠਾ ਹੈ ਕਿ ਜੇਕਰ ਸਾਡੇ ਆਪਣੇ ਹੀ ਭੈਣ-ਭਰਾ ਭੁੱਖੇ ਰਹਿ ਗਏ ਤਾਂ ਪੰਜਾਬੀਆਂ ਦੀ ਅਣਖ ਤੇ ਬਹੁਤ ਵੱਡਾ ਧੱਬਾ ਲੱਗ ਜਾਵੇਗਾ ਤੇ ਸਾਨੂੰ ਕਿਸੇ ਨੇ ਪੰਜਾਬੀ ਨਹੀਂ ਕਹਿਣਾ। ਬੇਸ਼ੱਕ ਬਿਨਾਂ ਸ਼ੱਕ ਦੇ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵੀ ਆਪਣੇ ਪੂਰੇ ਉਫਾਨ ਤੇ ਛੱਲਾਂ ਮਾਰ ਕੇ ਵਗਦਾ ਹੈ,ਪਰ ਜਦ ਐਹੋ ਜਿਹੀ ਕੁਰਬਾਨੀ ਪੰਜਾਬੀਆਂ ਦੀ ਵੇਖਦੇ ਹਾਂ ਤਾਂ ਇਉਂ ਲੱਗਦਾ ਹੈ ਕਿ ਨਸ਼ੇ ਤਾਂ ਪੰਜਾਬ ਵਿੱਚ ਕਿਤੇ ਵੀ ਨਹੀਂ।ਪਰ ਬਿਨਾਂ ਸ਼ੱਕ ਨਸ਼ਿਆਂ ਨੇ ਪੰਜਾਬ ਦੇ ਸੈਂਕੜੇ ਨਹੀਂ ਹਜ਼ਾਰਾਂ ਘਰਾਂ ਨੂੰ ਤਬਾਹ ਕਰਿਆ ਹੋਇਆ ਹੈ।ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਹੁਣ ਪੰਜਾਬੀ ਬਹੁਤ ਜਾਗਰੂਕ ਹੋਏ ਹਨ ਮੀਡੀਆ ਦੇ ਯੁੱਗ ਨੇ ਬਹੁਤ ਸਾਰੇ ਨਸ਼ਿਆਂ ਦੇ ਤਸਕਰਾਂ ਨੂੰ ਫੜਾਉਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ ਤੇ ਲਾਈਵ ਹੋਣ ਦੇ ਡਰੋਂ ਬਹੁਤ ਸਾਰੇ ਨਸ਼ਿਆਂ ਦੇ ਸੌਦਾਗਰ ਰੂਪੋਸ ਵੀ ਹੋ ਗਏ ਹਨ, ਤੇ ਹਾਲੇ ਵੀ ਇਹ ਖਤਰਾ ਪੰਜਾਬ ਤੇ ਮੰਡਰਾ ਰਿਹਾ ਹੈ।

ਇਸ ਉਪਰੋਕਤ ਹਵਾਲਿਆਂ ਨੂੰ ਲਾਂਭੇ ਕਰਦੇ ਹੋਏ ਪੰਜਾਬੀ ਭਾਈਚਾਰੇ ਨੇ ਜਿਵੇਂ ਹੜ ਾਂ ਨਾਲ ਜੂਝਦੇ ਆਪਣੇ ਭਾਈਚਾਰੇ ਦੀ ਅੱਗੈ ਹੋ ਕੇ ਬਾਂਹ ਫੜੀ ਹੈ,ਇਹ ਵੀ ਇੱਕ ਮਿਸਾਲ ਹੈ। ਪੰਜਾਬੀ ਭਾਈਚਾਰੇ ਨੂੰ ਐਸੀ ਕੁਦਰਤੀ ਆਫ਼ਓਮਪ;ਤ ਵਿਚ ਸਰਕਾਰਾਂ ਤੋਂ ਕੋਈ ਜ਼ਿਆਦਾ ਮਦਦ ਦੀ ਝਾਕ ਵੀ ਨਹੀਂ ਬੇਸ਼ੱਕ ਗੋਗਲੂਆਂ ਤੋਂ ਮਿੱਟੀ ਸਰਕਾਰ ਨੇ ਵੀ ਲਾਹੁਣੀ ਹੈ,ਪਰ ਜ਼ਿਆਦਾਤਰ ਤਾਂ ਭਾਈ ਹੀ ਭਾਈ ਦੀ ਬਾਂਹ ਫੜਨ ਵਾਲੀ ਹਕੀਕਤ ਨੇ ਹੀ ਅਮਲ ਦੇ ਵਿੱਚ ਆਉਣਾ ਹੈ। ਪੰਜਾਬੀਆਂ ਜਿਨ ਾਂ ਕੋਈ ਦਾਨੀ ਵੀ ਦੁਨੀਆਂ ਵਿੱਚ ਨਹੀਂ ਹੈ,ਇਹ ਗੱਲ ਦੇਰ ਸਵੇਰ ਨੂੰ ਆਪਣੇ ਸਭਨਾਂ ਦੇ ਸਾਹਮਣੇ ਹੋਵੇਗੀ। ਸ਼ਾਬਾਸ਼ ਐਸੀ ਅਣਖੀ ਕੌਮ ਤੇ ਸਤਿਕਾਰਯੋਗ ਭਾਈਚਾਰੇ ਦੇ, ਜਿਨ ਾਂ ਨੇ ਕਦੇ ਵੀ ਕਿਸੇ ਕਿਸਮ ਦੀ ਆਫ਼ਤ ਵਿਚ ਮੂੰਹ ਨਹੀਂ ਮੋੜਿਆ ਔਰ ਪ੍ਰਮਾਤਮਾ ਵੀ ਉਨ ਾਂ ਦਾਨੀ ਸੱਜਣਾਂ ਦੀ ਸਦਾ ਬਾਂਹ ਫੜ ਦਾ ਹੈ ਤੇ ਐਸੀਆਂ ਕੌਮਾਂ ਸਦਾ ਚੜ ਦੀ ਕਲਾ ਵਿੱਚ ਰਹਿੰਦੀਆਂ ਹਨ।

-ਜਸਵੀਰ ਸ਼ਰਮਾਂ ਦੱਦਾਹੂਰ 95691 4955
ਸ੍ਰੀ ਮੁਕਤਸਰ ਸਾਹਿਬ

# ਸਹਿਣਸ਼ੀਲਤਾ ਸਫਲਤਾ ਦੀ ਪੌੜੀ




ਮਨੁੱਖ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਹਮੇਸ਼ਾ ਦੋ ਤਰ੍ਹਾਂ ਦੀਆ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਸਹਿਣ ਯੋਗ ਅਤੇ ਦੂਜੀ ਅਸਿਹਨ ਯੋਗ ਪ੍ਰਸਤਿਥੀ। ਓਵੇਂ ਹੀ ਮਨੁੱਖ ਦਾ ਵਿਵਹਾਰ ਦੋ ਤਰ੍ਹਾਂ ਦਾ ਹੁੰਦਾ ਹੈ ਕੋਮਲ ਅਤੇ ਕਠੋਰਤਾ ਵਾਲਾ। ਕੋਮਲ ਵਿਵਹਾਰ ਵਾਲਾ ਵਿਅਕਤੀ ਬੇਹੱਦ ਸੰਵੇਦਨਸ਼ੀਲਤਾ ਵਾਲਾ ਹੁੰਦਾ ਹੈ ਅਤੇ ਕਠੋਰ ਵਿਅਕਤੀ ਨੂੰ ਅਸੀਂ ਕਈ ਵਾਰ ਚਹੁੰਦੇ ਹੋਏ ਵੀ ਨਹੀਂ ਬਦਲ ਸਕਦੇ। ਅੱਜ ਦੇ ਸਮੇ ਨੂੰ ਵੇਖਦੇ ਹੋਏ ਹਰੇਕ ਵਿਅਕਤੀ ਨੂੰ ਸਹਿਣਸ਼ੀਲਤਾ ਦੀ ਬਹੁਤ ਜ਼ਿਆਦਾ ਜਰੂਰਤ ਹੈ। ਜ਼ਿੰਦਗੀ ਦਾ ਅਨੰਦ ਮਾਨਣ ਅਤੇ ਚੰਗੇ ਤਰੀਕੇ ਨਾਲ ਜਿਓਣ ਲਈ ਜਿਹੜੇ ਗੁਣਾਂ ਦੀ ਅਹਿਮ ਜਰੂਰਤ ਹੈ ਉਹਨਾਂ ਵਿੱਚੋਂ ਸਹਿਣਸ਼ੀਲਤਾ ਵੀ ਇੱਕ ਹੈ। ਇੱਕ ਸਹਿਣਸ਼ੀਲ ਵਿਅਕਤੀ ਆਪਣੇ ਜੀਵਨ ਦੀ ਹਰੇਕ ਪ੍ਰਸਥਿਤੀ ਜਿਵੇ ਦੁੱਖ ਤਕਲੀਫ,ਆਦਿ ਵਿੱਚ ਆਪਣਾ ਤਾਲਮੇਲ ਬਨ੍ਹਾ ਲੈਣ ਵਿੱਚ ਮਾਹਿਰ ਹੁੰਦਾ ਹੈ।ਅਜਿਹਾ ਵਿਅਕਤੀ ਕਈ ਵਾਰ ਹਾਲਾਤਾਂ ਨਾਲ ਸਮਝੌਤਾ ਕਰ ਕੇ ਕਿਸੇ ਦੇ ਕੌੜੇ ਅਨੁਭਵਾਂ ਨੂੰ ਵੀ ਸਹਿਣ ਕਰ ਲੈਂਦਾ ਹੈ ਕਿਉਂਕਿ ਉਹ ਇਸ ਗੱਲ ਤੋਂ ਜਾਣੂ ਹੁੰਦਾ ਹੈ ਜੇ ਆਪਣੇ ਆਪ ਨੂੰ ਹਾਲਾਤਾਂ ਦੇ ਅਨੁਕੂਲ ਨਾ ਬਣਾਇਆ ਤਾਂ ਕਿਸੇ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੂਜੇ ਪਾਸੇ ਕਠੋਰ ਵਿਵਹਾਰ ਵਾਲਾ ਵਿਅਕਤੀ ਅਸਿਨਸੀਲਤਾ ਵਾਲਾ ਹੁੰਦਾ ਹੈ। ਜੋ ਆਪਣੀਆਂ ਖੁਸ਼ੀਆਂ ਸੁੱਖਾ ਤੋਂ ਵਾਂਝਾ ਰਹਿ ਜਾਂਦਾ ਹੈ। ਅਜਿਹਾ ਵਿਅਕਤੀ ਕਿਸੇ ਦੀ ਨਿੱਕੀ ਜਿਹੀ ਗੱਲ ਉਪਰ ਹੀ ਗੁੱਸੇ ਨਾਲ ਗੱਲਬਾਤ ਕਰਨ ਲੱਗ ਜਾਂਦਾ ਹੈ। ਆਸਿਨਸੀਲਤਾ ਵਾਲਾ ਵਿਅਕਤੀ ਆਪਣੀ ਅਸਿਨਸੀਲਤਾ ਦੇ ਕਾਰਨ ਹਰ ਵਿਅਕਤੀ ਦੀਆ ਨਜਰਾਂ ਵਿੱਚ ਹੰਕਾਰੀ ਜਾ ਕਠੋਰ ਹਿਰਦੇ ਵਾਲਾ ਬਣ ਕੇ ਰਹਿ ਜਾਂਦਾ ਹੈ।ਆਪਣੀ ਅਸਿਨਸੀਲਤਾ ਦੇ ਕਾਰਨ ਆਪਣੇ ਤੋਂ ਵੱਡੇ ਦੀ ਇੱਜਤ ਕਰਨੀ ਵੀ ਭੁੱਲ ਜਾਂਦਾ ਹੈ। ਅਜਿਹਾ ਵਿਅਕਤੀ ਆਪਣੀ ਗੱਲ ਨੂੰ ਮੁੱਖ ਰੱਖਣ ਲਈ ਕਿਸੇ ਵੀ ਹੱਦ ਤੱਕ ਪਹੁੰਚ ਸਕਦਾ ਹੈ। ਸਹਿਣਸ਼ੀਲਤਾ ਵਾਲਾ ਮਨੁੱਖ ਇੱਕ ਅਨਮੋਲ ਹੀਰੇ ਤਰ੍ਹਾਂ ਹੁੰਦਾ ਹੈ ਜੋ ਹਰ ਕਿਸੇ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ।ਅਸਿਨਸੀਲਤਾ ਕੰਡਿਆਂ ਦੀ ਤਰ੍ਹਾਂ ਹੁੰਦੀ ਹੈ। ਜੋ ਜ਼ਿੰਦਗੀ ਵਿੱਚ ਦੁੱਖਾਂ ਕਲੇਸ਼ਾਂ ਦਾ ਕਾਰਨ ਬਣਦੀ ਹੈ। ਹਰੇਕ ਇਨਸਾਨ ਨੂੰ ਆਪਣੇ ਆਪ ਨੂੰ ਸਹਿਣਸ਼ੀਲਤਾ ਵਾਲਾ ਬਣਾਉਣਾ ਚਾਹੀਦਾ ਹੈ। ਸਹਿਣਸ਼ੀਲਤਾ ਕਿਸੇ ਵੀ ਵਿਅਕਤੀ ਦੀ ਇੱਕ ਅੰਦੂਰਨੀ ਤਾਕਤ ਹੁੰਦੀ ਹੈ। ਜਿਵੇ ਸੋਚ ਦੀ ਵੀ ਇੱਕ ਸੀਮਾ ਹੁੰਦਾ ਹੈ। ਉਸ ਤਰ੍ਹਾਂ ਹੀ ਸਹਿਣਸ਼ੀਲਤਾ ਦੀ ਵੀ ਇੱਕ ਸੀਮਾ ਹੁੰਦੀ ਹੈ। ਅਪਰਾਧ ਤੇ ਅਤਿਆਚਾਰ ਨੂੰ ਸਹਿਣਾ ਵੀ ਅਪਰਾਧ ਹੈ।

ਜਗਤਾਰ ਸਿੰਘ ਧਾਲੀਵਾਲ
9914315191

## WHO SAVED WHO ?

Who saved who
There's some dispute
You showed me life
I showed you truth
You discovered a path
I led the way
You brought the game
I taught you to play
You looked to the stars
I reached for the moon
Your rocket stalled
I gave it a boom
You dreamt a dream
I made it real
When emotionally numb
I helped you feel
You wanted to cry
I let you weep
The shoulder I lent
Was yours to keep
You planted a seed
I nourished it to grow
You lit a candle
I made it glow
You shunned the dark
I beckoned light
Your life was dim
I made it bright
You wanted to soar
I became your wings
When you set sail
I brought the winds
You are the heart
I am the soul
You are the beginning
I am the goal
Without your flare
All else is moot
So who saved who
Is there still a dispute



## WHEN HOPE DIES

What happens when hope dies
When there is no longer
reasons to even try
No amount of tears
change what's lost
How will time heal
the pain of loss

Tears seeping out
of my closed eyes
The pain from my
splintered heart
won't let me survive
Life can be tragically
so unbending
When there's no chance
for a happy ending

Thunder in my brain
laments from within
Screams of anguish
never escape beyond
the tip of my lips
Not a sound escapes
I'm beyond words
Body tremors reflect
how much I hurt

I rallied against God
Let my sorrow flow
Questioned fate above
cursed justice below
Truth, no matter how cruel
regardless how unfair
There's naught to hide
for nothing is left
if hope actually dies

**Dr Sangeeta Sethi**

## ਹੌਲੀ-ਹੌਲੀ



**ਜਸਵਿੰਦਰ ਢਿੱਲੋਂ 'ਜੱਸੀ'**

ਆਪਣੀ ਮਸਤੀ ਵਿੱਚ ਸਮਾਂ ਤੁਰੀ ਜਾਂਦੇ ਹੌਲੀ-ਹੌਲੀ ,
ਮੁਸਾਫ਼ਰ ਵੀ ਰਾਹ ਵਿੱਚ ਉਤਰੀ ਜਾਂਦੇ ਵਾਰੋ-ਵਾਰੀ।
ਰਿਸ਼ਤੇ ਵੀ ਖੁਰੀ ਜਾਂਦੇ ਨਹਰ ਦਿਆਂ ਵੱਟਾ ਵਾਂਗ ,
ਰਿਸ਼ਤਿਆਂ ਦੀ ਤਾਰ ਕੁਝ ਕੱਚੀ ਲੱਗੇ ਹੌਲੀ-ਹੌਲੀ ।।
ਦੂਰ ਕਿਤੇ ਚੰਨ ਤੇ ਬੁਡੀਮਾਈ ਕੱਤਦੀ ਸੀ ਚਰਖਾ ,
ਉਸੇ ਚੰਨ ਤੇ ਹੁਣ ਦਾਗ ਦਿਖਦੇ ਨੇ ਹੌਲੀ-ਹੌਲੀ।
ਇਕ ਭਠਿਆਰੀ ਸਾਡੇ ਪਿੰਡ ਵੀ ਭੁੰਨਦੀ ਸੀ ਦਾਣੇ ,
ਰਿਸ਼ਤੀਆਂ ਦੀ ਸੱਥ ਕਿਸੇ ਭੰਨ ਦਿੱਤੀ ਹੌਲੀ-ਹੌਲੀ ।।
ਅਮੀਰੀ ਤੇ ਗਰੀਬੀ ਦਾ ਪਾੜ ਕੁਝ ਵੱਡਾ ਲੱਗੇ,
ਬੋਝੇ ਪਾੜ , ਪਾੜ ਨੂੰ ਸਿਉਣ ਮਾਪੇ ਹੌਲੀ-ਹੌਲੀ।
ਛੋਟਾ ਹੋਣ ਲੱਗਾ ਜਿਹੜਾ ਉਮਰਾ ਦਾ ਸਾਥ ਸੀ ,
ਰਿਸ਼ਤਿਆਂ ਦੀ ਸਾਂਝ ਕੁਝ ਛੋਟੀ ਲੱਗੇ ਹੌਲੀ-ਹੌਲੀ ।।
ਛਾਬੇ ਪਾ ਸਾਂਝ ਦਿਆਂ ਗੰਡਾ , ਸਿਰ ਧਰ ,
ਰੋਜ਼ ਨਿਕਲਦਾ ,ਸੁਪਨੇ ਜੋੜਣ ਲਈ ਹੌਲੀ-ਹੌਲੀ।
ਵੱਡੇ ਹੁੰਦੇ ਜਾਂਦੇ ਬਾਲ , ਛੋਟੀ ਹੁੰਦੀ ਜਾਂਦੀ ਸਾਂਝ ,
ਰਿਸ਼ਤੇ ਵੀ ਟੁੱਟੀ ਜਾਂਦੇ ਉਮਰ ਨਾਲ ਹੌਲੀ-ਹੌਲੀ ।।

## ਆਖਿਰੀ ਖਤ ( ਯਾਰਾ ਲਈ )

ਜਦੋਂ ਨਵੇਂ ਨਵੇਂ ਅਸੀਂ ਆਏ ਸੀ ਹੁੰਦਾ ਕਾਲਜ ਦਾ ਚਾਅ ਸੀ ਚੜਿਆ
ਫਿਰ ਯਾਰ ਬੇਲੀ ਕਈ ਮਿਲ ਗਏ ਸੀ ਲੱਗਾ ਰੱਬਾ ਧਰਤੀ ਤੇ ਆ ਖੜਿਆਂ
ਮੈ ਭੁੱਲ ਕਦੇ ਵੀ ਨਹੀਂ ਸਕਦਾ ਲੁੱਟੀਆਂ ਉਹਨਾਂ ਨਾਲ ਬਹਾਰਾਂ ਨੂੰ
ਰੱਬ ਜਿੱਥੇ ਵੀ ਉਹ ਵੱਛਦੇ ਨੇ ਬਸ ਖੁਸ ਰੱਖੀ ਮੇਰੇ ਯਾਰਾ ਨੂੰ
ਮੇਰੇ ਚਿਹਰੇ ਦੀ ਮੁਸਕਾਨ ਬਣੇ ਬੇਜਾਨ ਦੀ ਸੀ ਉਹ ਜਾਨ ਬਣੇ
ਸੀ ਜਿੱਥੇ ਕੋਈ ਜਾਣਦਾ ਮੈਨੂੰ ਨਾ ਮੇਰੀ ਓਸੇ ਥਾਂ ਪਹਿਚਾਨ ਬਣੇ
ਸਾਡੇ ਵਿੱਚ ਨੇ ਜੋ ਫਿੱਕ ਪਾ ਗਈਆਂ ਧੰਨਵਾਦ ਮੇਰਾ ਉਹ ਨਾਰਾ ਨੂੰ
ਰੱਬ ਜਿੱਥੇ ਵੀ ਉਹ ਵੱਛਦੇ ਨੇ ਬਸ ਖੁਸ ਰੱਖੀ ਮੇਰੇ ਯਾਰਾ ਨੂੰ
ਕਈਆਂ ਦੀ ਡਿਗਰੀ ਹੋ ਗਈ ਕਈ ਰੱਖੀ ਪੈਡਿੰਗ ਫਿਰਦੇ ਨੇ
ਕਈ ਅੱਜ ਵੀ ਉੱਥੇ ਪੜਦੇ ਨੇ ਕਈ ਸਪਲੀਆ ਦਿੰਦੇ ਚਿਰਦੇ ਨੇ
ਕਈ ਅੱਜ ਵੀ ਕਰਦੇ ਫੋਨ ਮੈਨੂੰ ਭੁੱਲ ਹੋਈਆਂ ਸਭ ਤਕਰਾਰਾਂ ਨੂੰ
ਰੱਬ ਜਿੱਥੇ ਵੀ ਉਹ ਵੱਛਦੇ ਨੇ ਬਸ ਖੁਸ ਰੱਖੀ ਮੇਰੇ ਯਾਰਾ ਨੂੰ
ਘੁੰਮਣ ਆਲੇ ਦੇ ਚੰਗੇ ਲੇਖ ਕਿਥੇ ਉਹ ਤੁਹਾਡੇ ਲਈ ਪਿਆਰ ਨੂੰ ਬਿਆਨ ਕਰੇ
ਤੁਸੀਂ ਦੁਨੀਆਂ ਸੀ ਉਸ ਕਮਲੇ ਦੀ ਤੁਹਾਡੇ ਕਦਮਾਂ ਵਿੱਚ ਉਹ ਜਾਨ ਧਰੇ
ਹੁਣ ਦੂਰ ਕਿਤੇ ਉਹ ਚੱਲਿਆ ਏ ਲੈ ਕੇ ਕਾਗਜ ਕਲਮ ਵਿਚਾਰਾਂ ਨੂੰ
ਰੱਬ ਜਿੱਥੇ ਵੀ ਉਹ ਵੱਛਦੇ ਨੇ ਬਸ ਖੁਸ ਰੱਖੀ ਮੇਰੇ ਯਾਰਾ ਨੂੰ
ਰੱਬ ਜਿੱਥੇ ਵੀ ਉਹ ਵੱਛਦੇ ਨੇ ਬਸ ਖੁਸ ਰੱਖੀ ਮੇਰੇ ਯਾਰਾ ਨੂੰ

**ਜੀਵਨ ਘੁੰਮਣ ( ਬਠਿੰਡਾ )**
ਮੋ:62397-31200

## ਰੋਟੀ ਖਾਤਰ ਤਰਸ ਰਹੇ ਨੇ /.ਗਜ਼ਲ

ਰੋਟੀ ਖਾਤਰ ਤਰਸ ਰਹੇ ਨੇ ਮੇਰੇ ਮਾਂ ਤੇ ਬਾਪ,
ਤੂੰ ਹੀ ਦੱਸ ਮੈਂ ਕਿੰਜ ਕਰਾਂ ਹੁਣ ਤੇਰੇ ਨਾਂ ਦਾ ਜਾਪ ?
ਪੰਡਤ ਜੀ, ਚੁਪ ਕਰਕੇ ਇੱਥੋਂ ਛੇਤੀ ਹੋਵੋ ਚਲਦੇ,
ਮੈਂ ਆਪਣੀ ਵਿਗੜੀ ਤਕਦੀਰ ਸੁਆਰ ਲਵਾਂਗਾ ਆਪ।
ਜ਼ੁਲਮਾਂ ਦੀ ਚੱਕੀ ਵਿੱਚ ਪਿਸਦੇ ਰਹਿਣੇ ਨੇ ਉਹ ਲੋਕ,
ਜੋ ਆਪਣੇ ਹੱਕਾਂ ਲਈ ਲੜਨਾ ਸਮਝ ਰਹੇ ਨੇ ਪਾਪ।
ਜੇ ਕਰ ਲੋਕਾਂ ਨੂੰ ਇਹ ਸਾਧੂ ਦੇ ਸਕਦਾ ਵਰਦਾਨ,
ਦਰ ਦਰ ਉੱਤੇ ਧੱਕੇ ਖਾਂਦਾ ਇਹ ਕਿਉਂ ਫਿਰਦਾ ਆਪ ?
ਅੱਜ ਕਲ ਲੋਕੀਂ ਪੀਈ ਜਾਂਦੇ ਦਾਰੂ ਪਾਣੀ ਵਾਂਗ,
ਭਾਵੇਂ ਥਾਂ-ਥਾਂ ਲਿਖਿਆ ਮਿਲਦਾ, 'ਦਾਰੂ ਪੀਣਾ ਪਾਪ।'
ਉਹ ਰੱਬ ਦੇ ਨਾਂ ਉੱਤੇ ਅੱਗ ਬਬੂਲਾ ਹੋ ਜਾਂਦਾ ਹੈ,
ਘਰ ਦੇ ਜਿਸ ਨੂੰ ਹਾਕਾਂ ਮਾਰਨ ਕਹਿ ਕਹਿ ਕੇ 'ਹਰਜਾਪ।'
ਮਹਿਲਾਂ ਵਾਲੇ ਦੋਸਤ ਤੇਰੇ , ਵੈਰੀ ਛੰਨਾਂ ਵਾਲੇ,
ਤੂੰ ਆਪੇ ਸੋਚ, ਤੇਰਾ ਮੇਰਾ ਹੋਊ ਕਿੰਜ ਮਿਲਾਪ ?

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ**
**9915803554**

## ਗਜ਼ਲ

ਕਿੰਝ ਕਰਦਾ ਕੋਈ ਸਧਰਾਂ
ਦਾ ਕਾਤਿਲੇਆਮ,
ਉਹ ਅੱਜ ਮੈਂ ਅੱਖੀਂ ਦੇਖਿਆ।
ਕਹਿ ਕੇ ਪਾਕ ਮੁਹੱਬਤ
ਤੇ ਹੁੰਦਾ ਬਲਾਤਕਾਰ ਮੈਂ ਦੇਖਿਆ,
ਰੱਬ ਬਣਾ ਕੇ ਬੈਠੀ ਸਾਂ ਮੈਂ ਜਿਸ ਨੂੰ,
ਉਹ ਰੱਬ ਰੂਪ ਨੂੰ
ਮੈਂ ਸ਼ੈਤਾਨ ਬਣਦੇ ਦੇਖਿਆ।
"ਰੂਹਦੀਪ" ਸਮਝ ਨਾ ਆਵੇ
ਮੈਂ ਜਾਵਾਂ ਮੈਂ ਕਿਧਰ ਨੂੰ,
ਆਪਣੇ ਹੀ ਹੱਥੀਂ
ਮੈਂ ਆਪਣਾ ਸਨਮਾਨ ਖੋਂਦੇ ਵੇਖਿਆ।
ਸੱਚ ਜਾਣੇ ਓ ਲੋਕੋਂ
ਹੁਣ ਵਿਸ਼ਵਾਸ ਨਾ ਰਿਹਾ ਏ,
ਪਿਆਰ ਦੇ ਨਾਮ ਤੇ ਧੋਖਾ ਹੁੰਦਾ ਦੇਖਿਆ।

**ਰੂਹਦੀਪ ਗੁਰੀ**

## ਮੁਲਾਕਾਤ

ਆ ਬੈਠ ਦਿਲਾ ਦੋ ਗੱਲਾਂ ਕਰੀਏ
ਮੁਲਾਕਾਤ 'ਚ ਤਨਹਾਈ ਸ਼ਾਮਿਲ ਕਰੀਏ
ਕੁਝ ਬੋਲ ਤੂ , ਕੁਝ ਮੈਂ ਸੁਣਾਵਾਂ
ਆ ਸਾਂਝ ਦੁੱਖ - ਸੁੱਖ ਦੀ ਪਾਈਏ
ਛਡ ਦੇਈਏ ਦੁਨੀਆਦਾਰੀ
ਛੱਡ ਦੇਈਏ ਲੋਭ ਤੇ ਹੰਕਾਰ ....
ਗੱਲਾਂ ਹੋਣ ਬਸ ਤੇਰੀਆਂ ਤੇ ਮੇਰੀਆਂ
ਨਾ ਹੋਈਏ ਮਤਲਬ ਦੇ ਸ਼ਿਕਾਰ
ਬੜੇ ਔਖੇ ਨੇ ਪਹਿਚਾਨਣੇ ਚਿਹਰੇ
ਜਿਹੜੇ ਵਿਚਰਦੇ ਵਿਚ ਸੰਸਾਰ
ਮੂੰਹ ਤੇ ਮਿੱਠੇ , ਵਾਰ ਪਿੱਠ ਪਿੱਛੇ
ਹੁਣ ਤੱਕ ਝੱਲੇ ਨੇ ਕਈ ਹਜ਼ਾਰ .......
ਚੱਲ ਵਹਿ ਜਾਈਏ ਯਾਦਾਂ ਦੇ ਸਾਗਰ ਵਿਚ
ਪਰੋ ਲਈਏ ਮਣਕੇ ਨਿੱਕੀਆਂ ਖੁਸ਼ੀਆਂ ਦੇ
ਨਾ ਹੋਈਆਂ ਜੋ ਪੂਰੀਆਂ ਖਵਾਹਿਸ਼ਾਂ
ਕਰਕੇ ਚੇਤੇ ਨਾ ਹੋ ਉਦਾਸ
ਸੱਚੇ ਦਿਲਾ ਛੱਡ ਸਭ ਉਸ ਪਰਬਰ
ਦੀਗਾਰ ......
ਚੱਲ ਮਾਣ ਲੈ ਜਿੰਦਗੀ ਕੁਝ ਪਲ
" ਪ੍ਰੀਤ " ਲਫਜ਼ਾਂ 'ਚ ਲੈ ਢਾਲ
ਰੰਗ - ਬਿਰੰਗੇ ਮਹਿਕਾਂ ਵੰਡਦੇ
ਫੁੱਲਾਂ ਵਾਂਗ, ਕਾਗਜ ਤੇ ਦੇ ਸਜਾ

**ਪ੍ਰੀਤ ਰਾਮਗੜ੍ਹੀਆ**
ਮੋਬਾਇਲ : +918427174139

## ਜ਼ਿੰਦਗੀ ਦਾ ਕੋਈ ਵੀ ਪਲ ਐਨਾ ਅਸਾਨ ਨਹੀਂ

ਜ਼ਿੰਦਗੀ ਦਾ ਕੋਈ ਵੀ ਪਲ ਐਨਾ ਅਸਾਨ ਨਹੀਂ,
ਦੁਨੀਆਂ ਦਾ ਹਰ ਬੰਦਾ ਨਵਾਂ ਮਹਿਮਾਨ ਨਹੀਂ।
ਕਈਂ ਪਿਛਲੀਆਂ ਯਾਦਾਂ ਦੇ ਬੁਲਾਏ ਆਏ ਨੇ,
ਕਈਆਂ ਨੇ ਦੁਨੀਆਂ ਤੇ ਨਵੇਂ ਅਲ੍ਹਣੇ ਪਾਏ ਨੇ।
ਭੀੜ ਭਰੀ ਦੁਨੀਆਂ 'ਚ ਕੋਈ ਰੂਹ ਦਾ ਸਾਥੀ ਨਹੀਂ,
ਤੁਰਦੇ-ਤੁਰਦੇ ਟੁੱਟ ਜਾਵੇਂ ਜ਼ਿੰਦਗੀ ਐਸੀ ਲਾਠੀ ਨਹੀਂ।
ਮਰਦੇ ਨੇ ਰਿਸ਼ਤਿਆਂ ਦੀ ਖਾਤਿਰ ਕੁਝ ਲੋਂਕ ਅਵੱਲੇ ਜਿਹੇ,
ਆਪਣਿਆਂ ਲਈ ਬਣਕੇ ਰਹਿੰਦੇ ਉਹ ਝੱਲੇ ਜਿਹੇ।
ਸੁਪਨੇ ਵੀ ਅੱਖਾਂ ਬੰਦ ਕਰਨ ਤੋਂ ਪਿੱਛੋ ਆਉਂਦੇ ਨੇ,
ਕੁੱਝ ਤਾਂ ਆਪਣਿਆਂ ਤੋਂ ਵੀ ਵੱਧ ਦਿਲ ਨੂੰ ਭਾਉਂਦੇ ਨੇ।
ਕੁਝ ਇਨਸਾਨ ਸਮਝਦੇ ਨਹੀਂ ਦਿਲਾਂ ਦੀਆਂ ਤਾਰਾਂ ਨੂੰ,
ਕਈਂ ਆ ਦੁਰਹਾਉਂਦੇ ਨੇ ਪੁਰਾਣੀਆਂ ਮਾਰਾਂ ਨੂੰ।
ਹਰ ਇੱਕ ਬਿਨ੍ਹਾਂ ਜ਼ਿੰਦਗੀ 'ਚ ਸਰ ਹੀ ਜਾਂਦਾ ਏ,
ਨਾ ਵੀ ਸਰੇ ਤਾਂ ਵੱਧ ਤੋਂ ਵੱਧ ਬੰਦਾ ਮਰ ਹੀ ਜਾਂਦਾ ਏ।
ਕਿਸੇ ਦੇ ਹੋਣ ਨਾ ਹੋਣ ਤੇ ਕਿਸ ਨੂੰ ਫ਼ਰਕ ਪੈਣਾ ਏ,
ਜ਼ਿੰਦਗੀ ਤਾਂ ਪਿਛਲੇ ਜਨਮ ਦਾ ਕੋਈ ਦੇਣਾ ਲੈਣਾ ਏ।
ਹੱਸ ਲੈ ਤੂੰ ਬੰਦਿਆਂ ਡੋਲੇ ਬੇਰ ਕਿਸੇ ਨੇ ਹੂੰਝਣੇ ਨਹੀਂ,
ਰੋ ਕੇ ਕੀ ਮਿਲਣਾ "ਹੈਪੀ" ਹੂੰਝ ਕਿਸੇ ਨੇ ਪੂੰਝਣੇ ਨਹੀਂ !

**ਹਰਪ੍ਰੀਤ ਹੈਪੀ**
**ਵੈਨਕੂਵਰ (ਕੈਨੇਡਾ)**

## .ਗਜ਼ਲ

ਦੇਖ ਲਿਆ ਹੈ ਦਿਲ ਜਲਾ ਕੇ।
ਨਾਲੇ ਅੱਥਰੂ ਵੀ ਟਪਕਾ ਕੇ।
ਚੰਗੀ ਸੱਜਣਾਂ ਪ੍ਰੀਤ ਨਿਭਾਈ,
ਰੁੱਸ ਗਿਐਂ ਦੁੱਖਾਂ ਵਿੱਚ ਪਾ ਕੇ।
ਅਸਾਂ ਬਥੇਰਾ ਰੋਕਿਆ ਤੈਨੂੰ,
ਚਲਾ ਗਿਆ ਤੂੰ ਬਾਂਹ ਛੁਡਾ ਕੇ।
ਹੁਣ ਵੀ ਕਿਧਰੇ ਮਿਲਦਾ ਏਂ ਤਾਂ,
ਲੰਘ ਜਾਵੇਂ ਤੂੰ ਅੱਖ ਬਚਾ ਕੇ।
ਏਨੇ ਕਹਿਰ ਨਾ ਕਰ ਅਸਾਂ 'ਤੇ ,
ਕੀ ਲਵੇਂਗਾ ਯਾਰ ਸਤਾ ਕੇ ?
ਬੜਾ ਤੂੰ ਜ਼ਾਲਮ ਏਂ ਬੇ-ਦਰਦੀ,
ਹਸਦਾ ਏਂ ਤੂੰ ਸੁਪਨੇ ਢਾਹ ਕੇ।
ਅਕਸ ਕਈ ਬਣ ਗਏ ਨੇ ਮੇਰੇ,
ਦੇਖ ਲਿਆ ਸ਼ੀਸ਼ਾ ਤਿੜਕਾ ਕੇ।
ਮੋਤੀ ਬਣ ਗਿਆ ਸਿਪ ਦਾ ਕੀੜਾ,
ਕਿਣਕੇ ਨਾਲ ਮੁਹੱਬਤ ਪਾ ਕੇ।
ਜਨਮ- ਜਨਮ ਤੇਰੇ ਨਾਮੇ ਕੀਤੇ,
ਭਾਵੇਂ ਦੇਖ ਲਈਂ ਅਜ਼ਮਾ ਕੇ।
' ਘੇਸਲ ' ਵੀ ਹੁਣ ਰੋਸ਼ਨ ਹੋਇਆ,
ਹੁਸਨ ਇਸ਼ਕ ਦੇ ਨਗਮੇਂ ਗਾ ਕੇ।

**ਕਸ਼ਮੀਰ ਘੇਸਲ** ਮੋ:94 63 65 60 47

## ਗਜ਼ਲ

ਪੇਕਿਆਂ ਨਾਲ ਮੇਰੀ ਸਾਂਝ ਬੜੀ ਸੀ,
ਮੈਂ ਵੀ ਇਹਨਾਂ ਸਿਰ ਖੜੀ ਸੀ,
ਚਿੱਟਾ ਖਾ ਗਿਆ ਚਿੱਟੀ ਜਵਾਨੀ,
ਸੱਧਰਾਂ,ਚਾਅ,ਸ਼ੌਕ ਹੰਝੂਆਂ ਚ ਖੁਰਗੇ,
ਸਾਰੀ ਦੁਨੀਆਂ ਦੇ ਦੁੱਖ ਮੈਨੂੰ ਮਿਲਗੇ,
ਪਤੀ ਤੇ ਭਾਈ ਨਸ਼ੇ ਚ ਦੁਨੀਆਂ ਤੋਂ ਤੁਰਗੇ,

ਬਾਪੂ ਵੀ ਮੁੱਢ ਤੋਂ ਬਿਮਾਰ ਰਹਿੰਦਾ ਸੀ,
ਸਿਰ ਓਹਦੇ ਕਰਜ਼ੇ ਦਾ ਭਾਰ ਰਹਿੰਦਾ ਸੀ,
ਮਾਂ ਚੰਦਰੀ ਨਿਆਣੀ ਨੂੰ ਛੱਡ ਗਈ,
ਰਿਸਤੇ ਆਪਣਿਆਂ ਨਾਲੋਂ ਜਲਦੀ ਭੁਰਗੇ,
ਸਾਰੀ ਦੁਨੀਆਂ ਦੇ ਦੁੱਖ ਮੈਨੂੰ ਮਿਲਗੇ,
ਪਤੀ ਤੇ ਭਾਈ ਨਸ਼ੇ ਚ ਦੁਨੀਆਂ ਤੋਂ ਤੁਰਗੇ,

ਪੜ੍ਹਾ ਲਿਖਾ ਬਾਬਲ ਮੇਰਾ ਵਿਆਹ ਕੀਤਾ,
ਜਿਸ ਲੜ ਲਾਈ ਓਹਨੇ ਤਬਾਹ ਕੀਤਾ,
ਹੁਣ ਨਾ ਪੇਕੇ ਨਾ ਸੋਹਰੇ ਸੁੱਖ ਮੱਖਣਾਂ,
ਸ਼ੇਰੋਂ ਮੇਰੇ ਦਿਲ ਦੇ ਅਰਮਾਨ ਉੱਜੜਗੇ,
ਸਾਰੀ ਦੁਨੀਆਂ ਦੇ ਦੁੱਖ ਮੈਨੂੰ ਮਿਲਗੇ,
ਪਤੀ ਤੇ ਭਾਈ ਨਸ਼ੇ ਚ ਦੁਨੀਆਂ ਤੋਂ ਤੁਰਗੇ,

**ਮੱਖਣ ਸ਼ੇਰੋਂ ਵਾਲਾ**
**ਸੰਪਰਕ** 98787-98726

## ਸੱਚੋ ਸੱਚ

ਉਹਨੇ ਸਮਾਂ ਬੀਤਦੇ ਬਦਲ ਜਾਣਾ,
ਹੋ ਤੇਰਾ ਜਾਣਾ ਕੰਘਾ ਏ।
ਉਹ ਨਾਰਦਮੁਨੀ ਦੀਆਂ ਕਿਸਮਾਂ 'ਚੋਂ,
ਤੂੰ ਕਿੱਥੋਂ ਲੈ ਲਿਆ ਪੰਗਾ ਏ।

ਉਹਨੇ ਟਿੱਭਿਆ ਕਿਸੇ ਨੂੰ ਲੱਭਣਾ ਨਹੀਂ,
ਉਹ ਛਿੰਭਾ ਤਿੱਤਰ ਫੰਘਾ ਏ।
ਜਦ ਅੱਗ ਲਾ ਡੱਬੂ ਕੰਧ ਚੜ੍ਹਿਆ,
ਤੇਰੇ ਗਲ਼ ਪੈ ਜਾਣਾ ਦੰਗਾ ਏ।

ਉਹਨੂੰ ਰੰਗ ਬਦਲਣੇ ਆਉਂਦੇ ਨੇ,
ਉਹ ਗਿਰਗਿਟ ਰੰਗ ਬਰੰਗਾ ਏ।
ਹੈ ਆਦਤ ਲਾਉਣ ਬੁਝਾਉਣ ਦੀ ਵੀ,
ਉਹ ਸਾਵਾਂ ਕੈਦੋਂ ਲੰਗਾ ਏ।

ਉਸ ਵਿੱਚੋਂ ਕੱਢਣੇ ਵਲ਼ ਔਖੇ,
ਉਹ ਭਿੱਜੇ ਮੰਜੇ ਦਾ ਸੰਘਾ ਏ।
ਭੱਜ ਕਿਹੜੀ ਭੱਜੇਂਗਾ ਵੱਟ 'ਭਗਤਾ',
ਉਹ ਇੱਟ ਖੰਘਰਾਂ ਦਾ ਖੜਵੰਜਾ ਏ।
- - - - -

**ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'**
604-751-1113 (ਕੈਨੇਡਾ)

## ਸ਼ੀਸ਼ੇ ਤਾਂ ਓਹੀ ਨੇ ਹੁਣ ਯਾਰੋ ਚਿਹਰੇ ਬਦਲ ਗਏ,

ਸ਼ੀਸ਼ੇ ਤਾਂ ਓਹੀ ਨੇ ਹੁਣ ਯਾਰੋ ਚਿਹਰੇ ਬਦਲ ਗਏ,
ਸ਼ੀਸ਼ੇ ਤਾਂ ਓਹੀ ਨੇ ਹੁਣ ਯਾਰੋ ਚਿਹਰੇ ਬਦਲ ਗਏ,
ਹਾਕਮ ਚੱਲੇ ਚਾਲਾਂ ਓਹੀ ਪਰ ਮੋਹਰੇ ਬਦਲ ਗਏ।
ਜੜ੍ਹੋ ਹਿਲੀ ਹੈ ਵਿਰਾਸਤ,ਪਛਮ ਦੀ ਚੱਲੀ ਹਨ੍ਹੇਰੀ,
ਖਾਣਾਂ,ਪਹਿਰਾਵਾਂ, ਪਰਿਵਾਰ ਤੇ ਬਨ੍ਹੇਰੇ ਬਦਲ ਗਏ।
ਮੈਂ ਅੱਜ ਵੀ ਸੱਚ ਦੀਆਂ ਰਾਹਵਾਂ ਦੀ ਧੂੜ ਫਿਰਾ ਫੱਕਦਾ,
ਪਰ ਸੁਣਿਆਂ ਏ ਸੱਜਣਾਂ ! ਹੁਣ ਰਾਹ ਤੇਰੇ ਬਦਲ ਗਏ।
ਉਹ ਵੀ ਸਮਾਂ ਸੀ ਜਦੋਂ ਸੱਚੀ ਸੋਹ ਭੁੱਲ ਕੇ ਨਾ ਖਾਂਦੇ ਸੀ,
ਰਿਸ਼ਤੇ ਨਾ ਰਹੇ ਉਹ, ਰਿਸ਼ਤੇ ਤੇਰੇ ਮੇਰੇ ਬਦਲ ਗਏ।
ਉਹ ਵੀ ਸਮਾਂ ਸੀ ਸੱਜਣਾਂ ਜਦ ਨ੍ਹੇਰਿਆਂ ਤੋਂ ਨਾ ਡਰਦੇ ਸੀ,
ਹੁਣ ਇਹ ਜੀਵਨ ਬਦਲਿਆ ਤੇ ਉਹ ਹਨ੍ਹੇਰੇ ਬਦਲ ਗਏ।
ਕੀਹਨੂੰ ਪੁੱਛੀਏ ਸੱਜਣਾਂ ਵੇ ! ਸੱਚ ਦੇ, ਸੱਚੇ ਸਿਰਨਾਵੇਂ,
ਗੁੰਗੇ ਹੋਏ ਨੇ ਫਰਿਸ਼ਤੇ , ਰਾਹ ਦਸੇਰੇ ਬਦਲ ਗਏ।
ਭੁੱਲਣ ਵਾਲਿਆਂ ਚੋਂ ਨਾਮ ਕੀ ਲੈਣਾ ਹੈ ਮਨਦੀਪ ਤੇਰਾ !
ਯਾਦ ਤਾਂ ਰੱਖਣ ਵਾਲੇ ਹੋਰ ਵੀ ਨੇ ਬਥੇਰੇ ਬਦਲ ਗਏ।

**ਮਨਦੀਪ ਗਿੱਲ ਧੜਾਕ**
9988111134

## ਕਵਿਤਾ

ਪਾਣੀ ਨੂੰ ਵੀ ਪਾਣੀ ਦੀ ਕਦੇ
ਪਿਆਸ ਤਾਂ ਲੱਗਦੀ ਹੋਣੀ ਏ...

ਰੁੱਖਾਂ ਨੂੰ ਵੀ ਹਵਾ ਕਦੇ
ਉਦਾਸ ਤਾਂ ਲੱਗਦੀ ਹੋਣੀ ਏ...

ਖੁੱਦ ਦੀ ਅੱਗ ਨਾਲ ਸੂਰਜ ਨੂੰ ਵੀ
ਤੱਪਸ਼ ਤਾਂ ਲੱਗਦੀ ਹੋਣੀ ਏ...

ਧਰਤੀ ਨੂੰ ਆਸਮਾਨ ਦੇ ਇਸ਼ਕ ਦੀ
ਹਵਸ਼ ਤਾਂ ਲੱਗਦੀ ਹੋਣੀ ਏ

ਰੰਗਾ ਨੂੰ ਵੀ ਕਦੇ ਰੰਗੀਨੀ
ਨਿਰਾਸ਼ ਤਾਂ ਲੱਗਦੀ ਹੋਣੀ ਏ...

ਟੁੱਟੇ ਅਰਮਾਨਾਂ ਨੂੰ ਖੁਵਾਇਸ਼
ਬੇ ਆਸ ਤਾਂ ਲੱਗਦੀ ਹੋਣੀ ਏ...

ਕਦੇ ਕਦੇ ਗ਼ਮਗੀਨ ਨੂੰ ਜ਼ਿੰਦਗੀ
ਬਨਵਾਸ ਤਾਂ ਲੱਗਦੀ ਹੋਣੀ ਏ...

ਫੁੱਲਾਂ ਨੂੰ ਵੀ ਰੁੱਤ ਬਹਾਰ ਦੀ
ਸੰਨਿਆਸ ਜੇਹੀ ਲੱਗਦੀ ਹੋਣੀ ਏ ...

ਖਿੜੀ ਧੁੱਪ ਨੂੰ ਚਾਂਦਨੀ ਰਾਤ ਦੀ
ਕਿਆਸ ਤਾਂ ਲੱਗਦੀ ਹੋਣੀ ਏ...

ਪਾਣੀ ਨੂੰ ਵੀ ਪਾਣੀ ਦੀ ਕਦੇ
ਪਿਆਸ ਤਾਂ ਲੱਗਦੀ ਹੋਣੀ ਏ...

**ਸਰਬਜੀਤ ਕੌਰ ਹਾਜੀਪੁਰ ਸ਼ਾਹਕੋਟ**

## ਤੇਰਾ ਅੰਤ ਕਿਸੇ ਨਾ ਪਾਇਆ

ਦਾਤਾਂ ਵੰਡਣ ਵਾਲੇ ਦਾਤੇ
ਕੈਸਾ ਖੇਡ ਰਚਾਇਆ ਹੈ ?
ਰਾਜ ਤਾਜ ਤੇ ਬਾਜ ਛੱਡ ਕੇ
ਜੰਗਲੀ ਡੇਰਾ ਲਾਹਿਆ ਹੈ
ਚਾਰੇ ਲਾਲ ਵਾਰ ਕੇ ਕੌਮ ਤੋਂ
ਸੀ ਨਾ ਕੀਤੀ ਦਾਤੇ ਨੇ
ਸਰਬੰਸ ਵਾਰ ਕੇ ਸਾਰਾ ਆਪਣਾ
ਕਹਿੰਦਾ ਕਿਸ਼ਤਾਂ 'ਚ ਕਰਜ਼ਾ ਲਾਹਿਆ ਹੈ
ਮਹਿਲਾਂ, ਕਿਲਿਆਂ ਦੇ ਮਾਲਕ ਕੋਲ
ਅੱਜ ਘੋੜਾ ਹੈ ਨਾ ਜੋੜਾ ਹੈ
ਪਾਟੇ ਕੱਪੜੇ ਨੰਗੇ ਪੈਰੀਂ
ਫਕੀਰੀ ਭੇਸ ਬਣਾਇਆ ਹੈ
ਦੋ ਜਹਾਨ ਵਾਲੀ ਦੇ
ਪੈਰੀਂ ਮਾਇਆ ਰੁਲਦੀ ਸੀ

ਸੂਲ-ਸੁਰਾਹੀ ਖੰਜਰ ਪਿਆਲਾ
ਅੱਜ ਓਹਦਾ ਸਰਮਾਇਆ ਹੈ
ਨੀਂਹਾਂ 'ਚ ਖੜ੍ਹੇ ਦੋ ਲਾਲ ਪਿਆਰੇ
ਮੌਤ ਖੜ੍ਹੀ ਸਿਰ 'ਤੇ ਵਾਜਾਂ ਮਾਰੇ
ਅਡੋਲ ਲਾਲ ਛੱਡਦੇ ਜੈਕਾਰੇ
ਕੋਈ ਡਰ ਨਾ ਨੇੜੇ ਆਇਆ ਹੈ
ਧਰਤੀ ਲਾਲੋ ਲਾਲ ਹੋਈ
ਜਿਥੇ ਲਹੂ ਡੁੱਲ੍ਹਿਆ ਲਾਲਾਂ ਦਾ
ਸੁਣ ਸ਼ਹੀਦੀ ਲਾਲਾਂ ਦੀ
ਕਹਿੰਦਾ, ਇਹ ਵੀ ਓਸੇ ਦੀ ਮਾਇਆ ਹੈ।
ਅੰਬਰ ਕੰਬਿਆ ਧਰਤੀ ਡੋਲੀ
ਸ਼ਹੀਦੀ ਸੁਣ ਮਾਸੂਮਾਂ ਦੀ
ਪਰ ਨਾ ਡੋਲਿਆ ਬਾਜ਼ਾਂ ਵਾਲਾ
ਉਹ ਕਿਹੜੀ ਮਾਂ ਦਾ ਜ਼ਾਇਆ ਹੈ ?

ਔਲਾਦ 'ਤੇ ਪੈ ਜਾਵੇ ਦੁੱਖ ਕਦੇ
ਤਾਂ ਬੰਦਾ ਪਾਗਲ ਹੋ ਜਾਂਦੈ
ਚਾਰੇ ਪੁੱਤਰ ਸ਼ਹੀਦ ਕਰਾ ਕੇ
ਚਾੜ੍ਹਿਆ ਰੂਪ ਸਵਾਇਆ ਹੈ।
ਅੰਮ੍ਰਿਤ ਬੂੰਦਾਂ ਪਾ ਕੇ ਮੂੰਹ ਵਿਚ
ਗਿੱਦੜੋ ਸ਼ੇਰ ਬਣਾ ਦਿੱਤੇ
ਹੱਥੀਂ ਤੇਗ ਫੜਾ ਸਿੰਘਾਂ ਦੇ ,
ਸਵਾ ਲੱਖ ਨਾਲ ਇਕ ਲੜਾਇਆ ਹੈ।
ਤੇਗਾਂ ਦੇ ਜੰਗਲ 'ਚੋਂ 'ਚਮਕ',
ਤਾੜੀ ਮਾਰ ਕੇ ਲੰਘ ਆਇਆ
ਵਾਹ ਓ ਸਰਬੰਸ ਦਾਨੀਆਂ,
ਤੇਰਾ ਅੰਤ ਕਿਸੇ ਨਾ ਪਾਇਆ ਹੈ ।

**ਹਰੀ ਸਿੰਘ 'ਚਮਕ'**
ਮੋ: 93178-31521



ਡਾ. ਦੀਪਾਲੀ ਗੁਲ



**ਇਸ ਬਿਮਾਰੀ ਵਿਚ ਮਰੀਜ਼ ਲਈ ਅਸਲੀ ਅਤੇ ਖਿਆਲੀ ਮਹਿਸੂਸੀਅਤ ਵਿਚ ਫਰਕ ਕਰਨਾ ਮੁਸ਼ਕਲ ਹੁੰਦਾ ਹੈ। ਮਰੀਜ਼ ਠੀਕ ਤਰ੍ਹਾਂ ਨਾਲ ਸੋਚ ਨਹੀਂ ਸਕਦਾ, ਮਹਿਸੂਸ ਨਹੀਂ ਕਰ ਸਕਦਾ...**



## ਗੰਭੀਰ ਮਾਨਸਿਕ ਰੋਗ

# ਸਿਜ਼ੋਫ੍ਰੇਨੀਆ

ਇਕ 35 ਸਾਲਾ ਕੰਪਿਊਟਰ ਪ੍ਰੋਫੈਸ਼ਨਲ ਨੇ ਆਪਣੀ ਪਤਨੀ ਨੂੰ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਮਾਰ ਦਿੱਤਾ। ਗੁਆਂਢੀਆਂ ਨੇ ਦੱਸਿਆ ਕਿ ਫੌਰੀ ਤੌਰ ’ਤੇ ਕਿਸੇ ਕਿਸਮ ਦੀ ਭੜਕਾਹਟ ਨਹੀਂ ਸੀ। ਪੁਲਸ ਦੀ ਪੁੱਛਗਿੱਛ ਵਿਚ ਉਸਨੇ ਆਪਣਾ ਜੁਰਮ ਕਬੂਲ ਕਰ ਲਿਆ ਅਤੇ ਇਸ ਤਰ੍ਹਾਂ ਆਪਣੀ ਪਤਨੀ ਨੂੰ ਮਾਰਨ ਪਿੱਛੇ ਅਜੀਬ ਕਿਸਮ ਦਾ ਕਾਰਨ ਦੱਸਦੇ ਹੋਏ ਅਜੀਬੋ ਗਰੀਬ ਵਿਸਥਾਰ ਨਾਲ ਦੱਸਿਆ। ਉਸ ਨੇ ਕਿਹਾ ਕਿ ਉਹ ਆਵਾਜ਼ਾਂ ਸੁਣ ਰਿਹਾ ਸੀ ਕਿ ਉਹ ਆਪਣੀ ਪਤਨੀ ਨੂੰ ਮਾਰ ਦੇਵੇ ਜਾਂ ਫਿਰ ਉਸਦਾ ਸਿਰ ਟੁਕੜਿਆਂ ਵਿਚ ਚਕਨਾਚੂਰ ਹੋ ਜਾਵੇਗਾ। ਉਸਨੇ ਇਨ੍ਹਾਂ ਆਵਾਜ਼ਾਂ ਨੂੰ ਅਣਸੁਣਿਆ ਰੱਖਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਇਹ ਆਵਾਜ਼ਾਂ ਹਰ ਦਿਨ ਹੋਰ ਉੱਚੀਆਂ ਅਤੇ ਇਨ੍ਹਾਂ ਆਵਾਜ਼ਾਂ ਦੀ ਲਗਾਤਾਰਤਾ ਵੱਧਦੀ ਗਈ। ਆਖਰਕਾਰ ਉਸ ਕੋਲ ਇਨ੍ਹਾਂ ਆਵਾਜ਼ਾਂ ਦੇ ਹੁਕਮ ਮੰਨਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਇਕ 29 ਸਾਲਾ ਡਾਕਟਰ ਜਿਸਨੇ ਆਪਣੇ ਕਮਰੇ ਤੋਂ ਬਾਹਰ ਆਉਣ ਲਈ ਮਨ੍ਹਾ ਕਰ ਦਿੱਤਾ, ਮਨੋਰੋਗ ਯੂਨਿਟ ਵਿਚ ਦਾਖਲੇ ਲਈ ਲਿਆਂਦਾ ਗਿਆ। ਪਿਛਲੇ ਤਿੰਨ ਸਾਲਾਂ ਤੋਂ ਉਹ ਨਹਾਉਂਦਾ ਨਹੀਂ ਸੀ ਅਤੇ ਹਫਤਿਆਂ ਤੱਕ ਆਪਣੇ ਕੱਪੜੇ ਵੀ ਨਹੀਂ ਸੀ ਬਦਲਦਾ। ਉਹ ਪਖਾਨਾ ਵਗੈਰਾ ਵੀ ਕਮਰੇ ਦੇ ਫਰਸ਼ ਉੱਤੇ ਹੀ ਕਰ ਦਿੰਦਾ ਸੀ ਜਦੋਂ ਕਿ ਇਸ ਕੰਮ ਲਈ ਗੁਸਲਖਾਨਾ ਕੁਝ ਹੀ ਫੁੱਟ ਦੀ ਦੂਰੀ ’ਤੇ ਸੀ। ਉਸਨੂੰ ਖਾਣ ਲਈ ਦਿੱਤੇ ਆਂਡੇ ਵੀ ਅਕਸਰ ਉਹ ਤੋੜ ਦਿੰਦਾ ਸੀ, ਪੀਣ ਲਈ ਕੇਵਲ ਮਿਨਰਲ ਪਾਣੀ ਨੂੰ ਹੀ ਪਸੰਦ ਕਰਦਾ ਸੀ, ਕਿਉਂਕਿ ਉਸਨੂੰ ਇਹ ਸ਼ੱਕ ਸੀ ਕਿ ਉਸਦੇ ਪਰਿਵਾਰ ਵਾਲੇ ਉਸਨੂੰ ਮਾਰਨ ਲਈ ਖਾਸ ਤਰਕੀਬ ਘੜ੍ਹ ਰਹੇ ਹਨ।ਇਹ ਘਟਨਾਵਾਂ ਸਿਰਫ ਡਰਾਉਣ ਵਾਲੀਆਂ ਨਹੀਂ ਸਗੋਂ ਇਕ ਭਿਆਨਕ ਮਨੋਰੋਗ ਹੈ, ਜਿਸਨੂੰ ਸਿਜ਼ੋਫ੍ਰੇਨੀਆ ਕਿਹਾ ਜਾਂਦਾ ਹੈ।

**ਸਿਜ਼ੋਫ੍ਰੇਨੀਆ ਕੀ ਹੈ?**

ਸਿਜ਼ੋਫ੍ਰੇਨੀਆ ਇਕ ਲਾਤੀਨੀ ਭਾਸ਼ਾ ਦਾ ਸ਼ਬਦ ਹੈ। ਇਸ ਬਿਮਾਰੀ ਵਿਚ ਇਨਸਾਨ ਕਿਸ ਤਰ੍ਹਾਂ ਸੋਚਦਾ ਹੈ ਅਤੇ ਕਿਸ ਤਰ੍ਹਾਂ ਨਾਲ ਮਹਿਸੂਸ



ਕਰਦਾ ਹੈ ਅਤੇ ਸਮਾਜ ਵਿਚ ਕਿਵੇਂ ਵਿਚਰਦਾ ਤੇ ਮਰੀਜ਼ ਲਈ ਅਸਲੀ ਅਤੇ ਖਿਆਲੀ ਮਹਿਸੂਸੀਅਤ ਵਿਚ ਫਰਕ ਕਰਨਾ ਮੁਸ਼ਕਲ ਹੁੰਦਾ ਹੈ। ਮਰੀਜ਼ ਠੀਕ ਤਰ੍ਹਾਂ ਨਾਲ ਸੋਚ ਨਹੀਂ ਸਕਦਾ, ਮਹਿਸੂਸ ਨਹੀਂ ਕਰ ਸਕਦਾ ਅਤੇ ਠੀਕ ਢੰਗ ਨਾਲ ਵਿਚਰ ਨਹੀਂ ਸਕਦਾ। ਇਸ ਮਨੋਰੋਗ ਤੋਂ ਪੀੜਤ ਵਿਅਕਤੀ ਆਪਣੇ ਅੰਦਰ ਤੋਂ ਆਵਾਜ਼ਾਂ ਮਹਿਸੂਸ ਕਰਦਾ ਹੈ ਜੋ ਕਿ ਦੂਸਰਿਆਂ ਨੂੰ ਸੁਣਾਈ ਨਹੀਂ ਦਿੰਦੀਆਂ ਅਤੇ ਅਕਸਰ ਉਸਨੂੰ ਉਹ ਚੀਜ਼ਾਂ ਦਿਖਾਈ ਦਿੰਦੀਆਂ ਹਨ ਜੋ ਕਿ ਅਸਲ ਵਿਚ ਹੁੰਦੀਆਂ ਹੀ ਨਹੀਂ। ਸਿਜ਼ੋਫ੍ਰੇਨੀਆ ਕਿਸਨੂੰ ਹੋ ਸਕਦਾ ਹੈ?ਆਦਮੀਆਂ ਅਤੇ ਔਰਤਾਂ ਨੂੰ ਇਸ ਬਿਮਾਰੀ ਹੋਣ ਦਾ ਖਦਸ਼ਾ ਇਕੋ ਜਿਹਾ ਹੈ। ਆਦਮੀਆਂ ਵਿਚ 15-30 ਸਾਲ ਦੀ ਉਮਰ ਦੇ ਦਰਮਿਆਨ ਅਤੇ ਔਰਤਾਂ 25-30 ਸਾਲ ਦੀ ਉਮਰ ਦੇ ਦਰਮਿਆਨ ਇਸ ਬਿਮਾਰੀ ਦੀ ਲਪੇਟਵਿਚ ਆ ਸਕਦੀਆਂ ਹਨ। ਆਮ ਤੌਰ’ਤੇ 100 ਪਿੱਛੇ ਇਕ ਵਿਅਕਤੀ ਇਸਦੇ ਅਸਰ ਹੇਠ ਆ ਸਕਦਾ ਹੈ।

**ਸਿਜ਼ੋਫ੍ਰੇਨੀਆ ਹੋਣ ਦੇ ਕੀ ਕਾਰਨ ਹਨ?**

ਇਸ ਬਿਮਾਰੀ ਦੇ ਕਈ ਕਾਰਨ ਹੋ ਸਕਦੇ ਹਨ। ਦਿਮਾਗ ਵਿਚਲੇ ਨਿਊਰੋ-ਟਰਾਂਸਮਿਟਰਜ਼ ਜਿਵੇਂ ਕਿ ਡੋਪਾਮੀਨ, ਗਲੂਟਾਮੇਟ ਦੇ ਰਸਾਇਣ ਤੱਤਾਂ ਦਾ ਸਹੀ ਅਨੁਪਾਤ ਵਿਚ ਨਾ ਹੋਣਾ।





# ਨਹੀਂ ਬਦਲੀ ਔਰਤ ਦੀ ਹੋਣੀ



ਹਰ ਸਾਲ 8 ਮਾਰਚ ਨੂੰ ਔਰਤਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਮਰਪਿਤ ਔਰਤ ਦਿਵਸ ਮਨਾਇਆ ਜਾਂਦਾ ਹੈ, ਪਰ ਸਤਿਯੁਗ ਦੀ ਸੀਤਾ ਮਾਤਾ ਤੋਂ ਲੈ ਕੇ 2017 ਤਕ ਔਰਤਾਂ 'ਤੇ ਹੁੰਦੇ ਜ਼ੁਲਮ ਰੁਕਣ ਦਾ ਨਾਮ ਨਹੀਂ ਲੈ ਰਹੇ। ਜ਼ੁਲਮ ਦਾ ਰੂਪ ਬਦਲਿਆ ਹੈ, ਪਰ ਇਸ ਦੀ ਮੌਜੂਦਗੀ ਬਰਕਰਾਰ ਹੈ। ਪੁਰਾਤਨ ਸਮੇਂ ਤੋਂ ਹਰ ਵੰਸ਼ ਦੇ ਰਾਜਿਆਂ ਨੇ ਔਰਤਾਂ ਦਾ ਪੂਰਾ ਸ਼ੋਸ਼ਣ ਕੀਤਾ ਹੈ। ਜਿਸ ਰਾਜੇ ਦੀ ਜੰਗ ਵਿੱਚ ਹਾਰ ਹੁੰਦੀ ਸੀ, ਉਹ ਜਿੱਤੇ ਹੋਏ ਰਾਜੇ ਨੂੰ ਧਨ ਦੌਲਤ ਅਤੇ ਤੋਹਫ਼ੇ ਦਿੰਦਾ ਸੀ। ਇਨ੍ਹਾਂ ਤੋਹਫ਼ਿਆਂ ਵਿੱਚ ਔਰਤਾਂ ਵੀ ਦਿੱਤੀਆਂ ਜਾਂਦੀਆਂ ਸਨ। ਸੰਧੀਆਂ ਸਮਝੌਤੇ ਪੱਕੇ ਕਰਨ ਲਈ ਆਪਣੀਆਂ ਧੀਆਂ ਰਾਜੇ ਨਾਲ ਵਿਆਹ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਰਾਜਿਆਂ ਦੇ ਹਰਮ ਵਿੱਚ ਹਜ਼ਾਰਾਂ ਔਰਤਾਂ ਇਕੱਠੀਆਂ ਹੋ ਜਾਂਦੀਆਂ ਸਨ।

ਮੁਗ਼ਲ ਰਾਜੇ ਅਕਬਰ ਦੇ ਹਰਮ ਵਿੱਚ 5000 ਔਰਤਾਂ ਸਨ। ਰਾਜਾ ਤੇ ਉਸਦੇ ਦਰਬਾਰੀ ਅਹਿਲਕਾਰ ਇਨ੍ਹਾਂ ਔਰਤਾਂ ਦਾ ਸ਼ੋਸ਼ਣ ਕਰਦੇ ਸਨ। ਮੁਗ਼ਲ-ਰਾਜਪੂਤ ਯੁੱਧਾਂ ਸਮੇਂ ਰਾਜਪੂਤ ਔਰਤਾਂ ਇਸ ਤਰ੍ਹਾਂ ਦੇ ਅਪਮਾਨ ਤੋਂ ਬਚਣ ਲਈ ਬੱਚਿਆਂ ਸਮੇਤ ਸਮੂਹਿਕ ਰੂਪ ਵਿੱਚ ਅੱਗ ਦੇ ਇੱਕ ਵੱਡੇ ਕੁੰਡ ਵਿੱਚ ਕੁੱਦ ਕੇ ਆਤਮ ਹੱਤਿਆ ਕਰ ਲੈਂਦੀਆਂ ਸਨ। ਇਸ ਨੂੰ ਜੌਹਰ ਪ੍ਰਥਾ ਕਿਹਾ ਜਾਂਦਾ ਸੀ। ਚਿਤੌੜ ਦੇ ਕਿਲੇ ਵਿੱਚ 3 ਵਾਰੀ ਜੌਹਰ ਹੋਏ। ਫ਼ਿਰੋਜ਼ ਸ਼ਾਹ ਤੁਗ਼ਲਕ ਅਤੇ ਅਲਾਉਦੀਨ ਖ਼ਿਲਜੀ ਦੇ ਸਮੇਂ ਵੀ ਜੌਹਰ ਹੋਏ।

ਮਹਾਰਾਜਾ ਰਜਿੰਦਰ ਸਿੰਘ ਤੇ ਭੁਪਿੰਦਰ ਸਿੰਘ ਪਟਿਆਲਾ ਦੇ ਹਰਮ ਵਿੱਚ ਕ੍ਰਮਵਾਰ 365 ਤੇ 350 ਔਰਤਾਂ ਸਨ।

ਔਰਤਾਂ ਉੱਤੇ ਹੁੰਦੇ ਇਨ੍ਹਾਂ ਜ਼ੁਲਮਾਂ ਤੋਂ ਬਚਣ ਲਈ ਪਰਦਾ ਪ੍ਰਥਾ ਦਾ ਆਰੰਭ ਹੋਇਆ। ਇਹ ਪ੍ਰਥਾ ਮੁਸਲਮਾਨਾਂ ਦੀ ਦੇਣ ਹੈ। ਮੁਗ਼ਲ ਸ਼ਾਸਕਾਂ ਦੇ ਜ਼ੁਲਮਾਂ ਕਰਕੇ ਇਹ ਪ੍ਰਥਾ ਪ੍ਰਚੱਲਿਤ ਹੋਈ। ਰਾਜਪੂਤ ਔਰਤਾਂ ਵਿੱਚ ਇਹ ਪ੍ਰਥਾ ਬਹੁਤ ਪ੍ਰਚੱਲਿਤ ਰਹੀ ਹੈ ਤੇ ਅੱਜ ਵੀ ਦੇਖੀ ਜਾ ਸਕਦੀ ਹੈ। ਸਦੀਆਂ ਤੋਂ ਭਾਰਤ ਵਿੱਚ ਸਤੀ ਪ੍ਰਥਾ ਵਰਗੀ ਅਣਮਨੁੱਖੀ ਪ੍ਰਥਾ ਚਲਦੀ ਰਹੀ ਹੈ। ਦੱਖਣੀ ਭਾਰਤ ਵਿੱਚ ਦੇਵਦਾਸੀ ਪ੍ਰਥਾ ਪ੍ਰਚੱਲਿਤ ਹੈ। ਇਸ ਪ੍ਰਥਾ ਅਧੀਨ 12-13 ਸਾਲ ਦੀਆਂ ਲੜਕੀਆਂ ਨੂੰ ਮੰਦਰ ਵਿੱਚ ਅਰਪਣ ਕਰ ਦਿੱਤਾ ਜਾਂਦਾ ਹੈ। ਉੱਥੇ ਪੁਜਾਰੀ ਤੇ ਅਮੀਰ ਲੋਕ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਦੇ ਹਨ।

ਦਹੇਜ ਪ੍ਰਥਾ ਹਮੇਸ਼ਾਂ ਤੋਂ ਹੀ ਭਾਰਤੀ ਸਮਾਜ ਵਿੱਚ ਵਿਸ਼ੇਸ਼ ਥਾਂ ਰੱਖਦੀ ਹੈ। ਭਾਰਤ ਵਿੱਚ ਹਰ ਦਿਨ 80 ਤੋਂ 90 ਔਰਤਾਂ ਨਾਲ ਬਲਾਤਕਾਰ ਦੇ ਮਾਮਲੇ ਸਾਹਮਣੇ ਆਉਂਦੇ ਹਨ ਅਤੇ ਜ਼ਿਆਦਾਤਰ ਮਾਮਲੇ ਦਰਜ ਹੀ ਨਹੀਂ ਕਰਵਾਏ ਜਾਂਦੇ। ਹੁਣ ਵਹਿਸ਼ੀਅਤ ਇਸ ਮੁਕਾਮ 'ਤੇ ਪੁੱਜ ਚੁੱਕੀ ਹੈ ਕੇ 3-4 ਮਹੀਨਿਆਂ ਦੀਆਂ ਨਵਜੰਮੀਆਂ ਬੱਚੀਆਂ ਤੇ ਮ੍ਰਿਤਕ ਸਰੀਰਾਂ ਨੂੰ ਇਸਦਾ ਸ਼ਿਕਾਰ ਬਣਾਇਆ ਜਾਣ ਲੱਗਾ ਹੈ। ਦਸੰਬਰ 2015 ਵਿੱਚ ਉੱਤਰ ਪ੍ਰਦੇਸ਼ ਦੇ ਆਸਿਫ਼ ਨਗਲਾ ਪਿੰਡ ਵਿੱਚ 28 ਦਿਨ ਦੀ ਬੱਚੀ ਨਾਲ ਬਲਾਤਕਾਰ ਹੋਇਆ। ਜਨਵਰੀ 2016 ਵਿੱਚ ਗਾਜ਼ੀਆਬਾਦ ਵਿੱਚ 26 ਸਾਲ ਔਰਤ ਨੂੰ ਜਿਸਦੀ ਇੱਕ ਦਿਨ ਪਹਿਲਾਂ ਮੌਤ ਹੋਈ ਸੀ, ਉਸ ਨੂੰ ਕਬਰ ਵਿੱਚੋਂ ਕੱਢ ਕੇ ਬਲਾਤਕਾਰ ਕੀਤਾ ਗਿਆ।

ਜਦੋਂ ਵੀ ਕਿਤੇ ਦੰਗੇ ਫ਼ਸਾਦ ਹੁੰਦੇ ਹਨ ਔਰਤਾਂ ਨਾਲ ਦਰਿੰਦਗੀ ਜ਼ਰੂਰ ਹੁੰਦੀ ਹੈ। ਦੇਸ਼ ਦੀ ਵੰਡ ਸਮੇਂ, '84 ਦੇ ਦੰਗਿਆਂ ਸਮੇਂ, ਗੁਜਰਾਤ ਅਤੇ ਮੁਜ਼ੱਫਰਨਗਰ ਦੇ ਦੰਗਿਆਂ ਸਮੇਂ ਔਰਤਾਂ ਦੀ ਬਹੁਤ ਬੇਪਤੀ ਹੋਈ। ਕੁਝ ਮਹੀਨੇ ਪਹਿਲਾਂ ਹਰਿਆਣਾ ਵਿੱਚ ਹੋਇਆ ਜਾਟ ਅੰਦੋਲਨ ਇਸਦੀ ਤਾਜ਼ਾ ਉਦਾਹਰਣ ਹੈ।

ਸਤੀ ਪ੍ਰਥਾ ਨੂੰ ਠੱਲ ਪਏ ਜ਼ਿਆਦਾ ਸਮਾਂ ਨਹੀਂ ਹੋਇਆ, ਪਰ ਹੁਣ ਤੇਜ਼ਾਬ ਪਾ ਕੇ ਔਰਤਾਂ ਨੂੰ ਸਾੜਿਆ ਜਾਣ ਲੱਗਾ ਹੈ। 'ਐਸਿਡ ਸਰਵਾਈਵਰ ਟਰੱਸਟ ਇੰਟਰਨੈਸ਼ਨਲ' ਮੁਤਾਬਿਕ ਦੁਨੀਆਂ ਵਿੱਚ ਹਰ ਸਾਲ ਤੇਜ਼ਾਬ ਸੁੱਟਣ ਦੇ 1,500 ਮਾਮਲੇ ਵਾਪਰਦੇ ਹਨ ਜਿਨ੍ਹਾਂ ਵਿੱਚੋਂ 1000 ਸਿਰਫ਼ ਭਾਰਤ ਵਿੱਚ ਹੁੰਦੇ ਹਨ।

ਭਾਰਤੀ ਮਾਂ ਬਾਪ ਲੜਕੀ ਦੇ ਵਿਆਹ ਸਮੇਂ ਬਹੁਤ ਕਰਜ਼ਾ ਲੈ ਲੈਂਦੇ ਹਨ, ਪਰ ਜਾਇਦਾਦ ਵਿੱਚੋਂ ਉਸ ਨੂੰ ਇੱਕ ਤੀਲਾ ਦੇ ਕੇ ਰਾਜ਼ੀ ਨਹੀਂ ਹਨ। ਜੇਕਰ ਕੋਈ ਔਰਤ ਬਾਪ ਦੀ ਜਾਇਦਾਦ ਵਿੱਚੋਂ ਕੁਝ ਹਿੱਸਾ ਲੈਂਦੀ ਵੀ ਹੈ ਤਾਂ ਸਮਾਜ ਵਿੱਚ ਉਸ ਨੂੰ ਤ੍ਰਿਸਕਾਰਿਆ ਜਾਂਦਾ ਹੈ। ਉਸ ਨੂੰ ਨਾ ਹੀ ਸਹੁਰੇ ਘਰ ਦੀ ਜਾਇਦਾਦ ਵਿੱਚੋਂ ਕੋਈ ਹੱਕ ਮਿਲਦਾ ਹੈ ਨਾ ਹੀ ਪੇਕਿਆਂ ਦੀ ਵਿੱਚੋਂ।

ਭਾਰਤੀ ਸਮਾਜ ਵਿੱਚ ਲੜਕੀ ਨੂੰ ਆਪਣਾ ਜੀਵਨ ਸਾਥੀ ਆਪ ਚੁਣਨ ਦਾ ਅਧਿਕਾਰ ਵੀ ਸੰਪੂਰਨ ਤੌਰ 'ਤੇ ਨਹੀਂ ਹੈ। ਜੇਕਰ ਉਹ ਆਪਣੀ ਮਰਜ਼ੀ ਨਾਲ ਵਿਆਹ ਕਰਾਉਂਦੀ ਹੈ ਜਾਂ ਕਰਾਉਣਾ ਚਾਹੁੰਦੀ ਹੈ ਤਾਂ ਇੱਜ਼ਤ ਦੇ ਨਾਮ ਉੱਤੇ ਦੋਹਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਅਣਖ ਲਈ ਕਤਲ ਹਿੰਦੂ, ਸਿੱਖ ਤੇ ਮੁਸਲਮਾਨ ਤਿੰਨੋਂ ਕੌਮਾਂ ਵਿੱਚ ਆਮ ਗੱਲ ਹੈ। ਹਰ ਸਾਲ ਦੁਨੀਆਂ ਵਿੱਚ ਅਣਖ ਲਈ ਕਤਲ ਵਿੱਚ 5000 ਮਾਮਲੇ ਦਰਜ ਹੁੰਦੇ ਹਨ ਜਿਨ੍ਹਾਂ ਵਿੱਚੋਂ 1000 ਇਕੱਲੇ ਭਾਰਤ ਵਿੱਚ ਹੀ ਹੁੰਦੇ ਹਨ।

ਅਜਿਹੀਆਂ ਘਟਨਾਵਾਂ ਤੋਂ ਜ਼ਾਹਿਰ ਹੈ ਕਿ ਕੌਣ ਬੇਟੀ ਪੈਦਾ ਕਰਨਾ ਚਾਹੇਗਾ? ਇਸ ਲਈ ਨਵਜੰਮੀ ਬੱਚੀ ਨੂੰ ਮਾਰਨ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਤਰੀਕੇ ਪ੍ਰਚੱਲਿਤ ਰਹੇ ਹਨ। ਪੁਰਾਤਨ ਸਮੇਂ ਵਿੱਚ ਕੁਝ ਨਿਸ਼ਾਨੀਆਂ ਤੋਂ ਗਰਭ ਵਿਚਲੇ ਬੱਚੇ ਦੇ ਲਿੰਗ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ। ਜੇਕਰ ਕੁੜੀ ਦੀਆਂ ਨਿਸ਼ਾਨੀਆਂ ਪ੍ਰਗਟ ਹੁੰਦੀਆਂ ਸਨ ਤਾਂ ਮਾਂ ਦੇ ਪੇਟ ਨੂੰ ਕੁੱਟ-ਕੁੱਟ ਕੇ ਬੱਚਾ ਮਾਰ ਦਿੱਤਾ ਜਾਂਦਾ ਸੀ। ਫਿਰ ਵਿਗਿਆਨ ਨੇ ਵਿਕਾਸ ਕੀਤਾ ਅਤੇ ਅਲਟਰਾ ਸਾਊਂਡ ਤਕਨੀਕ ਦੀ ਵਰਤੋਂ ਵੱਡੇ ਪੱਧਰ ਉੱਤੇ ਬੱਚੇ ਦਾ ਲਿੰਗ ਪਤਾ ਕਰਨ ਲਈ ਹੋਣ ਲੱਗੀ। ਜਿਸਦੇ ਚਲਦੇ 1994 ਵਿੱਚ ਸਰਕਾਰ ਨੇ ਇਸ ਵਿਰੁੱਧ ਕਾਨੂੰਨ ਬਣਾਇਆ। ਪਰ ਅੱਜ ਵੀ ਇਸ ਦੀ ਵਰਤੋਂ ਕੰਨਿਆ ਭਰੁਣ ਹੱਤਿਆ ਲਈ ਵੱਡੇ ਪੱਧਰ ਉੱਤੇ ਕੀਤੀ ਜਾਂਦੀ ਹੈ।

ਭਾਰਤ ਵਿੱਚ 70 ਫ਼ੀਸਦੀ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਬਣਦੀਆਂ ਹਨ। ਹਿੰਸਾ ਦਾ ਸ਼ਿਕਾਰ ਸਿਰਫ਼ ਪਤਨੀ ਹੀ ਨਹੀਂ ਬਲਕਿ ਘਰ ਦੀ ਹਰ ਔਰਤ ਹੁੰਦੀ ਹੈ। ਮਰਦ ਆਪਣੇ ਜਾਇਜ਼ ਨਾਜਾਇਜ਼ ਹੁਕਮ ਉਨ੍ਹਾਂ ਉੱਤੇ ਥੋਪਦੇ ਹਨ। ਸੁਰੱਖਿਆ ਦੇ ਨਾਮ ਉੱਤੇ ਉਨ੍ਹਾਂ ਦੀ ਆਜ਼ਾਦੀ ਦੀ ਬਲੀ ਦਿੱਤੀ ਜਾਂਦੀ ਹੈ। ਇਸ ਕਾਰਨ ਉਨ੍ਹਾਂ ਦੀ ਪੜ੍ਹਾਈ, ਵੱਖ-ਵੱਖ ਯੋਗਤਾਵਾਂ, ਹੁਨਰ ਅਤੇ ਸੁਪਨੇ ਘਰ ਅੰਦਰ ਹੀ ਦਮ ਤੋੜ ਜਾਂਦੇ ਹਨ।

ਇਹ ਸਿਰਫ਼ ਭਾਰਤ ਵਿੱਚ ਔਰਤਾਂ ਦੀ ਹਾਲਤ ਦਾ ਸੰਖੇਪ ਜਿਹਾ ਵਰਨਣ ਹੈ। ਜੇਕਰ ਸਾਰੀ ਦੁਨੀਆਂ ਵਿੱਚ ਔਰਤਾਂ ਦੀ ਹਾਲਤ ਬਿਆਨ ਕਰਨੀ ਹੋਵੇ ਤਾਂ ਇਸ ਤੋਂ ਵੀ ਡਰਾਉਣੀ ਹਕੀਕਤ ਸਾਹਮਣੇ ਆਏਗੀ। ਅੰਤ ਵਿੱਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਹਰ ਪੱਖੋਂ ਵਿਕਾਸ ਕਰਨ ਹੋਣ ਨਾਲ ਔਰਤਾਂ 'ਤੇ ਜ਼ੁਲਮ ਕਰਨ ਦੇ ਵੀ ਨਵੇਂ ਢੰਗ ਵਿਕਸਤ ਹੋ ਗਏ ਹਨ।

**ਸ਼ਮਿੰਦਰ ਕੌਰ**
shaminderbrar83@gmail.com



# ਸਿਆਸਤ 'ਚੋਂ ਕਿੱਧਰ ਗਈ ਨੈਤਿਕਤਾ?

**ਰਾਗਿਨੀ ਜੋਸ਼ੀ**
78146-68387

ਬਚਪਨ ਤੋਂ ਹੀ ਰਾਜਨੀਤਕ ਮਾਮਲਿਆਂ ਅਤੇ ਵੱਖੋ-ਵੱਖਰੀਆਂ ਪਾਰਟੀਆਂ ਦੀਆਂ ਵਿਚਾਰਧਾਰਾਵਾਂ ਬਾਰੇ ਜਾਣਕਾਰੀ ਰੱਖਣ ਦਾ ਸ਼ੌਕ ਸੀ। ਮੇਰੀ ਇਸ ਦਿਲਚਸਪੀ ਵਿੱਚ ਉਸ ਸਮੇਂ ਵਾਧਾ ਹੋਇਆ ਜਦੋਂ ਮੇਰੇ ਮਾਮਾ ਜੀ ਸਾਡੇ ਕੋਲ ਰਹਿਣ ਆਏ। ਉਹ ਵੀ ਰਾਜਨੀਤਿਕ ਮਾਮਲਿਆਂ ਵਿੱਚ ਬਹੁਤ ਦਿਲਚਸਪੀ ਲੈਂਦੇ ਸਨ। ਉਨ੍ਹਾਂ ਨਾਲ ਰਹਿਣ ਕਰਕੇ ਮੇਰਾ ਝੁਕਾਅ ਇਸ ਪਾਸੇ ਹੋਰ ਵਧ ਗਿਆ। ਅਸੀਂ ਹਰ ਪਾਰਟੀ ਤੇ ਹਰ ਰਾਜਨੀਤਿਕ ਮੁੱਦੇ 'ਤੇ ਵਿਚਾਰ ਚਰਚਾ ਕਰਦੇ ਰਹਿੰਦੇ ਤੇ ਸਿਆਸੀ ਆਗੂਆਂ ਦੀ ਬਹਿਸ ਸੁਣਦੇ। ਹਰ ਵਿਧਾਇਕ ਆਪਣੇ ਆਪ ਨੂੰ ਵਿਕਾਸ ਦਾ ਦੇਵਤਾ ਕਹਿੰਦਾ ਪਰ ਜੋ ਵੀ ਬਹਿਸ ਹੁੰਦੀ, ਉਸ ਤੋਂ ਕੁਝ ਨਾ ਕੁਝ ਸਿੱਖਣ ਦਾ ਮੌਕਾ ਮਿਲਦਾ। ਪਹਿਲਾਂ ਰਾਜਨੀਤਿਕ ਬਹਿਸ ਵਿੱਚ ਵੀ ਸਮਾਜਿਕ ਮੁੱਦੇ ਹੋਇਆ ਕਰਦੇ ਸਨ ਪਰ ਅੱਜ ਦੇ ਸਮੇਂ ਵਿੱਚ ਰਾਜਨੀਤੀ ਵੱਖਰਾ ਹੀ ਰੁਖ਼ ਅਖ਼ਤਿਆਰ ਕਰਦੀ ਜਾ ਰਹੀ ਹੈ। ਸੋਸ਼ਲ ਮੀਡੀਆ ਦੇ ਆਉਣ ਨਾਲ ਜਿੱਥੇ ਆਮ ਆਦਮੀ ਤੱਕ ਸਾਰੇ ਗੁੱਝੇ ਭੇਤ ਆਸਾਨੀ ਨਾਲ ਪਹੁੰਚ ਰਹੇ ਹਨ, ਉਥੇ ਹੀ ਲੋਕਾਂ ਦੀ ਜਾਗਰੂਕਤਾ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਉਧਰ, ਹਰ ਸਿਆਸੀ ਪਾਰਟੀ ਸੋਸ਼ਲ ਮੀਡੀਆ ਨੂੰ ਹਥਿਆਰ ਵਾਂਗ ਵਰਤ ਰਹੀ ਹੈ, ਜਿਸ ਦੌਰਾਨ ਨੈਤਿਕਤਾ ਦੀਆਂ ਸੀਮਾਵਾਂ ਦਾ ਬਿਲਕੁਲ ਖਿਆਲ ਨਹੀਂ ਰੱਖਿਆ ਜਾਂਦਾ। ਚੋਣਾਂ ਕਾਰਨ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਸਿਆਸੀ ਆਗੂਆਂ ਦੀਆਂ ਇਤਰਾਜ਼ਯੋਗ ਵੀਡੀਓ ਕਲਿਪਸ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਬਹੁਤੇ ਆਗੂਆਂ ਨੇ ਅਜਿਹੀਆਂ ਵੀਡੀਓਜ਼ ਨੂੰ ਨਕਲੀ ਤੇ ਝੂਠਾ ਦੱਸ ਕੇ ਮਾਮਲੇ ਤੋਂ ਭਾਵੇਂ ਪੱਲਾ ਝਾੜ ਲਿਆ ਹੈ ਪਰ ਸੋਚਣ ਵਾਲੀ ਗੱਲ ਹੈ ਕਿ ਕੀ ਇਹ ਮੁੱਦੇ ਰਾਜਨੀਤੀ ਦਾ ਹਿੱਸਾ ਹਨ ਜਾਂ ਪਹਿਲਾਂ ਕਦੇ ਇਹ ਮਾਮਲੇ ਰਾਜਨੀਤੀ ਦਾ ਹਿੱਸਾ ਰਹੇ ਹਨ? ਇਨ੍ਹਾਂ ਮਾਮਲਿਆਂ ਵਿੱਚ ਉਲਝਣ ਜਾਂ ਉਲਝਾਉਣ ਦੇ ਚੱਕਰ ਵਿੱਚ ਅਸੀਂ ਸੂਬੇ ਦੀ ਭਲਾਈ ਨਾਲ ਜੁੜੇ ਹੋਰ ਮਹੱਤਵਪੂਰਨ ਮਸਲਿਆਂ ਨੂੰ ਅਣਗੌਲਿਆਂ ਤਾਂ ਨਹੀਂ ਕਰ ਰਹੇ? ਜਨਤਾ ਨੂੰ ਇੰਤਜ਼ਾਰ ਹੈ ਕਿ ਕਦੋਂ ਸਿਆਸੀ ਆਗੂ ਸਿਰਫ਼ ਸੂਬੇ ਦੀ ਭਲਾਈ ਅਤੇ ਸਮਾਜਿਕ ਮੁੱਦਿਆਂ 'ਤੇ ਚਾਨਣਾ ਪਾਉਂਦੀ ਸਾਫ-ਸੁੱਥਰੀ ਰਾਜਨੀਤੀ ਨਾਲ ਜੁੜਨਗੇ।

# ਸੱਭਿਆਚਾਰ ਦੇ ਬਦਲਦੇ ਰੰਗ

ਸੱਭਿਆਚਾਰ ਦਾ ਖੇਤਰ ਅਤਿ ਵਿਸ਼ਾਲ ਅਤੇ ਗਹਿਰਾ ਹੁੰਦਾ ਹੈ। ਮਨੁੱਖੀ ਜ਼ਿੰਦਗੀ ਦਾ ਹਰ ਪੱਖ ਇਸ ਵਿਚ ਸਮਾਇਆ ਹੁੰਦਾ ਹੈ। ਕੋਈ ਵੀ ਪੱਖ ਅਜਿਹਾ ਨਹੀਂ ਜੋ ਇਸਤੋਂ ਅਛੂਤਾ ਹੋਵੇ। ਮਨੁੱਖੀ ਵਿਕਾਸ ਦੇ ਨਾਲ-ਨਾਲ ਸੱਭਿਆਚਾਰ ਵਿਚ ਵਿਕਾਸ ਆਉਣਾ ਵੀ ਸੁਭਾਵਿਕ ਹੈ। ਇਹ ਅਮੀਰ ਵਿਰਸਾ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਬੋਲਾਂ ਸੰਕੇਤਾਂ, ਚਿੰਨ੍ਹਾਂ ਰਾਹੀਂ ਗ੍ਰਹਿਣ ਕਰਕੇ ਭੇਜਿਆ ਜਾਂਦਾ ਹੈ, ਜਿਸ ਕਰਕੇ ਪੀੜ੍ਹੀ ਦਰ ਪੀੜ੍ਹੀ ਸੱਭਿਆਚਾਰ ਦੀ ਵਿਕਾਸ ਪ੍ਰਕਿਰਿਆ ਚੱਲਦੀ ਰਹਿੰਦੀ ਹੈ। ਇਸ ਵਿਕਾਸ ਪ੍ਰਕਿਰਿਆ ਦੌਰਾਨ ਪਰਿਵਰਤਨ ਹੋਣਾ ਸੁਭਾਵਿਕ ਹੈ। ਜੋ ਕਈ ਦਹਾਕੇ ਪਹਿਲਾਂ ਪੰਜਾਬੀ ਸੱਭਿਆਚਾਰ ਸੀ, ਉਹ ਅੱਜ ਬਿਲਕੁਲ ਬਦਲ ਚੁੱਕਿਆ ਹੈ।

ਆਧੁਨਿਕ ਪੰਜਾਬੀ ਸੱਭਿਆਚਾਰ ਵਿਚ ਸਾਡਾ ਪੁਰਾਣਾ ਸੱਭਿਆਚਾਰ ਕਿਧਰੇ ਨਜ਼ਰ ਨਹੀਂ ਆਉਂਦਾ। ਇਸ ਵਿਚ ਪਹਿਲਾਂ ਦੇ ਮੁਕਾਬਲੇ ਵਿਆਪਕ ਪੱਧਰ 'ਤੇ ਪਰਿਵਰਤਨ ਦੇਖਣ ਨੂੰ ਮਿਲ ਰਿਹਾ ਹੈ। ਕੁਝ ਰਸਮਾਂ ਨੇ ਆਪਣਾ ਰੂਪ ਵਟਾ ਲਿਆ ਹੈ ਅਤੇ ਕੁਝ ਲੋਪ ਹੀ ਹੋ ਚੁੱਕੀਆਂ ਹਨ। ਜਨਮ ਤੋਂ ਲੈ ਕੇ ਮੌਤ ਤਕ ਦੀਆਂ ਰਸਮਾਂ ਪੂਰੀ ਤਰ੍ਹਾਂ ਬਦਲ ਗਈਆਂ ਹਨ। ਜੇਕਰ ਜਨਮ ਤੋਂ ਪਹਿਲਾਂ ਦੀਆਂ ਰਸਮਾਂ ਦੀ ਗੱਲ ਕੀਤੀ ਜਾਵੇ ਤਾਂ ਗਰਭ ਦੇ ਤੀਜੇ ਮਹੀਨੇ ਅੱਖ ਸਲਾਈ, ਗਰਭਪਤੀ ਔਰਤ ਦਾ ਗ੍ਰਹਿਣ ਦੇ ਸਮੇਂ ਬਾਹਰ ਨਾ ਨਿਕਲਣਾ ਅਤੇ ਗੁੜਤੀ ਦੇਣ ਜਿਹੇ ਬਹੁਤ ਸਾਰੇ ਰਿਵਾਜ ਹੁਣ ਪ੍ਰਚੱਲਿਤ ਨਹੀਂ ਹਨ। ਨਵੀਂ ਪੀੜ੍ਹੀ ਨੇ ਇਨ੍ਹਾਂ ਤੋਂ ਕਿਨਾਰਾ ਕਰ ਲਿਆ ਹੈ।

ਵਿਆਹ ਨਾਲ ਸਬੰਧਿਤ ਰਸਮਾਂ ਵਿਚ ਆਈਆਂ ਤਬਦੀਲੀਆਂ ਦਾ ਕਾਰਨ ਪੱਛਮੀ ਸੱਭਿਅਤਾ ਦਾ ਪ੍ਰਭਾਵ ਹੈ। ਪਹਿਲਾਂ ਵਿਆਹ ਸਮੇਂ ਸੱਤ ਸੁਹਾਗਣਾ ਦੀ ਰੀਤ, ਛਟੀਆਂ ਖੇਡਣਾ ਅਤੇ ਸਾਹਾ ਚਿੱਠੀ ਭੇਜਣਾ ਅਹਿਮ ਹੁੰਦੀਆਂ ਸਨ। ਅੱਜ ਇਹ ਰਸਮਾਂ ਲੇਡੀਜ਼ ਸੰਗੀਤ ਵਿਚ ਬਦਲ ਗਈਆਂ ਹਨ। ਲੋਕ ਘਰਾਂ ਦੀ ਜਗ੍ਹਾ ਹੁਣ ਪੈਲੇਸਾਂ ਵਿਚ ਹੀ ਵਿਆਹ ਕਰਨ ਨੂੰ ਤਰਜੀਹ ਦੇਣ ਲੱਗੇ ਹਨ। ਔਰਤਾਂ ਵੱਲੋਂ ਗਾਏ ਜਾਂਦੇ ਟੱਪੇ, ਸਿੱਠਣੀਆਂ, ਘੋੜੀਆਂ ਨੂੰ ਆਰਕੈਸਟਰਾਂ ਗਰੁੱਪਾਂ ਨੇ ਖ਼ਤਮ ਕਰ ਦਿੱਤਾ। ਕੰਗਣਾ ਖੇਡਣ ਦੀ ਰਸਮ ਵੀ ਖ਼ਤਮ ਹੋ ਗਈ ਹੈ। ਹਾਂ, ਜਾਗੋ ਬਰਕਰਾਰ ਹੈ, ਪਰ ਇਹ ਸਿਰਫ਼ ਰਸਮ ਬਣ ਕੇ ਹੀ ਰਹਿ ਗਈ ਹੈ।

ਪੱਛਮੀ ਸੱਭਿਅਤਾ ਦਾ ਪ੍ਰਭਾਵ ਬੱਚਿਆਂ 'ਤੇ ਜ਼ਿਆਦਾ ਪਿਆ ਹੈ। ਬੱਚੇ ਆਪਣੀਆਂ ਲੋਕ ਖੇਡਾਂ ਜਿਵੇਂ ਗੁੱਲੀ ਡੰਡਾ, ਬਾਂਦਰ ਕਿੱਲਾ ਆਦਿ ਨੂੰ ਭੁੱਲ ਕੇ ਮੋਬਾਈਲ ਫੋਨਾਂ ਅਤੇ ਵੀਡੀਓ ਗੇਮਾਂ ਵਿਚ ਆਪਣਾ ਬਚਪਨ ਗੁਆ ਰਹੇ ਹਨ, ਜਿਸ ਦਾ ਸਰੀਰਿਕ ਅਤੇ ਮਾਨਸਿਕ ਵਿਕਾਸ 'ਤੇ ਬਹੁਤ ਪ੍ਰਭਾਵ ਪੈ ਰਿਹਾ ਹੈ। ਹੁਣ ਦਾਦੇ-ਦਾਦੀ ਦੀਆਂ ਕਹਾਣੀਆਂ ਸੁਣਨ ਦਾ ਉਨ੍ਹਾਂ ਕੋਲ ਸਮਾਂ ਨਹੀਂ ਰਿਹਾ। ਪੰਜਾਬੀ ਪਹਿਰਾਵੇ ਨੂੰ ਵੀ ਪੱਛਮੀ ਸੱਭਿਆਚਾਰ ਨੇ ਨਿਗਲ ਲਿਆ ਹੈ। ਹੁਣ ਕੋਈ ਔਰਤ ਪਰਾਂਦੀ ਪਾਈ ਨਜ਼ਰ ਨਹੀਂ ਆਉਂਦੀ, ਇਸ ਤਰ੍ਹਾਂ ਹੀ ਸੱਗੀ ਫੁੱਲ ਵੀ ਗੁਆਚ ਗਏ ਹਨ।

ਪੱਛਮੀ ਪ੍ਰਭਾਵ ਤੋਂ ਸਾਡਾ ਪੰਜਾਬੀ ਖਾਣਾ-ਪੀਣ ਵੀ ਨਹੀਂ ਬਚ ਸਕਿਆ। ਇਨ੍ਹਾਂ ਦੀ ਥਾਂ ਫਾਸਟ ਫੂਡ ਨੇ ਆਪਣੀ ਮੰਡੀ ਸਥਾਪਿਤ ਕਰ ਲਈ ਹੈ ਜੋ ਸਾਡੀ ਸਿਹਤ ਦਾ ਬਹੁਤ ਨੁਕਸਾਨ ਕਰਦੇ ਹਨ। ਪੰਜ ਪਾਣੀਆਂ ਦੀ ਧਰਤੀ ਦਾ ਪਾਣੀ ਵੀ ਹੁਣ ਪੀਣ ਯੋਗ ਨਹੀਂ ਰਿਹਾ। ਕਿਸੇ ਸਮੇਂ ਲੋਕ ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਬਰਾਬਰ ਸਮਝਦੇ ਸਨ, ਪਰ ਅੱਜ ਆਰਥਿਕ ਮਜਬੂਰੀਆਂ ਕਾਰਨ ਦੁੱਧ ਵੇਚਣਾ ਵੀ ਮਜਬੂਰੀ ਬਣ ਗਿਆ ਹੈ। ਪੰਜਾਬੀ ਸੁਭਾਅ ਪੱਖੋਂ ਮਿਲਣਸਾਰ ਤੇ ਰਿਸ਼ਤਿਆਂ ਦਾ ਨਿੱਘ ਮਾਣਨ ਲਈ ਮਸ਼ਹੂਰ ਹਨ, ਪਰ ਹੁਣ ਆਪਸੀ ਰਿਸ਼ਤਿਆਂ ਵਿਚ ਕੁੜੱਤਣ ਵਧ ਰਹੀ ਹੈ ਜਿਸ ਕਾਰਨ ਪਰਿਵਾਰ ਟੁੱਟਣ ਦੀ ਦਰ ਵਧ ਗਈ ਹੈ। ਘਰਾਂ ਦਾ ਸ਼ਿੰਗਾਰ ਚਾਟੀ, ਹੱਥ ਮਧਾਣੀ ਅਤੇ ਹਾਰੇ ਵੀ ਲੋਪ ਹੋ ਚੁੱਕੇ ਹਨ। ਵਿਗਿਆਨਕ ਕਾਢਾਂ ਨਾਲ ਔਰਤਾਂ ਚਰਖਾ ਕੱਤਣਾ, ਦਰੀਆਂ ਖੇਸ ਬਣਾਉਣਾ ਭੁੱਲ ਗਈਆਂ ਹਨ। ਮਸ਼ੀਨੀਕਰਨ ਕਾਰਨ ਖੇਤੀ ਦੇ ਢੰਗ ਬਦਲ ਗਏ ਹਨ।

ਸਮੇਂ ਅਨੁਸਾਰ ਪਰਿਵਰਤਨ ਆਉਣਾ ਕੁਦਰਤੀ ਹੈ, ਪਰ ਇਹ ਤਬਦੀਲੀ ਸਾਡੇ ਵਿਰਸੇ ਦਾ ਘਾਣ ਕਰ ਰਹੀ ਹੈ। ਜ਼ਰੂਰੀ ਨਹੀਂ ਕਿ ਨਵੇਂ ਨੂੰ ਅਪਣਾ ਕੇ ਪੁਰਾਣੇ ਨੂੰ ਭੁੱਲਿਆ ਹੀ ਜਾਵੇ। ਆਪਣੀਆਂ ਜੜ੍ਹਾਂ ਨਾਲ ਜੁੜਨਾ ਵੀ ਜ਼ਰੂਰੀ ਹੈ ਕਿਉਂਕਿ ਜੜ੍ਹਾਂ ਤੋਂ ਬਿਨਾਂ ਵਿਕਾਸ ਜ਼ਿਆਦਾ ਦੇਰ ਨਹੀਂ ਟਿਕ ਸਕਦਾ। ਇਸ ਲਈ ਸਾਡੀ ਸੱਭਿਆਚਾਰ ਨਾਲ ਜੁੜ ਕੇ ਕੁਦਰਤ ਦੇ ਨੇੜੇ ਰਹਿਣ ਵਿਚ ਹੀ ਭਲਾਈ ਹੈ।

**ਗੁਰਵਿੰਦਰ ਸਿੰਘ ਸਿੱਧੂ**



# ਕਹਾਣੀ





## ਫਰਕ

ਰਾਮਗੜ੍ਹ ਦੇ ਕਿਸਾਨ ਹਰਨਾਮ ਸਿੰਘ ਨੇ ਤਿੰਨ ਲੱਖ ਕਰਜ਼ਾ ਨਾ ਮੋੜ ਸਕਣ ਅਤੇ ਧੀ ਦੇ ਵਿਆਹ ਦੇ ਫਿਕਰ ਕਾਰਨ ਆਤਮ ਹੱਤਿਆ ਕਰ ਲਈ। ਉਸ ਦੇ ਭੋਗ ਵਾਲੇ ਦਿਨ ਲੋਕ ਬੈਠ ਗੱਲਾਂ ਬਾਤਾਂ ਕਰ ਰਹੇ ਸਨ। ਝੰਡਾ ਅਮਲੀ ਬੋਲਿਆ, "ਭਾਊ ਐਵੇਂ ਈ ਜਾਨ ਦੇ ਗਿਆ ਕੋਹੜੀ। ਕੀ ਲੋੜ ਸੀ ਮਰਨ ਦੀ ? ਇਥੇ ਹਜ਼ਾਰਾਂ ਕਰੋੜਾਂ ਦਾ ਗਬਨ ਕਰ ਕੇ ਵਿਜੇ ਮਾਲਿਆ ਤੇ ਨੀਰਵ ਮੋਦੀ ਵਰਗੇ ਇੰਗਲੈਂਡ-ਅਮਰੀਕਾ ਉਡਾਰੀਆਂ ਮਾਰ ਗਏ ਨੇ। ਜੇ ਉਹਨਾਂ ਦਾ ਕਿਸੇ ਨੇ ਕੁਝ ਨਹੀਂ ਕੀਤਾ ਤਾਂ ਇਹਦਾ ਕੀ ਕਰ ਲੈਂਦਾ ? ਮਾਲਿਆ ਦਾ ਤਾਂ ਸੁਣਿਆ ਇੰਗਲੈਂਡ ਦੀ ਅਦਾਲਤ ਨੇ ਅਯਾਸ਼ੀ ਭੱਤਾ ਵੀ ਵਧਾ ਦਿੱਤਾ ਹੈ। ਬੱਸ ਦਿਲ ਈ ਛੱਡ ਗਿਆ ਹਰਨਾਮ ਸਿੰਘ।"

ਕੋਲ ਬੈਠਾ ਮਾਸਟਰ ਧਰਮ ਸਿੰਘ ਬੋਲਿਆ, "ਝੰਡਾ ਸਿਆਂ ਫਰਕ ਬਹੁਤ ਐ ਹਰਨਾਮ ਸਿੰਘ ਤੇ ਨੀਰਵ ਮੋਦੀ ਵਰਗਿਆਂ ਦਾ। ਤੂੰ ਐਥੇ ਪੰਜਾਬ ਵਿੱਚ ਨਹੀਂ ਵੇਖਿਆ, ਕਿਵੇਂ ਵੱਡੇ ਡਿਫਲਟਰਾਂ ਦੇ ਘਰਾਂ ਅੱਗੇ ਬੈਂਕਾਂ ਦੇ ਮੈਨੇਜਰ ਤੱਕ ਧਰਨਾ ਮਾਰ ਕੇ ਲਿਲਕੜੀਆਂ ਕੱਢਦੇ ਸੀ। ਇਹ ਤੇਰੇ ਮੇਰੇ ਵਰਗੇ ਦੀ ਤਾਂ ਧੌਣ 'ਚ ਮਾਰ ਕੇ ਦੋ ਮੁੱਕੀਆਂ ਮਿੰਟੋ ਮਿੰਟੀ ਗੱਡੀ 'ਚ ਸੁੱਟ ਕੇ ਲੈ ਜਾਂਦੇ ਆ। ਤਿੰਨ ਲੱਖ ਦੇ ਕਰਜ਼ੇ ਵਾਲੇ ਦੀ ਕੁਰਕੀ ਹੁੰਦੀ ਹੈ ਤੇ 3000 ਕਰੋੜ ਦੇ ਗਬਨ ਵਾਲੇ ਵਾਸਤੇ ਸਰਕਾਰ ਇੰਗਲੈਂਡ ਦੇ ਤਰਲੇ ਕੱਢ ਰਹੀ ਹੈ ਕਿ ਇਸ ਨੂੰ ਵਾਪਸ ਕਰ ਦਿਉ, ਅਸੀਂ ਇਹਦੇ ਲਈ ਜੇਲ੍ਹ ਵਿੱਚ ਇੰਗਲਿਸ਼ ਟਾਇਲਟ ਸੀਟ ਲਗਵਾ ਕੇ ਦੇਵਾਂਗੇ। ਗਰੀਬ ਬੰਦੇ ਆਪਣੇ ਖਾਤੇ ਨਾਲ ਅਧਾਰ ਕਾਰਡ ਲਿੰਕ ਕਰਦੇ ਹਨ ਤੇ ਵੱਡੇ ਬੰਦੇ ਬੈਂਕ ਦੇ ਕਿਸੇ ਸੀਨੀਅਰ ਅਫਸਰ ਨਾਲ ਲਿੰਕ ਕਾਇਮ ਕਰਦੇ ਹਨ। ਸਰਕਾਰ ਸਵੱਛ ਭਾਰਤ ਮੁਹਿੰਮ ਚਲਾ ਕੇ ਦੇਸ਼ ਨੂੰ ਸਾਫ ਕਰਦੀ ਫਿਰਦੀ ਆ ਤੇ ਇਹ ਲੋਕ ਬੈਂਕਾਂ ਨੂੰ ਹੀ ਸਾਫ ਕਰ ਗਏ। ਬੈਂਕਾਂ ਦਾ ਹਾਲ ਵੇਖ ਲੈ। ਜੇ ਖਾਤੇ ਵਿੱਚ ਬੈਲੇਂਸ 5000 ਰੁ. ਤੋਂ ਘਟ ਜਾਵੇ ਤਾਂ ਝੱਟ ਮੈਸੇਜ਼ ਆ ਜਾਂਦਾ ਆ, ਪਰ 1150 ਕਰੋੜ ਦੇ ਘੁਟਾਲੇ ਦਾ 7 ਸਾਲ ਪਤਾ ਈ ਨਹੀਂ ਲੱਗਦਾ। ਅੱਜ ਦਾਊਦ ਇਬਰਾਹੀਮ ਵੀ ਸੋਚਦਾ ਹੋਵੇਗਾ ਕਿ ਐਵੇਂ ਸਮੱਗਲਿੰਗ ਅਤੇ ਫਿਰੌਤੀਆਂ 'ਕੱਠੀਆਂ ਕਰਦੇ ਰਹੇ, ਮੇਰੇ ਤੋਂ ਵੱਧ ਪੈਸੇ ਤਾਂ ਨੀਰਵ ਮੋਦੀ ਕਰਜ਼ੇ ਲੈ ਕੇ ਕਮਾ ਗਿਆ। ਕਰਜ਼ਾ ਵੀ ਅਜੀਬ ਚੀਜ਼ ਹੈ। ਜੇ ਅਮੀਰਾਂ ਦਾ ਵਧੇ ਤਾਂ ਦੇਸ਼ ਛੱਡ ਜਾਂਦੇ ਨੇ ਤੇ ਜੇ ਹਰਨਾਮ ਸਿੰਘ ਵਰਗਿਆਂ ਦਾ ਵਧੇ ਤਾਂ ਦੁਨੀਆਂ ਛੱਡ ਜਾਂਦੇ ਨੇ। ਹਰਨਾਮ ਸਿੰਘ ਕਿਵੇਂ ਹੌਸਲਾ ਰੱਖਦਾ ? ਉਸ ਨੂੰ ਤਾਂ ਕੁਰਕੀ ਦਾ ਨੋਟਿਸ ਆ ਵੀ ਗਿਆ ਸੀ।" ਸੁਣ ਕੇ ਝੰਡਾ ਅਮਲੀ ਤੇ ਬਾਕੀ ਸਰੋਤੇ ਸੋਚੀਂ ਪੈ ਗਏ।

**ਬਲਰਾਜ ਸਿੰਘ ਸਿੱਧੂ ਐਸ.ਪੀ.**
**ਪੰਡੋਰੀ ਸਿੱਧਵਾਂ 9501100062**

## ਆਸ਼ੀਰਵਾਦ



ਮੈਂ ਬਚਪਨ ਵਿੱਚ ਜਦੋਂ ਵੀ ਦਾਦੀ ਦੇ ਪੈਰੀਂ ਹੱਥ ਲਾਉਂਦਾ ਸੀ ਤਾਂ ਦਾਦੀ ਆਸ਼ੀਰਵਾਦ ਦਿੰਦੀ ਹੋਈ ਹਮੇਸ਼ਾਂ ਕਹਿੰਦੀ, "ਜਿਉਂਦਾ ਰਹਿ ਪੁੱਤ, ਤੇਰੀ ਖੂਹ ਜਿੰਨੀ ਲੰਮੀ ਉਮਰ ਹੋਵੇ।" ਹੁਣ ਵੀ ਜਦੋਂ ਪੈਰੀਂ ਹੱਥ ਲਾਉਂਦਾ ਹਾਂ ਤਾਂ ਉਹੀ ਆਸ਼ੀਰਵਾਦ ਮਿਲਦਾ ਹੈ, ਪਰ ਹੁਣ ਇਹ ਆਸ਼ੀਰਵਾਦ ਨਹੀਂ ਸਰਾਪ ਜਿਹਾ ਲੱਗਦਾ ਹੈ। ਇੱਕ ਦਿਨ ਮੇਰੇ ਤੋਂ ਰਿਹਾ ਨਾ ਗਿਆ। ਮੈਂ ਦਾਦੀ ਨੂੰ ਕਹਿ ਹੀ ਦਿੱਤਾ, "ਦਾਦੀ ਜੀ, ਤੁਸੀਂ ਹਮੇਸ਼ਾਂ ਇਹ ਆਸ਼ੀਰਵਾਦ ਕਿਉਂ ਦਿੰਦੇ ਹੋ ਕਿ ਤੇਰੀ ਖੂਹ ਜਿੰਨੀ ਲੰਮੀ ਉਮਰ ਹੋਵੇ ? ਤੁਸੀਂ ਇਹ ਆਸ਼ੀਰਵਾਦ ਨਾ ਦਿਆ ਕਰੋ।" ਦਾਦੀ ਨੇ ਹੈਰਾਨ ਹੁੰਦਿਆਂ ਕਿਹਾ, "ਹਾਏ ਵੇ ! ਮੈਂ ਮਰ ਜਾਂ ! ਵੇ ਪੁੱਤ ਕਿਉਂ ?" ਮੈਂ ਕਿਹਾ, "ਦਾਦੀ ਜੀ, ਖੂਹਾਂ 'ਚ ਤਾਂ ਕਦੋਂ ਦੇ ਪਾਣੀ ਮੁੱਕ ਗਏ ਤੇ ਲੋਕਾਂ ਨੇ ਖੂਹ ਪੂਰ ਦਿੱਤੇ। ਜੇ ਆਸ਼ੀਰਵਾਦ ਦੇਣਾ ਹੀ ਹੈ, ਤੁਸੀਂ ਕਿਹਾ ਕਰੋ 'ਜਿਉਂਦਾ ਰਹਿ ਪੁੱਤ, ਤੇਰੀ ਮੱਛੀ ਮੋਟਰ ਜਿੰਨੀ ਲੰਮੀ ਉਮਰ ਹੋਵੇ'।" ਮੈਂ ਇਹ ਕਹਿ ਤਾਂ ਦਿੱਤਾ, ਪਰ ਮਗਰੋਂ ਸੋਚ ਰਿਹਾ ਸੀ ਕਿ ਆਪਾਂ ਪਾਣੀ ਦੀ ਇਉਂ ਹੀ ਦੁਰਵਰਤੋਂ ਕਰਦੇ ਰਹੇ ਤਾਂ ਕੀ ਪਤਾ ਸਬਮਰਸੀਬਲ ਪੰਪ ਵੀ ਰਹਿਣਗੇ ਜਾਂ ਨਹੀਂ। ਫਿਰ ਆਪਾਂ ਆਪਣੇ ਬੱਚਿਆਂ ਨੂੰ ਕੀ ਆਸ਼ੀਰਵਾਦ ਦਿਆ ਕਰਾਂਗੇ।

**ਕੰਵਲਜੀਤ ਸਿੰਘ**

## ਕੀਮਤ

ਬੇਅੰਤ ਬਹੁਤ ਤੇਜ਼ ਰਫ਼ਤਾਰ ਨਾਲ ਕਾਰ ਦੌੜਾਈ ਜਾ ਰਿਹਾ ਸੀ। ਕਈ ਲਾਲ ਬੱਤੀਆਂ ਪਾਰ ਕਰ ਗਿਆ ਤੇ ਸਪੀਡ ਲਿਮਟ ਦੀ ਵੀ ਪ੍ਰਵਾਹ ਨਹੀਂ ਕੀਤੀ ਗਈ। ਅਚਾਨਕ ਇੱਕ ਪੁਲਿਸ ਦੀ ਗੱਡੀ ਮੂਹਰੇ ਆਣ ਰੁਕੀ। ਇਕਦਮ ਬਰੇਕ ਮਾਰੀ ਤੇ ਜਾ ਪਹੁੰਚਾ ਵੱਡੇ ਸਾਹਿਬ ਕੋਲ। ਸਾਹਿਬ ਨੇ ਚਲਾਨ ਕੱਟ ਕੇ ਹੱਥ 'ਚ ਫੜਾਉਂਦੇ ਹੋਇਆ ਕੜਕ ਕੇ ਕਿਹਾ, "ਜਾ ਕੇ ਚਲਾਨ ਤਾਰ ਦੇਵੀਂ ਤੂੰ ਕਾਨੂੰਨ ਦੀ ਉਲੰਘਣਾ ਕੀਤੀ ਐ।" ਕਾਰ ਵਿੱਚ ਬੈਠਣ ਲੱਗਾ ਤੇ ਦੇਖਿਆ ਕਿ ਪਿਛਲੀ ਸੀਟ ਤੇ ਐਕਸੀਡੈਂਟ ਵਿੱਚ ਜਖ਼ਮੀ ਮਰੀਜ਼ ਕੁਝ ਹੋਸ਼ ਵਿੱਚ ਸੀ ਤੇ ਕਹਿਣ ਲੱਗਾ, "ਛੇਤੀ ਹਸਪਤਾਲ ਲੈ ਚੱਲੋ ਜੀ, ਨਾਲੇ ਕੀ ਚੀਜ਼ ਤਾਰਨੀ ਐ ਬਾਈ ਜੀ। ਬਸ ਕਾਰ ਸਟਾਰਟ ਕੀਤੀ ਤੇ ਏਨਾ ਹੀ ਕਿਹਾ 'ਭਰਾਵਾ ਤੇਰੀ ਜਾਨ ਬਚਾਉਣ ਦੀ ਕੀਮਤ।



**ਰਮਿੰਦਰ ਫਰੀਦਕੋਟੀ**
**ਮੋਬਾਈਲ : 98159-53929**

## ਇਮਾਨਦਾਰ ਆਦਮੀ



ਦਫ਼ਤਰ ਵਿੱਚ ਸੁਪਰਡੈਂਟ ਅਤੇ ਸੁਪਰਵਾਈਜ਼ਰ ਦੀਆਂ ਡਿਊਟੀਆਂ ਸਬੰਧੀ ਮੀਟਿੰਗ ਚੱਲ ਰਹੀ ਸੀ। ਇੱਕ ਮੈਂਬਰ ਬੋਲਿਆ, "ਗੁਰਜੀਤ ਸਿੰਘ ਦੀ ਡਿਊਟੀ ਬਤੌਰ ਸੁਪਰਡੈਂਟ ਲਾ ਦਿਉ। ਉਹ ਬਹੁਤ ਵਧੀਆ ਆਦਮੀ ਹੈ।" ਉਸ ਦੇ ਬੋਲਣ ਤੋਂ ਬਾਅਦ ਇੱਕ ਹੋਰ ਮੈਂਬਰ ਝੱਟ ਬੋਲਿਆ, "ਰਹਿਣ ਦਿਉ, ਉਹ ਤਾਂ ਸੁਪਰਵਾਈਜ਼ਰ ਦੇ ਵੀ ਲਾਇਕ ਨਹੀਂ। ਉਸ ਦੇ ਜਿੰਨਾ ਘਟੀਆ ਤੇ ਕੋਰਾ ਆਦਮੀ ਦੁਨੀਆਂ 'ਤੇ ਨਹੀਂ ਹੋਣਾ। ਉਸ ਨੇ ਜੁਆਕਾਂ ਨੂੰ ਹਿੱਲਣ ਨਹੀਂ ਦੇਣਾ। ਨਾਲ ਦੇ ਕਿਸੇ ਅਧਿਆਪਕ ਦੀ ਲਿਹਾਜ਼ ਵੀ ਨਹੀਂ ਕਰਨੀ। ਨਤੀਜੇ ਦਾ ਭੱਠਾ ਬਿਠਾ ਦੇਵੇਗਾ।" ਮੀਟਿੰਗ ਵਿੱਚ ਹੀ ਗੁਰਜੀਤ ਸਿੰਘ ਦਾ ਦੂਰੋਂ ਨੇੜਿਓਂ ਦਾ ਇੱਕ ਰਿਸ਼ਤੇਦਾਰ ਬੈਠਾ ਸੀ। ਉਸ ਨੂੰ ਇਹ ਸੁਣ ਕੇ ਅੱਗ ਲੱਗ ਗਈ। ਉਹ ਗੁੱਸੇ ਵਿੱਚ ਬੋਲਿਆ, "ਸਾਡੀਆਂ ਸਾਰੀਆਂ ਰਿਸ਼ਤੇਦਾਰੀਆਂ ਵਿੱਚ ਉਹ ਅਜਿਹਾ ਇਨਸਾਨ ਹੈ ਜਿਸ ਦੀ ਇਮਾਨਦਾਰੀ ਅਤੇ ਸੱਚੇ-ਸੁੱਚੇ ਹੋਣ ਦੀ ਬੇਹੱਦ ਚਰਚਾ ਹੈ। ਸਾਡੇ ਰਿਸ਼ਤੇਦਾਰ ਹੀ ਨਹੀਂ ਸਗੋਂ ਆਮ ਲੋਕ ਵੀ ਉਸ ਦਾ ਇਸੇ ਕਰਕੇ ਅਥਾਹ ਸਤਿਕਾਰ ਕਰਦੇ ਹਨ। ਤੁਸੀਂ ਬੇਸ਼ੱਕ ਉਸ ਦੀ ਡਿਊਟੀ ਨਾ ਲਾਓ, ਪਰ ਘਟੀਆ ਹੋਣ ਦਾ ਇਲਜ਼ਾਮ ਬਿਲਕੁਲ ਬਰਦਾਸ਼ਤ ਨਹੀਂ ਹੋਵੇਗਾ। ਅਫ਼ਸੋਸ ਦੀ ਗੱਲ ਹੈ ਕਿ ਨਕਲ ਕਰਵਾਉਣ, ਸ਼ਰਾਬਾਂ ਪੀਣ, ਪੈਸੇ ਲੈਣ ਅਤੇ ਲਿਹਾਜ਼ਾਂ ਪੁਗਾਉਣ ਵਾਲੇ ਡਿਊਟੀ ਤੋਂ ਕੁਤਾਹੀਆਂ ਕਰਕੇ ਦੇਸ਼ ਦਾ ਭੱਠਾ ਬਿਠਾਉਣ ਵਾਲਿਆਂ ਨੂੰ ਵਧੀਆ ਕਿਹਾ ਜਾ ਰਿਹਾ ਹੈ।" ਇਸ ਮੈਂਬਰ ਦੀਆਂ ਖ਼ਰੀਆਂ ਖ਼ਰੀਆਂ ਸੁਣ ਕੇ ਬਾਕੀ ਮੈਂਬਰਾਂ ਨੂੰ ਤੰਦੂਆ ਪੈ ਗਿਆ ਸੀ। ਦਫ਼ਤਰ ਵਿੱਚ ਸ਼ਮਸ਼ਾਨ ਘਾਟ ਜਿਹੀ ਚੁੱਪ ਛਾ ਗਈ ਸੀ।

**ਅਮਰੀਕ ਸਿੰਘ ਤਲਵੰਡੀ ਕਲਾਂ**

## ਪਾਣੀ



ਜਗਰੂਪ ਸ਼ਾਮ ਵੇਲੇ ਆਪਣੇ ਖੇਤ ਗੇੜਾ ਮਾਰਨ ਚਲਾ ਗਿਆ। ਖੇਤ ਵਾਲੇ ਗੁਆਂਢੀ ਟਿਊਬਵੈੱਲ ਦਾ ਬੋਰ ਕਰ ਰਹੇ ਸਨ। ਜਦੋਂ ਉਹ ਗੇੜਾ ਮਾਰ ਕੇ ਅੱਧੇ ਕੁ ਘੰਟੇ ਬਾਅਦ ਮੁੜਿਆ ਤੇ ਉਨ੍ਹਾਂ ਵੱਲ ਨਜ਼ਰ ਮਾਰੀ ਤਾਂ ਮਸ਼ੀਨ ਦਾ ਕੰਮ ਚੱਲ ਨਹੀਂ ਰਿਹਾ ਸੀ। ਉਹ ਮੁੜਨ ਹੀ ਲੱਗਿਆ ਸੀ ਕਿ ਇੰਨੇ ਨੂੰ ਗੁਆਂਢੀਆਂ ਦਾ ਮੁੰਡਾ ਹੱਥ ਵਿੱਚ ਡੋਲੂ ਚੁੱਕੀ ਕਾਹਲੀ ਕਾਹਲੀ ਉਹਦੇ ਕੋਲ ਆਇਆ ਤੇ ਮੋਟਰਸਾਈਕਲ ਦੀ ਸੀਟ ਬੈਠ ਕੇ ਕਹਿਣ ਲੱਗਾ, "ਚਾਚਾ ਜੀ, ਡੇਰੇ ਚੱਲਿਓ ਇਕੇਰਾਂ ਛੇਤੀ ਦੇਣੇ। ਬੋਰ ਦਾ ਕੰਮ ਰੁਕ ਗਿਆ।" ਜਗਰੂਪ ਨੇ ਮੋਟਰਸਾਈਕਲ ਤੋਰ ਲਿਆ ਤੇ ਉਸ ਨੂੰ ਪੁੱਛਿਆ, "ਡੇਰੇ ਤੋਂ ਕੋਈ ਸੰਦ ਲੈ ਕੇ ਆਉਣੈ ?" ਮੁੰਡੇ ਨੇ ਜਵਾਬ ਦਿੱਤਾ, "ਕਾਹਨੂੰ ਚਾਚਾ ਜੀ ! ਬੋਰ ਰੁਕ ਗਿਆ। ਬੋਕੀ ਹੇਠਾਂ ਜਾ ਹੀ ਨਹੀਂ ਰਹੀ। ਭਾਪਾ ਜੀ ਹੋਰੀਂ ਕਹਿੰਦੇ ਬਈ ਡੇਰੇ ਵਾਲੇ ਬਾਬੇ ਤੋਂ ਪਾਣੀ ਕਰਵਾ ਕੇ ਲਿਆ।" ਇੱਕ ਵਾਰੀ ਤਾਂ ਜਗਰੂਪ ਦੇ ਮਨ ਵਿੱਚ ਆਈ ਕਿ ਆਖਾਂ ਇਨ੍ਹਾਂ ਗੱਲਾਂ ਵਿੱਚ ਕੀ ਰੱਖਿਆ ਹੈ, ਪਰ ਮੁੰਡੇ ਦਾ ਵਿਸ਼ਵਾਸ ਦੇਖ ਕੇ ਉਹ ਚੁੱਪ ਕਰ ਗਿਆ। ਡੇਰੇ ਜਾ ਕੇ ਬਾਬੇ ਨੂੰ ਪੈਰੀਂ ਹੱਥ ਲਾ ਕੇ ਮੁੰਡਾ ਕਹਿਣ ਲੱਗਿਆ, "ਬਾਬਾ ਜੀ, ਪਾਣੀ ਕਰ ਦਿਉ।" ਬਾਬੇ ਨੇ ਡੋਲੂ ਦੋ ਕੁ ਮਿੰਟ ਫੜਿਆ, ਮੂੰਹ ਵਿੱਚ ਮੰਤਰ ਜਿਹਾ ਪੜ੍ਹ ਕੇ ਮੁੰਡੇ ਨੂੰ ਵਾਪਸ ਫੜਾ ਦਿੱਤਾ। ਮੁੰਡੇ ਨੇ ਬਾਬੇ ਮੂਹਰੇ ਪੰਜਾਹ ਦਾ ਨੋਟ ਧਰ ਕੇ ਪੁੱਛਿਆ, "ਬਾਬਾ ਜੀ, ਪਾਣੀ ਦਾ ਕਿਵੇਂ ਕਰਨੈ ?" ਬਾਬਾ ਨੋਟ ਚੁੱਕ ਕੇ ਜੇਬ੍ਹ ਵਿੱਚ ਪਾਉਂਦਾ ਬੋਲਿਆ, "ਕਰਨਾ ਕੀ ਹੈ ਪੰਜ ਛਿੱਟੇ ਸਿਰ 'ਤੇ ਮਾਰ ਕੇ ਬਾਕੀ ਦੇ ਪਾਣੀ ਦੇ ਛਿੱਟੇ ਥਣਾਂ ਦੇ ਮਾਰ ਦਿਓ। ਮੱਝ ਨਹੀਂ ਹਿੱਲੇਗੀ। ਪਹਿਲਾਂ ਤੇਰੀ ਦਾਦੀ ਕਿੰਨੇ ਵਾਰ ਤਾਂ ਪਾਣੀ ਕਰਵਾ ਕੇ ਲੈ ਕੇ ਗਈ ਹੈ।" ਮੁੰਡਾ ਕਹਿੰਦਾ, "ਬਾਬਾ ਜੀ, ਪਾਣੀ ਤਾਂ ਬੋਰ ਲਈ ਕਰਾਇਐ। ਬੋਕੀ ਹੇਠਾਂ ਨਹੀਂ ਜਾ ਰਹੀ।" ਇਸ 'ਤੇ ਬਾਬਾ ਸ਼ਰਮਿੰਦਾ ਜਿਹਾ ਹੁੰਦਾ ਬੋਲਿਆ, "ਚੱਲ ਕੋਈ ਨਹੀਂ, ਇਹਨੂੰ ਨਾਲੀ ਵਿੱਚ ਪਾ ਦਿਓ। ਕੰਮ ਠੀਕ ਹੋ ਜਾਊ।" ਇਹ ਕਹਿ ਕੇ ਬਾਬਾ ਅੰਦਰ ਨੂੰ ਤੁਰ ਗਿਆ ਤੇ ਜਗਰੂਪ ਹਾਸਾ ਰੋਕਦਾ ਡੇਰੇ ਤੋਂ ਬਾਹਰ ਆ ਗਿਆ।

**ਭੁਪਿੰਦਰ ਸਿੰਘ ਮਾਨ**

## ਸਿਰਫ ਸੌ ਰੁਪਿਆ

ਛੇ ਦਿਨ ਪਹਿਲਾਂ ਮਾਸਟਰ ਹਰਪਾਲ ਸਿੰਘ ਆਪਣੀ ਲੜਕੀ ਦੇ ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਮੈਨੂੰ ਘਰ ਆ ਕੇ ਦੇ ਗਿਆ ਸੀ। ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ [illegible] ਨੂੰ ਆਖਿਆ ਸੀ ਕਿ ਭਾਵੇਂ ਵਿਆਹ ਨਵਾਂ ਸ਼ਹਿਰ ਬਲਿਊ ਮੂਨ ਪੈਲੇਸ ਵਿੱਚ ਹੋਣਾ ਹੈ, ਪਰ ਅਨੰਦ ਕਾਰਜ ਆਪਣੇ ਪਿੰਡ ਦੇ ਗੁਰੂਦੁਆਰੇ ਵਿੱਚ ਹੋਣੇ ਹਨ। ਅੱਜ ਪਿੰਡ ਦੇ ਗੁਰੂਦੁਆਰੇ ਤੋਂ ਅਨਾਊਂਮੈਂਟ ਹੋ ਰਹੀ ਸੀ, "ਮਾਸਟਰ ਹਰਪਾਲ ਸਿੰਘ ਦੀ ਲੜਕੀ ਦੇ ਅਨੰਦ ਕਾਰਜ ਹੋਣ ਲੱਗੇ ਆ। ਪਿੰਡ ਵਾਸੀ ਗੁਰੂਦੁਆਰਾ ਸਾਹਿਬ ਪਹੁੰਚ ਜਾਉ।" ਇਹ ਅਨਾਊਂਮੈਂਟ ਸੁਣ ਕੇ ਮੈਂ ਪਿੰਡ ਦੇ ਗੁਰੂਦੁਆਰੇ ਪਹੁੰਚ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਪਿੱਛੋਂ ਮੈਂ ਮਾਸਟਰ ਹਰਪਾਲ ਸਿੰਘ ਦੇ ਲਾਗੇ ਜਾ ਕੇ ਬੈਠ ਗਿਆ। ਉਸ ਦੇ ਖੱਬੇ, ਸੱਜੇ ਤਿੰਨ, ਚਾਰ ਮਾਸਟਰ ਵੀ ਬੈਠੇ ਸਨ, ਜੋ ਉਸ ਦੇ ਨਾਲ ਪੜ੍ਹਾਂਦੇ ਸਨ। ਪਾਠੀ ਸਿੰਘ ਨੇ ਚਾਰ ਲਾਵਾਂ ਦਾ ਪਾਠ ਪੜ੍ਹ ਕੇ ਅਨੰਦ ਕਾਰਜ ਪੂਰੇ ਕੀਤੇ। ਮੈਂ ਆਪਣੀ ਜੇਬ ਵਿੱਚੋਂ ਸ਼ਗਨ ਦਾ ਲਿਫਾਫਾ ਕੱਢ ਕੇ ਮਾਸਟਰ ਹਰਪਾਲ ਸਿੰਘ ਦੇ ਅੱਗੇ ਕਰਦਿਆਂ ਕਿਹਾ, "ਤਹਾਨੂੰ ਲੜਕੀ ਦੇ ਵਿਆਹ ਦੀਆਂ ਬਹੁਤ ਬਹੁਤ ਵਧਾਈਆਂ।" ਮਾਸਟਰ ਹਰਪਾਲ ਸਿੰਘ ਨੇ ਆਖਿਆ, "ਹਾਲੇ ਇਹ ਲਿਫਾਫਾ ਰਹਿਣ ਦਿਉ। ਗੁਰੂਦੁਆਰੇ ਤੋਂ ਬਾਹਰ ਜਾ ਕੇ ਲਵਾਂਗੇ।" ਮੈਨੂੰ ਉਸ ਦੇ ਇਸ ਵਰਤਾਉ ਤੇ ਕੁਝ ਗੁੱਸਾ ਚੜ੍ਹ ਗਿਆ, ਫਿਰ ਮਨ ਮਾਰ ਕੇ ਉਸ ਦੇ ਗੁਰੂਦੁਆਰੇ 'ਚੋਂ ਬਾਹਰ ਜਾਣ ਦਾ ਇੰਤਜ਼ਾਰ ਕਰਨ ਲੱਗਾ। ਪ੍ਰਸ਼ਾਦ ਲੈਣ ਪਿੱਛੋਂ ਲੜਕੇ ਨਾਲ ਆਏ ਬਰਾਤੀ ਤੇ ਪਿੰਡ ਦੇ ਲੋਕ ਗੁਰੂਦੁਆਰੇ ਤੋਂ ਬਾਹਰ ਆ ਗਏ। ਮੈਂ ਵੀ ਮਾਸਟਰ ਹਰਪਾਲ ਸਿੰਘ ਦੇ ਨਾਲੇ ਬਾਹਰ ਆ ਗਿਆ।

"ਮਾਸਟਰ ਜੀ, ਹੁਣ ਤਾਂ ਸ਼ਗਨ ਲੈ ਲਉ।" ਮੈਂ ਆਖਿਆ।

ਮਾਸਟਰ ਹਰਪਾਲ ਸਿੰਘ ਬੜੀ ਨਿਮਰਤਾ ਨਾਲ ਆਖਣ ਲੱਗਾ, "ਪਹਿਲਾਂ ਤਾਂ ਮੈਂ ਤਹਾਡੇ ਕੋਲੋਂ ਇਸ ਗੱਲ ਦੀ ਮਾਫੀ ਮੰਗਦਾਂ ਕਿ ਮੈਂ ਲਿਫਾਫਾ ਗੁਰੂਦੁਆਰੇ ਦੇ ਅੰਦਰ ਤੁਹਾਡੇ ਕੋਲੋਂ ਨਹੀਂ ਫੜਿਆ। ਦੂਜੀ ਗੱਲ ਮੈਂ ਕਿਸੇ ਤੋਂ ਵੀ ਲਿਫਾਫੇ ਵਿੱਚ ਸ਼ਗਨ ਨ੍ਹੀਂ ਲਿਆ। ਹਰ ਇਕ ਤੋਂ ਸਿਰਫ ਸੌ ਰੁਪਿਆ ਲਿਆ। ਤੁਹਾਨੂੰ ਪਤਾ ਹੀ ਆ, ਮੈਂ ਤੇ ਮੇਰੀ ਪਤਨੀ ਦੋਵੇਂ ਟੀਚਰ ਹਾਂ। ਸਾਨੂੰ ਕਿਸੇ ਚੀਜ਼ ਦੀ ਵੀ ਲੋੜ ਨਹੀਂ। ਲੜਕੀ ਹੁਣੇ ਆਸਟ੍ਰੇਲੀਆ ਤੋਂ ਵਿਆਹ ਕਰਾਣ ਲਈ ਆਈ ਆ। ਕੁਝ ਦਿਨਾਂ ਪਿੱਛੋਂ ਉਸ ਨੇ ਮੁੜ ਆਸਟ੍ਰੇਲੀਆ ਚਲੇ ਜਾਣਾ ਆਂ। ਇਸ ਕਰਕੇ ਤੁਸੀਂ ਮੈਨੂੰ ਸਿਰਫ ਸੌ ਰੁਪਿਆ ਸ਼ਗਨ ਦਾ ਦੇ ਦਿਉ। "

ਮੈਂ ਆਪਣੇ ਬਟੂਏ ਵਿੱਚੋਂ ਸੌ ਰੁਪਏ ਦਾ ਨੋਟ ਕੱਢ ਕੇ ਉਸ ਦੇ ਹੱਥਾਂ ਵਿੱਚ ਰੱਖ ਦਿੱਤਾ। ਮੈਂ ਇਹ ਸੋਚਦਾ ਗੁਰੂਦੁਆਰੇ ਤੋਂ ਬਾਹਰ ਆ ਗਿਆ ਕਿ ਜੇ ਸਾਰੇ ਲੋਕ ਮਾਸਟਰ ਹਰਪਾਲ ਸਿੰਘ ਵਾਂਗ ਸੋਚਣ ਲੱਗ ਪੈਣ, ਤਾਂ ਕਿੰਨਾ ਧਨ ਬਚ ਸਕਦੈ ਅਤੇ ਵਾਧੂ ਦੇ ਲੜਾਈ, ਝਗੜੇ ਤੇ ਕਲੇਸ਼ ਜਿਹੜੇ ਲੈਣ, ਦੇਣ ਪਿੱਛੇ ਹੁੰਦੇ ਹਨ, ਵੀ ਘੱਟ ਸਕਦੇ ਹਨ।



**ਮਹਿੰਦਰ ਸਿੰਘ ਮਾਨ**
**9915803554**

## ਸਮਝ

ਅੰਤਾਂ ਦੀ ਗਰਮੀ ਪੈ ਰਹੀ ਸੀ ਤੇ ਮਜ਼ਦੂਰ ਖੇਤ 'ਚ ਜੀਰੀ ਲਾ ਰਹੇ ਸਨ। ਮੈਂ ਘਰ ਕਿਸੇ ਕੰਮ ਲਈ ਆਇਆ ਤਾਂ 10-12 ਗੱਭਰੂਆਂ ਦੀ ਟੋਲੀ ਦਰਵਾਜ਼ਾ ਖੜਕਾ ਕੇ ਅੰਦਰ ਆ ਗਈ। ਉਹ ਕਹਿਣ ਲੱਗੇ, "ਸਰਦਾਰ ਸਾਹਿਬ, ਛਬੀਲ ਲਾਉਣ ਵਾਸਤੇ ਸ਼ਰਧਾ ਅਨੁਸਾਰ ਢਾਲ ਲੈਣ ਆਏ ਹਾਂ। ਹੱਥ ਖੁੱਲ੍ਹਾ ਰੱਖਿਓ।" ਮੈਂ ਗਿਆਰਾਂ ਸੌ ਰੁਪਏ ਦੇਣ ਲੱਗਾ ਤਾਂ ਮੇਰੀ ਪਤਨੀ ਦੱਬਵੀਂ ਆਵਾਜ਼ 'ਚ ਬੋਲੀ, "ਪੈਸੇ ਦੇਖ ਕੇ ਦਿਓ, ਜ਼ਿਆਦਾ ਦੇਣ ਦੀ ਜ਼ਰੂਰਤ ਨਹੀਂ।" ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਮੈਂ ਪਤਨੀ ਨੂੰ ਗੁੱਸੇ 'ਚ ਕਿਹਾ, "ਭਾਗਵਾਨੇ, ਚੰਗਾ ਕੰਮ ਕਰਦੇ ਨੂੰ ਵੀ ਟੋਕਾ-ਟਾਕੀ ਕਰੀ ਜਾਂਦੀ ਏਂ।" ਅੱਗੋਂ ਮੇਰੀ ਪਤਨੀ ਨੇ ਬੜੇ ਸਹਿਜ ਨਾਲ ਜਵਾਬ ਦਿੱਤਾ, "ਸਰਦਾਰ ਜੀ, ਟੋਕਾ-ਟਾਕੀ ਕਾਹਦੀ ਐ। ਇਨ੍ਹਾਂ ਨੇ ਜਾਂਦੇ ਰਾਹੀਆਂ ਨੂੰ ਜ਼ਬਰਦਸਤੀ ਰੋਕ-ਰੋਕ ਪਾਣੀ ਪਿਲਾਉਣਾ ਹੈ। ਬੇਸ਼ੱਕ ਜ਼ਰੂਰਤ ਹੋਵੇ ਜਾਂ ਨਾ। ਚੰਗਾ ਕੰਮ ਤਾਂ ਇਹ ਹੋਵੇਗਾ ਬਈ ਅਸੀਂ ਘਰੋਂ ਮਿੱਠਾ ਪਾਣੀ ਕਰਕੇ ਝੋਨਾ ਲਾਉਂਦੇ ਲੋੜਵੰਦ ਮਜ਼ਦੂਰਾਂ ਨੂੰ ਰੋਜ਼ਾਨਾ ਛਕਾਈਏ। ਨਾਲੇ ਪੁੰਨ ਨਾਲੇ ਫਲੀਆਂ।" ਇਹ ਸੁਣ ਕੇ ਮੈਨੂੰ ਮੇਰੀ ਪਤਨੀ ਦੀ ਸਮਝ 'ਤੇ ਮਾਣ ਹੋ ਰਿਹਾ ਸੀ।

**ਕਾਹਨ ਸਿੰਘ ਖਹਿਰਾ**

## ਦਾਜ ਦੀ ਭੁੱਖ

ਸਵੇਰੇ ਪਤੀ ਨੂੰ ਦਫ਼ਤਰ ਅਤੇ ਬੱਚਿਆਂ ਨੂੰ ਸਕੂਲ ਤੋਰਨ ਮਗਰੋਂ ਆਪਣੀ ਸੱਸ ਵਲੋਂ ਮਿਲ ਰਹੇ ਘੱਟ ਦਾਜ ਲਿਆਉਣ ਦੇ ਮਿਹਣਿਆਂ ਨੂੰ ਅਣਗੌਲਿਆ ਜਿਹਾ ਕਰਦੀ ਅਨੀਤਾ ਆਪਣੇ ਕਮਰੇ ਅੰਦਰ ਰੱਖੇ ਲੈਪਟਾਪ ਸਾਹਮਣੇ ਜਾ ਕੇ ਬੈਠ ਗਈ। ਉਹ ਅੱਜਕੱਲ੍ਹ ਆਨਲਾਈਨ ਕੁੰਡਲੀਆਂ ਵੇਖਣਾ ਸਿੱਖ ਰਹੀ ਸੀ। ਅਚਾਨਕ ਆਪਣੇ ਪਿਤਾ ਵਿਚਲੀ ਕੁੰਡਲੀ ਦਾ ਇੱਕ ਯੋਗ ਨੈੱਟ 'ਤੇ ਘੋਖਣ ਉਪਰੰਤ ਉਸ ਨੇ ਆਪਣੇ ਪਿਤਾ ਨੂੰ ਫੋਨ ਮਿਲਾ ਕੇ ਪੁੱਛਿਆ, "ਤੁਹਾਨੂੰ ਕਦੇ ਆਪਣੇ ਸਹੁਰਿਆਂ ਵੱਲੋਂ ਕੋਈ ਬਿਜਲਈ ਉਪਕਰਨ ਤਾਂ ਨਹੀਂ ਮਿਲਿਆ ? ਜੇ ਮਿਲਿਆ ਹੈ ਤਾਂ ਉਸ ਦੀ ਵਰਤੋਂ ਕਰਨਾ ਤੁਹਾਡੇ ਲਈ ਠੀਕ ਨਹੀਂ।" ਅਨੀਤਾ ਦੀ ਗੱਲ ਸੁਣਦਿਆਂ ਹੀ ਮੰਜੇ 'ਤੇ ਬਿਮਾਰ ਪਏ ਉਸ ਦੇ ਪਿਤਾ ਨੇ ਪੂਰਾ ਜ਼ੋਰ ਲਾ ਕੇ ਜਵਾਬ ਦਿੱਤਾ, "ਨਾ ਪੁੱਤ, ਇਨ੍ਹਾਂ ਤੋਂ ਕਿੱਥੇ ਕੁਝ ਸਰਿਆ ਸੀ। ਤੇਰੀ ਦਾਦੀ ਮੁਤਾਬਿਕ ਤਾਂ ਇਨ੍ਹਾਂ ਦੀਆਂ ਦਿੱਤੀਆਂ ਚਾਦਰਾਂ ਵਿੱਚੋਂ ਵੀ ਦੋ ਚਾਦਰਾਂ ਰੇਸ਼ਮੀ ਨਹੀਂ ਸਨ।" ਪਿਤਾ ਦੀ ਇਹ ਗੱਲ ਸੁਣਦਿਆਂ ਹੀ ਅਨੀਤਾ ਨੇ ਝੱਟ ਫੋਨ ਕੱਟ ਦਿੱਤਾ। ਉਸ ਨੂੰ ਹੁਣ ਆਪਣੀ ਦਾਦੀ ਅਤੇ ਆਪਣੇ ਪੁੱਤ ਦੀ ਦਾਦੀ ਵਿੱਚ ਕੋਈ ਫ਼ਰਕ ਨਹੀਂ ਸੀ ਜਾਪ ਰਿਹਾ।

**ਕਮਲਪ੍ਰੀਤ ਸਿੰਘ**



# ਰਿਸ਼ਤਿਆਂ ਦਾ ਅਧਾਰ ਨਾਨਕੇ ਦਾਦਕੇ

*ਨਾਨਕੇ ਪਰਿਵਾਰ ਵਿੱਚ ਸਭ ਤੋਂ ਵੱਧ ਨਿੱਘ ਵਾਲਾ ਰਿਸ਼ਤਾ ਨਾਨੀ ਅਤੇ ਦੋਹਤਰੇ ਦਾ ਹੁੰਦਾ ਹੈ। ਨਾਨੀ ਲਈ 'ਦੋਹਤਰਾ' ਪੋਤਰੇ ਨਾਲੋਂ ਵੀ ਪਿਆਰਾ ਹੁੰਦਾ ਹੈ। ਬੱਚਿਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਮਨ ਅੰਦਰ ਹਮੇਸ਼ਾ ਹੀ ਨਾਨਕਿਆਂ ਦੀ ਤਾਂਘ ਬਣੀ ਰਹਿੰਦੀ ਹੈ*

ਲੈਕ. ਸਤਨਾਮ ਸਿੰਘ ਕੈਂਥ
9988 47124

ਪੰਜਾਬ ਦਾ ਸੱਭਿਆਚਾਰ ਅਨੇਕਾਂ ਰੰਗਾਂ ਵਿੱਚ ਰੰਗਿਆ ਹੋਇਆ ਹੈ। ਇਹ ਸਾਰੇ ਰੰਗ ਰਿਸ਼ਤਾ-ਨਾਤਾ ਪ੍ਰਣਾਲੀ ਦੇ ਸੁਮੇਲ ਨਾਲ ਹੀ ਉੱਘੜਦੇ ਹਨ। ਇਨ੍ਹਾਂ ਰੰਗਾਂ ਨੂੰ ਉਘਾੜਨ ਵਾਲੇ ਦੋ ਮੁੱਖ ਧੁਰੇ ਨਾਨਕੇ ਅਤੇ ਦਾਦਕੇ ਹੁੰਦੇ ਹਨ ਜੋ ਕਿ ਪਤੀ-ਪਤਨੀ ਦੇ ਰਿਸ਼ਤੇ ਉੱਤੇ ਅਧਾਰਿਤ ਹੁੰਦੇ ਹਨ। ਨਾਨਕਿਆਂ ਅਤੇ ਦਾਦਕਿਆਂ ਦੇ ਫ਼ਰਜ਼ ਭਾਵੇਂ ਵੱਖੋ-ਵੱਖਰੇ ਹਨ ਪਰ ਬਿਨ੍ਹਾਂ ਇਸ ਧੁਰੇ ਦੇ ਸਾਡੀ ਰਿਸ਼ਤਾ ਪ੍ਰਣਾਲੀ ਦਾ ਢਾਂਚਾ ਹੀ ਨਹੀਂ ਬੱਝ ਸਕਦਾ। ਨਾਨਕੇ 'ਧੀ ਵਾਲੀ ਧਿਰ' ਹੋਣ ਕਾਰਨ ਹਰ ਵਿਹਾਰ ਸਮੇਂ ਕੁਝ ਦੇਣ ਵਾਲੇ ਹੁੰਦੇ ਹਨ, ਜਦੋਂ ਕਿ ਦਾਦਕੇ ਕੇਵਲ ਲੈਣ ਵਾਲੇ ਹੀ। ਸਾਡੇ ਸਮਾਜ ਦੀ ਇਹ ਆਮ ਧਾਰਨਾ ਹੈ ਕਿ ਦੇਣ ਵਾਲਾ ਸਖੀ (ਦਰਿਆ ਦਿਲ) ਤੇ ਲੈਣ ਵਾਲਾ ਮੰਗਤਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਤਰ੍ਹਾਂ ਮੰਗ ਕੇ ਲੈਣ ਵਾਲੇ ਵੀ ਪੰਜਾਬੀ ਸਮਾਜ ਵਿੱਚ ਵੱਡਾ ਹੋਣ ਦਾ ਦਾਅਵਾ ਕਰਦੇ ਹਨ। ਨਾਨਕੇ ਪਰਿਵਾਰ ਵਿੱਚ ਸਭ ਤੋਂ ਵੱਧ ਨਿੱਘ ਵਾਲਾ ਰਿਸ਼ਤਾ ਨਾਨੀ ਅਤੇ ਦੋਹਤਰੇ ਦਾ ਹੁੰਦਾ ਹੈ। ਨਾਨੀ ਲਈ 'ਦੋਹਤਰਾ' ਪੋਤਰੇ ਨਾਲੋਂ ਵੀ ਪਿਆਰਾ ਹੁੰਦਾ ਹੈ। ਬੱਚਿਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਮਨ ਅੰਦਰ ਹਮੇਸ਼ਾ ਹੀ ਨਾਨਕਿਆਂ ਦੀ ਤਾਂਘ ਬਣੀ ਰਹਿੰਦੀ ਹੈ:

"ਨਾਨਕੇ ਘਰ ਜਾਵਾਂਗੇ
ਲੱਡੂ ਪੇੜੇ ਖਾਵਾਂਗੇ
ਮੋਟੇ ਹੋ ਕੇ ਆਵਾਂਗੇ।"

ਸੰਕਟ ਜਾਂ ਮੁਸੀਬਤ ਦਾ ਸਮਾਂ ਆਉਣ ਤੇ ਵੀ 'ਨਾਨੀ ਚੇਤੇ ਆਉਂਣੀ' ਜਾਂ 'ਨਾਨਕੇ ਯਾਦ ਆਉਣੇ' ਵਰਗੇ ਅਖਾਣ ਮੁਹਾਵਰੇ ਵਰਤੇ ਜਾਂਦੇ ਹਨ। ਜਿੱਥੋਂ ਤੱਕ ਨਾਨਕਿਆਂ ਵੱਲੋਂ ਨਿਭਾਏ ਜਾਣ ਵਾਲੇ ਫ਼ਰਜ਼ ਦੀ ਗੱਲ ਹੈ ਤਾਂ ਵਿਆਂਦੜ ਮੁੰਡੇ ਜਾਂ ਕੁੜੀ ਦੇ ਵਿਆਹ ਸਮੇਂ ਨਾਨਾ-ਨਾਨੀ, ਮਾਮਾ-ਮਾਮੀ, ਭਰਾ-ਭਰਜਾਈਆਂ, ਤੇ ਉਹਨਾਂ ਦੇ ਬੱਚੇ ਨਾਨਕਾ ਮੇਲ ਵੱਲੋਂ 'ਬੰਬੀਹਾ' ਬੁਲਾਉਂਦੇ ਹੋਏ ਵਿਆਹ ਵਾਲੇ ਘਰ ਪੁੱਜਦੇ ਹਨ। ਬੂਹੇ ਕੋਲ ਪਹੁੰਚਦੇ ਸਾਰ ਹੀ ਨਾਨਕਾ ਮੇਲ ਉੱਚੀ ਸੁਰ ਵਿੱਚ ਉਚਾਰਨਾ ਸ਼ੁਰੂ ਕਰ ਦਿੰਦਾ ਹੈ:

"ਜੀਤੋ ਕੁੜੀ ਦੇ ਬਾਰ, ਨੀ ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ।"

ਇਹ ਬੋਲ ਸੁਣਦੇ ਹੀ ਲਾਗਣ ਸਭ ਤੋਂ ਪਹਿਲਾਂ ਬਾਰ ਦੇ ਕੋਲਿਆਂ ਨਾਲ ਤੇਲ ਚੋਅ ਕੇ ਸ਼ਗਨ ਕਰਦੀ ਹੈ ਤੇ ਮਨ ਚਾਹਿਆ ਲਾਗ ਵਸੂਲ ਕਰਦੀ ਹੈ। ਇਸ ਤਰ੍ਹਾਂ ਨਾਨਕਾ ਮੇਲ ਵਿਆਂਦੜ ਦੇ ਘਰ ਦਾਖਲ ਹੁੰਦਾ ਹੈ। ਉਸੀਂ ਸਮੇਂ ਤੋਂ ਹਾਸੇ-ਠੱਠੇ ਤੇ ਮਖੌਲ ਮਸ਼ਕਰੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਵਿਆਹ ਤੋਂ ਇੱਕ ਦਿਨ ਪਹਿਲਾਂ ਰਾਤ ਦੇ ਪਹਿਰ ਜਾਗੋ ਕੱਢੀ ਜਾਂਦੀ ਹੈ। ਆਮ ਤੌਰ ਤੇ ਇਸ ਰਸਮ ਉੱਤੇ ਵੱਡੀ ਮਾਮੀ ਦਾ ਹੱਕ ਹੁੰਦਾ ਹੈ ਪਰ ਨਾਲ ਆਈਆਂ ਹੋਰ ਮੇਲਣਾ ਵੀ ਇਸ ਰਸਮ ਦੀ ਭਾਈਵਾਲ ਬਣਦੀਆਂ ਹਨ। ਇੱਕ ਪਿੱਤਲ ਦੀ ਵਲਹੋਟੀ (ਗਾਗਰ) ਦੇ ਮੂੰਹ ਤੇ ਕੁੱਝ ਆਟੇ ਦੇ ਦੀਵੇ ਰੱਖੇ ਜਾਂਦੇ ਹਨ। ਇਸ ਜਗਦੇ ਦੀਵਿਆਂ ਵਾਲੀ ਵਲਹੋਟੀ ਨੂੰ ਹੀ ਜਾਗੋ ਕਿਹਾ ਜਾਂਦਾ ਹੈ। ਜਾਗੋ ਨਾਲ ਤੁਰੀਆਂ ਜਾਂਦੀਆਂ ਮੇਲਣਾ ਕੋਲ ਘੁੰਗਰੂਆਂ ਵਾਲੀ ਡਾਂਗ, ਛੱਜ, ਪਰਾਤਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਜਦੋਂ ਉਹ ਖੜਕਾਉਂਦੀਆਂ ਤਾਂ ਇੱਕ ਵੱਖਰਾ ਹੀ ਵਾਤਾਵਰਨ ਸਿਰਜਿਆ ਜਾਂਦਾ ਹੈ। ਇਸ ਤਰ੍ਹਾਂ ਛੱਜ ਭੰਨਦੀਆਂ ਤੇ ਡਾਂਗ ਖੜਕਾਉਂਦੀਆਂ ਮੇਲਣਾ ਪਿੰਡ ਵੱਲ ਹੋ ਤੁਰਦੀਆਂ ਤੇ ਗਾਉਂਦੀਆਂ :-

"ਏਸ ਪਿੰਡ ਦਿਓ ਪੰਚੋ ਵੇ ਸਰਪੰਚੋ ਲੰਬੜਦਾਰੋ
ਬਈ ਮੇਲ ਆਇਆ ਚੰਦ ਕੁਰ ਦੇ
ਜ਼ਰਾ ਹਟ ਕੇ ਪਰਾਂ ਨੂੰ ਲੰਘ ਜਾਇਓ
ਬਈ ਵੱਡੀ ਮਾਮੀ ਜੈਲਦਾਰਨੀ।"

'ਛੱਕ ਭਰਨਾ' ਨਾਨਕਿਆਂ ਵੱਲੋਂ ਕੀਤੀ ਜਾਣ ਵਾਲੀ ਸਭ ਤੋਂ ਅਹਿਮ ਰਸ਼ਮ ਹੁੰਦੀ ਹੈ। ਇਸ ਰਸ਼ਮ ਨਾਲ ਨਾਨਕਿਆਂ ਉੱਤੇ ਲਗਭਗ ਅੱਧੇ ਵਿਆਹ ਦਾ ਖਰਚ ਵੀ ਸਹੇੜਿਆ ਜਾਂਦਾ ਹੈ। ਨਾਨਕਾ ਮੇਲ ਵਿਆਂਦੜ ਕੁੜੀ ਲਈ ਲਿਆਂਦੇ ਗਹਿਣੇ, ਜਿਸ ਵਿੱਚ ਰੰਗਲਾ ਚੂੜਾ, ਮਾਮੇ ਮੁਰਕੀਆਂ ਆਦਿ ਸ਼ਾਮਲ ਹੁੰਦਾ ਹੈ, ਦਾਦਕੇ ਪਰਿਵਾਰ ਨੂੰ ਸੌਂਪਦਾ ਹੈ।

ਇਸ ਤਰ੍ਹਾਂ ਵੱਖੋ-ਵੱਖਰੀਆਂ ਰਸਮਾਂ-ਰੀਤਾਂ ਨੂੰ ਨਿਭਾਉਂਦਿਆਂ ਨਾਨਕੇ ਮੇਲ ਨੂੰ ਕਾਫੀ ਖਰਚ ਸਹੇੜਨਾ ਪੈਂਦਾ ਹੈ, ਪਰ ਇੰਨ੍ਹਾਂ ਖਰਚ ਸਹੇੜਨ ਕਰਕੇ ਹੀ ਸਰਦਾਰੀ ਵੀ ਨਾਨਕੇ ਮੇਲ ਦੀ ਹੀ ਹੁੰਦੀ ਹੈ। ਜਿੱਥੇ ਨਾਨਕਾ ਪਰਿਵਾਰ ਸਾਡੀ ਰਿਸ਼ਤਾ ਪ੍ਰਣਾਲੀ ਦਾ ਇੱਕ ਸਤੰਭ ਹੈ, ਉੱਥੇ ਹੀ ਦਾਦਕੇ ਪਰਿਵਾਰ ਦਾ ਵੀ ਇਸ ਪਿੜ ਵਿੱਚ ਇੱਕ ਖਾਸ ਮਹੱਤਵ ਹੈ। ਬੱਚੇ ਦੀਆਂ ਰਗਾਂ ਵਿੱਚ ਪਿਤਾ ਦਾ ਖ਼ੂਨ ਹੁੰਦਾ ਹੈ। ਇਸ ਤਰ੍ਹਾਂ ਉਹ ਦਾਦਕੇ ਪਰਿਵਾਰ ਦੀਆਂ ਪਕੇਰੀਆਂ ਤੰਦਾਂ ਵਿੱਚ ਵੱਧਦਾ-ਫੁੱਲਦਾ ਹੈ। ਪਿਤਾ ਪੁਰਖੀ ਧੰਦੇ ਅਤੇ ਰਸਮ ਰਿਵਾਜ਼ ਉਹ ਸਹਿਜੇ ਹੀ ਗ੍ਰਹਿਣ ਕਰ ਜਾਂਦਾ ਹੈ। ਦਾਦਕੇ ਪਰਿਵਾਰ ਦੇ ਰਿਸ਼ਤਿਆਂ ਵਿੱਚ ਦਾਦਾ-ਦਾਦੀ, ਮਾਤਾ-ਪਿਤਾ ਤੇ ਅੱਗੋਂ ਉਨ੍ਹਾਂ ਦੇ ਬੱਚੇ ਸ਼ਾਮਿਲ ਹੁੰਦੇ ਹਨ। ਇਨ੍ਹਾਂ ਰਿਸ਼ਤਿਆਂ ਵਿੱਚੋਂ ਦਾਦੀ-ਪੋਤਰੇ ਦਾ ਰਿਸ਼ਤਾ ਵੀ ਨਾਨੀ-ਦੋਹਤਰੇ ਦੇ ਰਿਸ਼ਤੇ ਵਾਂਗ ਕਾਫੀ ਮੋਹ ਭਰਿਆ ਹੁੰਦਾ ਹੈ। "ਕੁੱਟ-ਕੁੱਟ ਚੂਰੀਆਂ ਖਵਾਣੀਆ" ਦੀ ਕਹਾਵਤ ਇਸੇ ਪਿੜ ਵਿੱਚੋਂ ਬੱਝੀ ਪ੍ਰਤੀਤ ਹੁੰਦੀ ਹੈ। ਇਸ ਤੋਂ ਇਲਾਵਾ ਬਰਾਦਰੀ ਜਾਂ ਭਾਈਚਾਰਾ ਵੀ ਦਾਦਕੇ ਪਿੰਡ ਦਾ ਹੁੰਦਾ ਹੈ। ਬਰਾਦਰੀ ਵਿੱਚੋ ਛੇਕਿਆ ਜਾਣਾ ਇੱਕ ਨਮੋਸ਼ੀ ਭਰੀ ਗੱਲ ਮੰਨੀ ਜਾਂਦੀ ਹੈ। ਇਸ ਲਈ ਕਿਸੇ ਵੀ ਤਰ੍ਹਾਂ ਦਾ ਗਿਲਾ-ਸ਼ਿਕਵਾ ਹੋਣ ਦੀ ਸੂਰਤ ਵਿੱਚ ਉਸਨੂੰ ਬਰਾਦਰੀ ਦੇ ਇਕੱਠ ਵਿੱਚ ਦੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀ ਸੱਭਿਆਚਾਰ ਵਿੱਚ ਨਾਨਕਿਆਂ ਤੇ ਦਾਦਕਿਆਂ ਦੀ ਵੱਖੋ-ਵੱਖਰੀ ਭੂਮਿਕਾ ਹੁੰਦੀ ਹੈ। ਇਸ ਭੂਮਿਕਾ ਨੂੰ ਨਿਭਾਉਂਦੇ ਹੋਏ ਉਹ ਰਿਸ਼ਤਾ ਪ੍ਰਣਾਲੀ ਦੀਆਂ ਤੰਦਾਂ ਨੂੰ ਮਜਬੂਤ ਬਣਾਉਂਦੇ ਹਨ। ਅੱਜ ਦੇ ਸਮੇਂ ਵਿੱਚ ਭਾਵੇਂ ਰਿਸ਼ਤਿਆਂ ਨਾਤਿਆਂ ਵਿੱਚ ਕਾਫੀ ਤਰੇੜਾ ਆ ਗਈਆਂ ਹਨ ਪਰ ਇਸਦੇ ਬਾਵਜੂਦ ਨਾਨਕਿਆਂ ਤੇ ਦਾਦਕਿਆਂ ਦੇ ਰਿਸ਼ਤੇ ਦੇ ਬੁਨਿਆਦੀ ਸੰਕਪਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

# ਕਵੀਆਂ ਦਾ ਹਾਲ

ਅੱਜ ਕੱਲ੍ਹ ਨਵੇਂ ਜ਼ਮਾਨੇ ਵਿੱਚ ਨਵਾਂ ਕੁਝ ਹੀ ਸੁਣਨ ਵੇਖਣ ਨੂੰ ਦਿਨੋਂ ਦਿਨ ਆ ਰਿਹਾ ਹੈ ਕੋਈ ਚੰਗੇ ਮਾੜੇ ਦੀ ਪਛਾਣ ਬਹੁਤ ਘੱਟ ਹੋ ਰਹੀ ਹੈ ਸੋ ਚੰਗੇ ਲਿਖਾਰੀ ਚੰਗੀਆਂ ਕਵਿਤਾਵਾਂ ਚੰਗੇ ਲਿਟਰੇਚਰ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਕਿਉਂਕਿ ਅੱਜ ਕੱਲ੍ਹ ਗੰਦੀ ਗਾਇਕੀ ਮਾੜੇ ਗੀਤਾਂ ਨੇ ਬਹੁਤ ਜ਼ਿਆਦਾ ਅੱਜ ਦੀ ਨਵੀਂ ਪੀੜ੍ਹੀ ਨੂੰ ਆਪਣੇ ਵੱਲ ਖਿੱਚ ਲਿਆ ਹੈ। ਅੱਜ ਕੱਲ੍ਹ ਅਖ਼ਬਾਰਾਂ ਵਿੱਚ ਚੰਗੇ ਲਿਖੇ ਲੇਖ ਜਾਂ ਚੰਗੀਆਂ ਲਿਖੀਆਂ ਕਵਿਤਾਵਾਂ ਲਾਇਬ੍ਰੇਰੀਆਂ ਵਿਚ ਪਈਆਂ ਹੀ ਰਹਿ ਗਈਆਂ ਹਨ ਕਿਉਂਕਿ ਸਮੇਂ ਦੇ ਹਿਸਾਬ ਨਾਲ ਇੱਕ ਤਾਂ ਲੋਕਾਂ ਕੋਲੋਂ ਪੜ੍ਹਨ ਦਾ ਟਾਈਮ ਹੀ ਨਹੀਂ ਰਹਿ ਗਿਆ ਦੂਸਰੇ ਪਾਸੇ ਸਾਡੇ ਇੰਟਰਨੈੱਟ ਨੇ ਵੀ ਤੋਬਾ ਤੋਬਾ ਕਰਾ ਕੇ ਰੱਖ ਦਿੱਤੀ ਹੈ ਵਾਟਸਐਪ, ਟੈੱਕ ਟੋਕ ,ਫੇਸਬੁੱਕ ਇਸ ਤਰ੍ਹਾ ਦੀਆਂ ਕਈ ਇੰਟਰਨੈੱਟ ਤੇ ਐਪਸ ਬਣ ਚੁੱਕੀਆਂ ਹਨ ਜਿਸ ਵਿੱਚ ਦੁਨੀਆਂ ਦਾ ਬੱਚੇ ਤੋਂ ਲੱਗ ਕੇ ਬਜ਼ੁਰਗ ਤੱਕ ਹਰ ਕੋਈ ਬਿਜ਼ੀ ਹੋਇਆ ਪਿਆ ਹੈ ਅੱਜ ਕੱਲ੍ਹ ਕੋਈ ਵਧੀਆ ਚੀਜ਼ ਸੁਣਨ ਵਾਸਤੇ ਤਿਆਰ ਹੀ ਨਹੀਂ ਅਤੇ ਨਾ ਕੋਈ ਵਧੀਆ ਲੇਖ ਕਹਾਣੀ ਪੜ੍ਹ ਕਿ ਅਖ਼ਬਾਰ ਵਿੱਚ ਖ਼ੁਸ਼ ਹੈ ਟੀਵੀ ਚੈਨਲਾਂ ਦੇ ਉੱਤੇ ਵੀ ਲੋਕ ਗਾਣੇ ਸੁਣ ਕੇ ਹੀ ਗੰਦੇ ਮੰਦੇ ਖ਼ੁਸ਼ ਹਨ। ਅੱਜ ਕੱਲ੍ਹ ਦੇਸ਼ ਪ੍ਰਦੇਸ਼ਾਂ ਦੀ ਧਰਤੀ ਦੇ ਉੱਤੇ ਜਾਂ ਇੰਡੀਆ ਦੇ ਵਿੱਚ ਵੀ ਕਈ ਥਾਵਾਂ ਤੇ ਚੰਗੇ ਸੱਭਿਆਚਾਰ ਕਵੀ ਦਰਬਾਰ ਕਰਾਏ ਜਾਂਦੇ ਹਨ ਪਰ ਉਨ੍ਹਾਂ ਥਾਵਾਂ ਤੇ ਵੇਖਣ ਨੂੰ ਲੋਕ ਬਹੁਤ ਘੱਟ ਦਿਸਦੇ ਹਨ ਕਿਉਂਕਿ ਅੱਜ ਕੱਲ੍ਹ ਲੱਚਰ ਗਾਇਕੀ ਦਾ ਬੋਲਬਾਲਾ ਹੈ , ਟੀ ਵੀ ਚੈਨਲਾਂ ਦੇ ਉੱਤੇ ਗੰਦੇ ਮੰਦੇ ਗਾਣੇ ਦਿਖਾਏ ਜਾਂਦੇ ਹਨ ਗੰਦੇ ਮੰਦੇ ਨਾਟਕ ਫ਼ਿਲਮਾਂ ਦਿਖਾਈਆਂ ਜਾ ਰਹੀਆਂ ਹਨ ਪਰ ਲੋਕਾਂ ਦਾ ਉਸ ਪਾਸੇ ਵੱਲ ਨੂੰ ਹੀ ਧਿਆਨ ਹੋਇਆ ਪਿਆ ਹੈ ਬਹੁਤ ਘੱਟ ਥਾਵਾਂ ਤੇ ਖ਼ਬਰ ਮਿਲਦੀ ਹੈ ਕਿ ਉੱਥੇ ਬਹੁਤ ਵਧੀਆ ਕਵੀ ਦਰਬਾਰ ਜ਼ੋਰਾਂ ਸ਼ੋਰਾਂ ਨਾਲ ਸਮਾਪਤ ਹੋਇਆ ਇਸ ਤਰ੍ਹਾਂ ਦੀਆਂ ਚੰਗੀਆਂ ਖ਼ਬਰਾਂ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ ਕਿਉਂਕਿ ਪਿੱਛੇ ਜਿਹੇ ਅਮਰੀਕਾ ਦੇ ਫ਼ਰਜ਼ ਨੂੰ ਸ਼ਹਿਰ ਵਿੱਚ ਜੁੱਸੇ ਰੇਲਵੇ ਵੱਲੋਂ ਕਵੀ ਦਰਬਾਰ ਕਰਵਾਇਆ ਗਿਆ ਪਰ ਉੱਥੇ ਜੋ ਵੀਡੀਓ ਦੇਖਣ ਨੂੰ ਮਿਲੀਆਂ ਬਹੁਤ ਘੱਟ ਲੋਕ ਇਹ ਪ੍ਰੋਗਰਾਮ ਸੁਣਨ ਵਾਸਤੇ ਪਹੁੰਚੇ ਸਨ ਕਿਉਂਕਿ ਜੋ ਪਹੁੰਚੇ ਸਨ ਬਸ ਉਹ ਕਵੀ ਹੀ ਸਨ ਉਹ ਵੀ ਆਪਣੇ ਦਿਲਾਂ ਨੂੰ ਹੌਂਸਲਾ ਦਿਵਾਉਣ ਵਾਸਤੇ ਇੱਕ ਦੂਜੇ ਨੂੰ ਆਪਣੀਆਂ ਕਵਿਤਾਵਾਂ ਸੁਣਾਉਣ ਵਾਸਤੇ ਪਹੁੰਚੇ ਸਨ ਕਿਉਂਕਿ ਅੱਜ ਕੱਲ੍ਹ ਕੋਈ ਗਾਇਕ ਆਉਂਦਾ ਹੈ ਤਾਂ ਉਸ ਦੀ ਡੇਢ ਦੋ ਸੌ ਡਾਲਰਾਂ ਤੋਂ ਤੱਕ ਅੱਗੇ ਵਾਲੀਆਂ ਕੁਰਸੀਆਂ ਦੀ ਟਿਕਟ ਦੀ ਫੀਸ ਰੱਖੀ ਜਾਂਦੀ ਹੈ ਨਾਲੇ ਤਾਂ ਉਹ ਗੰਦੇ ਮੰਦੇ ਗੀਤ ਸੁਣਾ ਕੇ ਜਾਂਦੇ ਹਨ ਨਾਲੇ ਸਾਡੀਆਂ ਮਾਵਾਂ ਭੈਣਾਂ ਧੀਆਂ ਦੀਆਂ ਲੱਕ ਮਿਣ ਕੇ ਜਾਂਦੇ ਹਨ, ਪੁਰਜੇ ਪਟੋਲੇ ਕਹਿ ਕੇ ਜਾਂਦੇ ਹਨ, ਪੈਰਾਂ ਦੀਆਂ ਜੁੱਤੀਆਂ ਦੇ ਨਾਲ ਤੁਲਨਾ ਕਰਕੇ ਜਾਂਦੇ ਹਨ ਇੱਦਾਂ ਦੇ ਗੰਦੇ ਮੰਦੇ ਗਾਇਕਾਂ ਤੇ ਗਾਉਣ ਵਾਲਿਆਂ ਦੀ ਅਸੀਂ ਸਪੋਰਟ ਕਰਦੇ ਹਾਂ ਹੱਸ ਹੱਸ ਕੇ ਤਾੜੀਆਂ ਮਾਰਦੇ ਹਾਂ ਕਿ ਬਹੁਤ ਵਧੀਆ ਸੱਭਿਆਚਾਰ ਸਾਨੂੰ ਸੁਣਾ ਰਹੇ ਹਨ ਨਾਲੇ ਸਾਡੀ ਬੇਇਜ਼ਤੀ ਕਰ ਜਾਂਦੇ ਹਨ ਅਤੇ ਨਾਲੇ ਬੋਰੀਆਂ ਡਾਲਰਾਂ ਦੀਆਂ ਭਰ ਭਰ ਕੇ ਜਾਣ ਲੱਗਿਆਂ ਲੈ ਜਾਂਦੇ ਹਨ ਸਾਡੀ ਕਮਿਊਨਿਟੀ ਦਾ ਇਹ ਹਾਲ ਹੈ। ਚੰਗੀਆਂ ਕਵਿਤਾਵਾਂ ਤੇ ਚੰਗੀਆਂ ਲਿਖਾਰੀਆਂ ਦਾ ਤਾਂ ਘਰ ਦੀ ਕੁੱਕੜੀ ਦਾਲ ਬਰਾਬਰ ਨਾਲੋਂ ਵੀ ਮਾੜਾ ਹਾਲ ਹੈ ਕਿਉਂਕਿ ਸਪੋਰਟ ਮਾੜੇ ਤੇ ਚੰਗੇ ਗੀਤਾਂ ਨੂੰ ਹੀ ਪ੍ਰਮੋਟ ਕੀਤਾ ਜਾ ਰਿਹਾ ਹੈ। ਇੱਕ ਹਾਸੇ ਵਾਲੀ ਗੱਲ ਚੇਤਾ ਆਈ ਇੱਕ ਕਵੀ ਦੇ ਘਰ ਦੇ ਵੀ ਉਹਨੂੰ ਚੰਗੀ ਤਰ੍ਹਾਂ ਪ੍ਰਮੋਟ ਉਸ ਦੀਆਂ ਕਵਿਤਾਵਾਂ ਨਹੀਂ ਸੁਣਦੇ ਸਨ ਉਸ ਨੇ ਕਮਰਾ ਬੰਦ ਕਰਕੇ ਖਿੜਕੀ ਖੋਲ੍ਹ ਕੇ ਆਪਣਾ ਕਵਿਤਾ ਸੁਣਾਉਣੀ ਸ਼ੁਰੂ ਕਰ ਦਿੱਤੀ ਨਾਲ ਹੀ ਲੰਘਦੇ ਹੋਏ ਰਾਹੀ ਨੇ ਪੁੱਛਿਆ ਕਿ ਇਹ ਕੀ ਰੌਲਾ ਪਾ ਰੱਖਿਆ ਹੈ ਤਾਂ ਅੱਗੋਂ ਉਸ ਕਵੀ ਨੇ ਜਵਾਬ ਦਿੱਤਾ ਕਿ ਜੋ ਮੇਰੀ ਕਵਿਤਾ ਸੁਣੇਗਾ ਉਸ ਨੂੰ ਮੈਂ ਪੰਜਾਹ ਰੁਪਏ ਦੇਵਾਂਗਾ ਇਸ ਤਰ੍ਹਾਂ ਉੱਥੇ ਸੁਣਨ ਵਾਲਿਆਂ ਦੀ ਲਾਈਨ ਲੱਗ ਗਈ। ਇਸ ਤਰ੍ਹਾਂ ਦੀ ਕਹਾਵਤ ਹੈ ਕਿ ਅੱਜ ਕੱਲ ਚੰਗੇ ਕਵੀਆਂ ਨੂੰ ਆਪਣੀਆਂ ਕਵਿਤਾਵਾਂ ਗੀਤ ਸੁਣਾਉਣ ਵਾਸਤੇ ਪੱਲਿਓਂ ਪੈਸੇ ਖਰਚਣੇ ਪੈ ਰਹੇ ਹਨ ।

ਦੂਸਰੇ ਪਾਸੇ ਜੇ ਅਸੀਂ ਗੁਰੂ ਘਰਾਂ ਵੱਲ ਵੀ ਨਿਗ੍ਹਾ ਮਾਰੀਏ ਤਾਂ ਚੰਗੇ ਪ੍ਰਚਾਰਕ ਚੰਗੇ ਰਾਗੀਆਂ ਨੂੰ ਲੋਕ ਕਿੰਨਾ ਕੋ ਸੁਣ ਰਹੇ ਹਨ ਕੋਈ ਵਧੀਆ ਪ੍ਰਚਾਰਕ ਜਾਂ ਰਾਗੀ ਸਿੰਘ ਗੁਰੂ ਘਰ ਆਉਂਦੇ ਜਾਂਦੇ ਰਹਿੰਦੇ ਹਨ ਤਾਂ ਇੱਕ ਅੱਧਾ ਡਾਲਰ ਹੀ ਉਨ੍ਹਾਂ ਨੂੰ ਮੱਥਾ ਟੇਕਦੇ ਹਾਂ ਕਿਉਂਕਿ ਉਨ੍ਹਾਂ ਨੇ ਸਾਨੂੰ ਜ਼ਿੰਦਗੀ ਜਿਊਣ ਲਈ ਕੁਝ ਚੰਗੀ ਸੇਧ ਦੇ ਕੇ ਜਾਣੀ ਹੈ ਗੁਰਬਾਣੀ ਜਾਂ ਇਤਿਹਾਸ ਬਾਰੇ ਕੋਈ ਵਧੀਆ ਗੱਲਾਂ ਸੁਣਾ ਕੇ ਜਾਣੀਆਂ ਹਨ ਕੋਈ ਗੁਰੂਆਂ ਪੀਰਾਂ ਦੀਆਂ ਜੀਵਨੀਆਂ ਬਾਰੇ ਸਾਨੂੰ ਗਿਆਨ ਦੇ ਕੇ ਜਾਣਾ ਹੈ ਪਰ ਅਸੀਂ ਇਹ ਗੱਲਾਂ ਉਨ੍ਹਾਂ ਦੇ ਚੰਗੇ ਪ੍ਰਚਾਰ ਨੂੰ ਅਣਗੌਲਿਆ ਹੀ ਕਰ ਜਾਂਦੇ ਹਾਂ ਤੇ ਗੰਦੇ ਗੀਤ ਗਾਉਣ ਵਾਲਿਆਂ ਨੂੰ ਅਸੀਂ ਲੱਖਾਂ ਡਾਲਰ ਦੋ ਦੋ ਸੌ ਦੀ ਟਿਕਟ ਲਾ ਕੇ ਅੱਗੇ ਬੈਠ ਕੇ ਸੁਣਦੇ ਹਾਂ ਸੋ ਆਓ ਆਪਣੇ ਚੰਗੇ ਜੀਵਨ ਦੀ ਸ਼ੁਰੂਆਤ ਕਰੀਏ ਚੰਗਾ ਕੁਝ ਸੁਣਨਾ ਪਸੰਦ ਕਰੀਏ ਕੁਝ ਚੰਗੇ ਲਿਖਾਰੀਆਂ ਦੀ ਚੰਗੀਆਂ ਕਵਿਤਾਵਾਂ ਚੰਗੇ ਲੇਖਕਾਂ ਦੀ ਕਦਰ ਕਰੀਏ ਤੇ ਪੜ੍ਹ ਕੇ ਉਨ੍ਹਾਂ ਤੇ ਅਮਲ ਕਰੀਏ।



**ਸ਼ਿੰਦਰ ਸਿੰਘ ਮੀਰਪੁਰੀ 5592850841**



# ਰੀਝਾਂ ਦੀ ਫੁਲਕਾਰੀ

**ਚੋਪ, ਸੁੱਭਰ, ਤਿੱਲ ਪੱਤਰਾ, ਨੀਲਕ ਆਦਿ ਫੁਲਕਾਰੀ ਦੀਆਂ ਕੁਝ ਮਸ਼ਹੂਰ ਕਿਸਮਾਂ ਹਨ ਜੋ ਕਿ ਪੰਜਾਬਣਾਂ ਦੇ ਹਾਰ ਸ਼ਿੰਗਾਰ ਦਾ ਮੁੱਖ ਹਿੱਸਾ ਹਨ। ਚੂੜਾ ਚੜ੍ਹਾਉਣ ਵੇਲੇ ਪਹਿਨਾਈ ਜਾਣ ਵਾਲੀ ਫੁਲਕਾਰੀ ਚੋਪ ਨਾਨੀ ਵੱਲੋਂ ਦੋਹਤੀ ਨੂੰ ਪਹਿਨਾਈ ਜਾਂਦੀ ਹੈ।**

ਫੁਲਕਾਰੀ ਰੰਗੀ ਬਿਰੰਗੇ ਧਾਗਿਆਂ ਨਾਲ ਕੱਪੜੇ ਤੇ ਉੱਕਰੇ ਫੁੱਲਾਂ ਦਾ ਝੁਰਮੱਟ ਹੈ, ਜਿਹੜਾ ਆਪਮੁਹਾਰੇ ਸਾਡੇ ਮਨ ਨੂੰ ਮੋਹ ਲੈਂਦਾ ਹੈ। ਫੁਲਕਾਰੀ ਦਾ ਪੰਜਾਬੀ ਜੀਵਨ ਨਾਲ ਅਟੁੱਟ ਸਬੰਧ ਹੈ। ਕਸੀਦੇ ਦੀ ਕਹਾਣੀ ਫੁਲਕਾਰੀ ਦਾ ਸ਼ਾਬਦਿਕ ਅਰਥ ਹੈ ਫੁੱਲ ਕੱਢਣ ਦੀ ਕਲਾ। ਫੁਲਕਾਰੀ ਦੀ ਗਾਥਾ ਸ਼ਾਇਦ ਮੋਹਿੰਜਦਾੜੋ, ਹੜੱਪਾ ਸੱਭਿਅਤਾ ਨਾਲ ਜੁੜੀ ਹੋਈ ਹੈ। ਘਰ ਵਿਚ ਹੀ ਬੁਣੇ, ਕੱਤੇ ਅਤੇ ਰੰਗੇ ਹੋਏ ਖੱਦਰ ਨੂੰ ਰੰਗੀਨ ਪੱਟ ਦੇ ਧਾਗੇ ਨਾਲ ਸਿੰਧ ਦੀ ਕਹਾਣੀ ਹੀ ਫੁਲਕਾਰੀ ਹੈ, ਜਿਸ ਦੀ ਸਿਖਲਾਈ ਇਕ ਸੁੱਘੜ ਸਿਆਣੀ ਮਾਂ ਆਪਣੀ ਧੀ ਨੂੰ ਗੁੜਤੀ ਤੋਂ ਬਾਅਦ ਹੀ ਸ਼ੁਰੂ ਕਰ ਦਿੰਦੀ ਹੈ। ਇਨ੍ਹਾਂ ਸ਼ਗਨਾਂ ਦੀਆਂ ਫੁਲਕਾਰੀਆਂ ਨੂੰ ਮਾਸੀਆਂ, ਭੂਆ ਅਤੇ ਹੋਰ ਰਿਸ਼ਤੇਦਾਰ ਔਰਤਾਂ ਮਿਲ ਕੇ ਬਣਾਉਂਦੀਆਂ। ਤ੍ਰਿੰਝਣ ਵਿਚ ਬੈਠ ਕੇ ਢੋਲਕੀ ਦੀ ਥਾਪ ਨਾਲ ਗੀਤ ਛੋਹ ਕੇ ਮੁਟਿਆਰਾਂ ਉਸ ਸਕੂਲ ਵਿਚ ਜਾ ਬੈਠਦੀਆਂ, ਜਿੱਥੇ ਉਹ ਆਪਣਾ ਇਤਿਹਾਸ, ਮਿਥਿਹਾਸ ਅਤੇ ਦੰਦ ਕਥਾਵਾਂ ਸਿੱਖਦੀਆਂ। ਚੋਪ, ਸ਼ੁੱਭਰ, ਤਿੱਲ ਪੱਤਰਾ, ਨੀਲਕ ਆਦਿ ਫੁਲਕਾਰੀ ਦੀਆਂ ਕੁਝ ਮਸ਼ਹੂਰ ਕਿਸਮਾਂ ਹਨ ਜੋ ਕਿ ਪੰਜਾਬਣਾਂ ਦੇ ਹਾਰ ਸ਼ਿੰਗਾਰ ਦਾ ਮੁੱਖ ਹਿੱਸਾ ਹਨ। ਚੂੜਾ ਚੜ੍ਹਾਉਣ ਵੇਲੇ ਪਹਿਨਾਈ ਜਾਣ ਵਾਲੀ ਫੁਲਕਾਰੀ ਚੋਪ ਨਾਨੀ ਵੱਲੋਂ ਦੋਹਤੀ ਨੂੰ ਸੁਹਾਗ ਗਾਉਂਦਿਆਂ ਪਹਿਨਾਈ ਜਾਂਦੀ ਹੈ। ਲੋਕ ਗੀਤਾਂ ਵਿਚ ਵੀ ਫੁਲਕਾਰੀ ਨਾਲ ਸਬੰਧਤ ਗੀਤ ਮੁਟਿਆਰਾਂ ਦੇ ਦਿਲਾਂ ਦੇ ਹਾਵ ਭਾਵ ਪ੍ਰਗਟਾਉਂਦੇ ਹਨ।

**ਉੱਤੇ ਫੁਲਕਾਰੀ ਮੈਂ ਰਹਿੰਦੀ ਕੁਆਰੀ,**
**ਸੱਸੇ ਪੁੱਤ ਪਰਦੇਸੀਂ ਤੋਰਿਆ ਏ।**
**ਕੱਢਣਾ ਏ ਬਾਗ ਸੱਸੇ ਸੁੱਤੀਏ ਜਾਗ,**
**ਸੱਸੇ ਪੁੱਤ ਪਰਦੇਸੀਂ ਤੋਰਿਆ ਏ।**
**ਤੰਦ ਨਹੀਂਉ ਪਾਉਂਦੀ ਮੇਰੀ ਅਹਿਲ ਜਵਾਨੀ, ਸੱਸੇ ਪੁੱਤ ਪਰਦੇਸੀਂ ਤੋਰਿਆ ਏ।**
**ਫੁਲਕਾਰੀ ਮੇਰੀ ਰੇਸ਼ਮੀ, ਰੰਗ ਨਾ ਆਇਆ ਠੀਕ, ਛੇਤੀ ਦਰਸ਼ਨ ਦੇਵਣ ਮੈਂ ਰਸਤਾ ਰਹੀ ਉਡੀਕ।**

ਜੋਬਨਮੱਤੀ ਮੁਟਿਆਰ ਦੀ ਸੂਰਤ ਅਤੇ ਸੀਰਤ ਨੂੰ ਵੀ ਗੱਭਰੂ ਇਸ ਤਰ੍ਹਾਂ ਪ੍ਰਗਟਾਉਂਦਾ ਹੈ :

**ਫੁੱਲ ਕੱਢਿਆ ਜੇ ਫੇਰਵਾਂ,**
**ਫੁੱਲ ਕੱਢੀਏ ਤਾਂ ਤੋਰੀ ਦਾ,**
**ਤੋਰੀ ਦਾ ਰੰਗ ਕੀ ਸਲਾਹੀਏ,**
**ਰੰਗ ਸਲਾਹੀਏ ਗੋਰੀ ਦਾ।**
**ਰੇਸ਼ਮ ਰੇਸ਼ਮ ਹਰ ਕੋਈ ਕਹਿੰਦਾ,**
**ਰੇਸ਼ਮ ਮੂੰਹੋਂ ਬੋਲਦਾ,**
**ਫੁਲਕਾਰੀ ਦਾ ਰੰਗ ਗੋਰੀਏ,**
**ਇਸ਼ਕ ਹੁਸਨ ਸੰਗ ਤੋਲਦਾ।**

ਸੋ ਫੁਲਕਾਰੀ ਨਾ ਕੇਵਲ ਇਕ ਪਹਿਨਣ ਤੇ ਸ਼ਿੰਗਾਰਣ ਵਾਲਾ ਕੱਪੜਾ ਹੈ ਬਲਕਿ ਆਪਣੇ ਪੱਲੇ ਵਿਚ ਇਸ ਨੇ ਬਜ਼ੁਰਗਾਂ ਦੀਆਂ ਕਈ ਸਿਆਣਪਾਂ ਅਤੇ ਦੁੱਖ ਸੁੱਖ ਛੁਪਾ ਕੇ ਰੱਖੇ ਹੋਏ ਹਨ।

ਇਕ ਮਾਂ ਦੀਆਂ ਧੀ ਲਈ ਸਭ ਇਛਾਵਾਂ ਹੇਠਲੇ ਗੀਤ ਵਿਚ ਇੰਝ ਨਜ਼ਰ ਆਉਂਦੀਆਂ ਹਨ



**ਧੀ ਹੋਵੇ ਤਾਂ ਧਨ ਹੋਵੇ,**
**ਕਿਆ ਜੀਓ ਨਿਰਧਨ**
**ਧੀ ਨਾ ਹੋਵੇ,ਦਿਆਂ ਲੱਖ ਫੁਲਕਾਰੀਆਂ, ਜਿੱਥੇ ਧੀ ਦਾ ਆਦਰ ਹੋਵੇ।**

ਪਰ ਹੁਣ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਫੁਲਕਾਰੀਆਂ, ਬਾਗ ਕੱਢਣ ਦੀ ਇਹ ਪਿਰਤ ਅਲੋਪ ਹੁੰਦੀ ਜਾ ਰਹੀ ਹੈ। ਸਾਨੂੰ ਆਪਣੇ ਅਨਮੋਲ ਫੁਲਕਾਰੀ ਵਿਰਸੇ ਦੀ ਸਾਂਭ ਸੰਭਾਲ ਲਈ ਜਾਗਣ ਦੀ ਲੋੜ ਹੈ। ਇਸ ਕਢਾਈ ਦੀ ਸਿਖਲਾਈ ਸਾਡੀ ਨੌਜੁਆਨ ਪੀੜ੍ਹੀ ਨੂੰ ਦੇਣ ਦੀ ਜ਼ਰੂਰਤ ਹੈ ਤਾਕਿ ਇਹ ਰੋਜ਼ੀ ਰੋਟੀ ਦਾ ਸਾਧਨ ਵੀ ਬਣ ਸਕੇ ਅਤੇ ਸਾਡੇ ਵਿਰਸੇ ਦੀ ਅਮੀਰੀ ਦੀ ਖ਼ੁਸ਼ਬੂ ਵੀ ਆਉਣ ਵਾਲੀਆਂ ਪੀੜ੍ਹੀਆਂ ਤੱਕ ਸਹੀ ਸਲਾਮਤ ਪਹੁੰਚ ਸਕੇ।

**• ਗੁਰਉਪਦੇਸ਼ ਕੌਰ ਪਟਿਆਲਾ**



# ਬੋਲਚਾਲ ਦਾ ਹੁਨਰ ਹੁੰਦਾ ਹੈ ਸ਼ਖਸੀਅਤ ਦਾ ਮਿਆਰ

ਬੋਲਚਾਲ ਦਾ ਸਾਡੀ ਜ਼ਿੰਦਗੀ ਵਿੱਚ ਬਹੁਤ ਹੀ ਮਹੱਤਵਪੂਰਨ ਤੇ ਉਸਾਰੂ ਰੋਲ ਹੁੰਦਾ ਹੈ। ਬੋਲਚਾਲ ਸਦਕਾ ਹੀ ਮਨੁੱਖ ਦੀ ਸ਼ਖਸੀਅਤ ਉਜਾਗਰ ਹੁੰਦੀ ਹੈ। ਨਿਮਰਤਾ, ਮਿਠਾਸ ਤੇ ਸੱਭਿਅਕ ਭਰਪੂਰ ਸ਼ਬਦਾਵਲੀ ਹਰ ਮਨੁੱਖ ਦੇ ਮਨ 'ਤੇ ਡੂੰਘਾ ਅਸਰ ਛੱਡਦੀ ਹੈ। ਮਿੱਠਬੋਲੜੇ ਸੱਜਣ ਵਿਅਕਤੀ ਨਾਲ ਹਰ ਕੋਈ ਗੱਲ ਕਰਨ ਦੀ ਲੋਚਾ ਰੱਖਦਾ ਹੈ। ਦੂਜੇ ਪਾਸੇ ਜਿਸ ਮਨੁੱਖ ਦੀ ਬੋਲਚਾਲ ਵਿੱਚ ਹੀ ਖਰ੍ਹਵਾਪਨ ਹੋਵੇ ਤਾਂ ਉਸ ਵਿਅਕਤੀ ਨਾਲ ਬੋਲਣਾ ਤਾਂ ਦੂਰ ਕੋਈ ਉਸਦੇ ਨੇੜੇ ਢੁਕਣਾ ਵੀ ਪਸੰਦ ਨਹੀਂ ਕਰਦਾ। ਸਿਆਣਿਆਂ ਦਾ ਕਥਨ ਹੈ, ''ਪਹਿਲਾਂ ਤੋਲੋ ਫਿਰ ਬੋਲੋ।'' ਅਕਸਰ ਕਿਹਾ ਜਾਂਦਾ ਹੈ ਕਿ ਕਿਸੇ ਹਥਿਆਰ ਦਾ ਫੱਟ ਤਾਂ ਭਰ ਸਕਦਾ ਹੈ ਪਰ ਮਿਹਣਿਆਂ ਤੇ ਤਾਨਿਆਂ ਦਾ ਫੱਟ ਸਾਰੀ ਉਮਰ ਨਹੀਂ ਭਰਦਾ। ਇਸ ਲਈ ਸਾਨੂੰ ਕੋਈ ਵੀ ਗੱਲ ਮੂੰਹੋਂ ਕੱਢਣ ਤੋਂ ਪਹਿਲਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਇਹ ਗੱਲ ਕਰਨੀ ਵੀ ਹੈ ਜਾਂ ਨਹੀਂ। ਜੇਕਰ ਗੱਲ ਕਰਨੀ ਵੀ ਹੈ ਤਾਂ ਕਿਸ ਸਮੇਂ 'ਤੇ ਕਰਨੀ ਹੈ। ਕਿਸੇ ਖੁਸ਼ੀ ਵਾਲੇ ਮਾਹੌਲ ਵਿੱਚ ਅਸੀਂ ਕਿਸੇ ਦੀ ਦੁਖਦਾਈ ਰਗ 'ਤੇ ਹੱਥ ਰੱਖ ਦਈਏ ਤਾਂ ਇਹ ਸਾਡੀ ਸਿਆਣਪ ਨਹੀਂ ਹੋਵੇਗੀ। ਇਸੀ ਤਰ੍ਹਾਂ ਅਫਸੋਸ ਕਰਨ ਸਮੇਂ ਸਾਨੂੰ ਆਪਣੇ ਹਾਵ-ਭਾਵ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ। ਸਮੇਂ 'ਤੇ ਸਥਿਤੀ ਅਨੁਸਾਰ ਕੀਤੀ ਗੱਲ ਹੀ ਸਾਡੀ ਸੰਪੂਰਨ ਸ਼ਖਸੀਅਤ ਦਾ ਪ੍ਰਮਾਣ ਦਿੰਦੀ ਹੈ। ਵੈਸੇ ਵੀ ਕਿਹਾ ਜਾਂਦਾ ਹੈ ਗੱਲ ਜ਼ੁਬਾਨੋ ਤੇ ਤੀਰ ਕਮਾਨੋ ਨਿਕਲ ਜਾਣ 'ਤੇ ਕਦੇ ਵਾਪਸ ਨਹੀਂ ਪਰਤਦੇ। ਆਮ ਸ਼ਖਸੀਅਤ ਦਾ ਖ਼ਾਸ ਬਣਨਾ ਅਸਲ ਵਿੱਚ ਮਨੁੱਖ ਦੀ ਬੋਲਚਾਲ 'ਤੇ ਹੀ ਨਿਰਭਰ ਕਰਦਾ ਹੈ। ਚਾਚਾ ਨਹਿਰੂ ਦਾ ਬੱਚਿਆਂ ਲਈ ਇੱਕ ਰੋਲ ਮਾਡਲ ਬਣਨਾ ਇਸੇ ਗੱਲ ਦਾ ਪ੍ਰਤੀਕ ਹੈ। ਜਵਾਹਰ ਲਾਲ ਨਹਿਰੂ ਜੀ ਦੀ ਬੋਲਚਾਲ ਕਰਕੇ ਹੀ ਬੱਚਿਆਂ ਨੇ ਉਹਨਾਂ ਨੂੰ ''ਚਾਚਾ'' ਦੀ ਉਪਾਧੀ ਨਾਲ ਨਿਵਾਜਿਆ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ,''ਮਿਠ ਬੋਲੜਾ ਜੀ ਹਰ ਸੱਜਣ ਸੁਆਮੀ ਮੋਰਾ, ਹਉ ਸੰਭਲ ਥਕੀ ਜੀ ਉਹ ਕਦੇ ਨਾ ਬੋਲੋ ਕਉਰਾ।'' ਜੇਕਰ ਬੋਲਚਾਲ ਵਿੱਚ ਮਿਠਾਸ ਦੇ ਨਾਲ-ਨਾਲ ਦਲੀਲ ਵੀ ਹੋਵੇ ਤਾਂ ਅਨੇਕਾਂ ਦੁਸ਼ਮਣ ਵੀ ਮਿੱਤਰ ਬਣ ਜਾਂਦੇ ਹਨ। ਅਸੀਂ ਹਸਮੁੱਖ ਹਾਂ ਜਾਂ ਰੋਂਦੂ, ਆਸ਼ਾਵਾਦੀ ਹਾਂ ਜਾਂ ਨਿਰਾਸ਼ਾਵਾਦੀ, ਪੜ੍ਹੇ ਲਿਖੇ ਹਾਂ ਜਾਂ ਅਨਪੜ੍ਹ, ਮੂਰਖ ਹਾਂ ਜਾਂ ਸਿਆਣੇ, ਤਜਰਬੇਕਾਰ ਹਾਂ ਜਾਂ ਅਨਾੜੀ ਆਦਿ ਸਭ ਗੁਣ ਜਾਂ ਔਗੁਣਾਂ ਦਾ ਪਤਾ ਸਾਡੀ ਬੋਲਚਾਲ ਤੋਂ ਹੀ ਲੱਗਦਾ ਹੈ। ਬੋਲਚਾਲ ਦੀ ਲਿਆਕਤ ਅਸੀਂ ਆਪਣੇ ਸਮਾਜਿਕ ਚੌਗਿਰਦੇ ਵਿੱਚੋਂ ਹੀ ਸਿੱਖਦੇ ਹਾਂ। ਇਸੇ ਸਮਾਜ ਵਿੱਚ ਸਾਡੀ ਬੋਲੀ ਬਣਦੀ ਤੇ ਸੰਵਰਦੀ ਹੈ, ਜਿਸ ਪਿੱਛੇ ਬਹੁਤ ਸਾਰੇ ਤੱਤ ਕਾਰਜ ਕਰਦੇ ਹਨ। ਜਿੱਥੇ ਅਸੀਂ ਜੰਮੇ, ਪਲੇ ਜਾਂ ਖੇਡੇ ਹੁੰਦੇ ਹਾਂ ਉਸ ਮਾਹੌਲ ਦਾ ਅਸਰ ਹੀ ਸਾਡੀ ਸ਼ਖਸੀਅਤ ਨੂੰ ਉਭਾਰ ਕੇ ਦੂਜਿਆਂ ਸਾਹਮਣੇ ਪੇਸ਼ ਕਰਦਾ ਹੈ। ਵੇਖਣ ਵਾਲਾ ਵੀ ਆਖਦਾ ਹੈ ''ਬਈ ਕਿੰਨਾ ਖੁਸ਼ਗਵਾਰ ਮਾਹੌਲ ਹੋਵੇਗਾ ਉਸ ਘਰ ਦਾ, ਜਿੱਥੋਂ ਚਸ਼ਮੇ ਵਰਗੇ ਬੋਲ ਫੁੱਟ ਰਹੇ ਹਨ।'' ''ਜੈਸੀ ਸੰਗਤ ਵੈਸੀ ਰੰਗਤ'' ਦੇ ਤੱਥ ਅਨੁਸਾਰ ਬੋਲਚਾਲ ਉੱਪਰ ਸੰਗਤ ਦਾ ਵੀ ਬਹੁਤ ਗੂੜ੍ਹਾ ਅਸਰ ਪੈਂਦਾ ਹੈ। ਸੰਗਤ ਜਿੱਥੇ ਆਦਤਾਂ ਉੱਤੇ ਅਸਰ ਪਾਉਂਦੀ ਹੈ ਉੱਥੇ ਬੋਲੀ ਨੂੰ ਵੀ ਪ੍ਰਭਾਵਿਤ ਕਰਦੀ ਹੈ, ਕਿਉਂਕਿ ਆਦਤਾਂ ਅਤੇ ਸੁਭਾਅ ਦਾ ਸ਼ਾਬਦਿਕ ਪ੍ਰਗਟਾਅ ਬੋਲਾਂ ਰਾਹੀਂ ਹੀ ਹੋਣਾ ਹੁੰਦਾ ਹੈ। ਅਸੀਂ ਆਪਣੇ ਜੀਵਨ ਵਿੱਚ ਪਰਿਵਾਰਿਕ ਮੈਂਬਰਾਂ, ਆਂਢ-ਗੁਆਂਢ, ਰਿਸ਼ਤੇਦਾਰਾਂ ਨਾਲ ਅਪਣੱਤ ਵਾਲਾ ਰਿਸ਼ਤਾ ਤਾਂ ਹੀ ਕਾਇਮ ਰੱਖ ਸਕਦੇ ਹਾਂ ਜੇਕਰ ਸਾਡੀ ਬੋਲਚਾਲ ਵਿੱਚ ਰਸਮੀ ਵਲਗਣਾ ਨਾ ਹੋਣ। ਜਿੱਥੇ ਬੋਲਣ ਲੱਗਿਆਂ ਮਨ ਉੱਪਰ ਬੋਝ ਨਹੀਂ ਪਾਉਣਾ ਪੈਂਦਾ ਤੇ ਨਾ ਹੀ ਸੁਣਨ ਵਾਲੇ ਨੂੰ ਤੁਹਾਡੇ ਸ਼ਬਦ ਬਣਾਵਟੀ ਜਾਪਣ। ਰਸਮੀ ਵਲਗਣਾ ਵਿੱਚ ਘਿਰੀ ਬੋਲਚਾਲ ਦਾ ਸੁਆਦ ਤਾਂ ਉਸ ਖਰਬੂਜੇ ਦੇ ਨਿਆਈਂ ਹੁੰਦਾ ਹੈ ਜੋ ਵੇਖਣ ਵਿੱਚ ਤਾਂ ਰਸਦਾਰ ਜਾਪਦਾ ਹੈ ਪਰ ਹੈ ਅਸਲੋਂ ਰਸਹੀਣ। ਰਸਮੀ ਵਲਗਣਾ ਤੋਂ ਉਪਰਾਮ ਰਹਿ ਕੇ ਹੀ ਬੋਲਚਾਲ ਦੀ ਚਾਸ਼ਣੀ ਦਾ ਸਵਾਦ ਚਖਿਆ ਜਾ ਸਕਦਾ ਹੈ। ਅਕਸਰ ਇਹ ਵੇਖਿਆ ਜਾਂਦਾ ਹੈ ਕਿ ਲੋਕ ਆਪਣੀ ਬਾਹਰੀ ਖ਼ੂਬਸੂਰਤੀ ਤੇ ਸਰੀਰਕ ਡੀਲ-ਡੌਲ ਪ੍ਰਤੀ ਤਾਂ ਸੁਚੇਤ ਹੁੰਦੇ ਹਨ ਪਰੰਤੂ ਆਪਣੇ ਅਸਲ ਸੁਹੱਪਣ ਤੋਂ ਬੇਪ੍ਰਵਾਹ ਹੁੰਦੇ ਹਨ। ਬਾਹਰੀ ਖ਼ੂਬਸੂਰਤੀ ਦੇ ਪੱਟੇ ਉਹ ਕਈ ਵਾਰ ਜਾਣੇ-ਅਣਜਾਣੇ ਵਿੱਚ ਕਿਸੇ ਨੂੰ ਇੰਨਾ ਕੋਝਾ ਬੋਲ ਪੈਂਦੇ ਹਨ ਕਿ ਹਮੇਸ਼ਾ ਲਈ ਉਸ ਨਾਲ ਆਪਣੀ ਅਪਣੱਤ ਗੁਆ ਬੈਠਦੇ ਹਨ। ਉਹ ਇਸ ਗੱਲ ਤੋਂ ਲਾਂਭੇ ਰਹਿ ਜਾਂਦੇ ਹਨ ਕਿ ਅਸਲ ਸੁਹੱਪਣ ਦਾ ਮੁਦੱਸਮਾ ਤਾਂ ਉਹਨਾਂ ਦੀ ਬੋਲਚਾਲ ਹੈ। ਬੋਲਚਾਲ ਵਿੱਚ ਅਪਣੱਤ ਦੇ ਨਾਲ ਹਾਸਾ-ਠੱਠਾ ਹੋਣਾ ਵੀ ਬੇਹੱਦ ਜ਼ਰੂਰੀ ਹੈ। ਕਈ ਵਾਰ ਕਿਸੇ ਦਾ ਮਖੌਲ ਢਿੱਡੀ ਪੀੜਾਂ ਪਾ ਦਿੰਦਾ ਹੈ ਤੇ ਸਾਰੇ ਦਿਨ ਦਾ ਥੱਕਿਆ ਹਾਰਿਆ ਇਨਸਾਨ ਆਪਣੇ-ਆਪ ਨੂੰ ਤਰੋਤਾਜ਼ਾ ਮਹਿਸੂਸ ਕਰਨ ਲੱਗ ਪੈਂਦਾ ਹੈ।

**ਸਤਨਾਮ ਸਿੰਘ ਕੈਂਥ ( ਲੈਕ. ਪੰਜਾਬੀ)**




# ਪੇਟ ਦਰਦ ਨੂੰ ਦੂਰ ਕਰਨ 'ਚ ਬੇਹੱਦ ਅਸਰਦਾਰ ਹਨ ਇਹ ਘਰੇਲੂ ਨੁਸਖੇ



ਮੌਸਮ 'ਚ ਬਦਲਾਅ ਕਾਰਨ ਸਿਹਤ ਨਾਲ ਜੁੜੀਆਂ ਪ੍ਰੇਸ਼ਾਨੀਆਂ ਹੋਣਾ ਆਮ ਗੱਲ ਹੈ। ਕਈ ਵਾਰ ਸਾਡੇ ਭੋਜਨ 'ਚ ਬਦਲਾਅ ਅਤੇ ਪਾਚਨ ਕਿਰਿਆ 'ਚ ਗੜਬੜੀ ਦੀ ਵਜ੍ਹਾਂ ਨਾਲ ਵੀ ਪੇਟ 'ਚ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਘਰੇਲੂ ਉਪਾਅ ਦੀ ਵਰਤੋਂ ਨਾਲ ਵੀ ਆਰਾਮ ਪਾਇਆ ਜਾ ਸਕਦਾ ਹੈ।ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਹੀ ਘਰੇਲੂ ਨੁਸਖਿਆਂ ਬਾਰੇ ਦੱਸਣ ਜਾ ਰਹੇ ਹਾਂ ਜਿਸ ਦੀ ਵਰਤੋਂ ਨਾਲ ਤੁਸੀਂ ਪੇਟ ਦਰਦ ਤੋਂ ਛੁਟਕਾਰਾ ਪਾ ਸਕਦੇ ਹੋ। ਆਓ ਜਾਣਦੇ ਹਾਂ ਇਸ ਬਾਰੇ ...

ਪੇਟ ਦਰਦ ਹੋਣ 'ਤੇ ਅਦਰਕ ਦਾ ਛੋਟਾ ਜਿਹਾ ਟੁੱਕੜਾ ਮੂੰਹ 'ਚ ਪਾ ਕੇ ਚੂਸਣ ਨਾਲ ਦਰਦ ਤੋਂ ਆਰਾਮ ਮਿਲਦਾ ਹੈ। ਧੁੰਨੀ 'ਤੇ ਅਦਰਕ ਦਾ ਰਸ ਲਗਾਉਂਣ ਨਾਲ ਪੇਟ ਦਰਦ ਠੀਕ ਹੋ ਜਾਂਦਾ ਹੈ ਅਤੇ ਪਾਚਨ ਕਿਰਿਆ ਵੀ ਬਿਹਤਰ ਹੋ ਜਾਂਦੀ ਹੈ। ਬੱਚਿਆਂ ਦੇ ਪੇਟ 'ਚ ਗੈਸ ਦੀ ਵਜ੍ਹਾਂ ਨਾਲ ਦਰਦ ਹੋਵੇ ਤਾਂ ਥੋੜੀ ਜਿਹੀ ਹਿੰਗ 'ਚ ਪਾਣੀ ਮਿਲਾਕੇ ਪੇਸਟ ਬਣਾ ਲਓ। ਇਸ ਨੂੰ ਧੁੰਨੀ 'ਤੇ ਲਗਾਉਣ ਨਾਲ ਪੇਟ ਦਰਦ ਅਤੇ ਗੈਸ ਤੋਂ ਛੁਟਕਾਰਾ ਮਿਲਦਾ ਹੈ। ਪੇਟ ਦਰਦ ਹੋਣ 'ਤੇ ਮੂਲੀ ਦੀ ਵਰਤੋਂ ਕਰਨਾ ਬਹੁਤ ਫਾਇਦੇਮੰਦ ਹੁੰਦਾ ਹੈ ਮੂਲੀ 'ਤੇ ਕਾਲਾ ਨਮਕ ਲਗਾ ਕੇ ਖਾਣ ਨਾਲ ਪੇਟ ਦਰਦ ਠੀਕ ਹੋ ਜਾਂਦਾ ਹੈ। ਤੁਲਸੀ ਦੇ 10-12 ਪੱਤਿਆਂ ਦੇ ਰਸ ਦੀ ਵਰਤੋਂ ਕਰਨ ਨਾਲ ਜਾਂ ਤੁਲਸੀ ਦੀ ਚਾਹ ਪੀਣ ਨਾਲ ਆਰਾਮ ਮਿਲਦਾ ਹੈ। ਦਹੀਂ ਦੇ ਨਾਲ ਮੇਥੀ ਦੇ ਬੀਜ ਦਾ ਪਾਊਡਰ ਮਿਲਾਕੇ ਖਾਣ ਨਾਲ ਦਰਦ ਤੋਂ ਆਰਾਮ ਮਿਲਦਾ ਹੈ। ਪੇਟ ਗੈਸ ਦੇ ਕਾਰਨ ਦਰਦ ਤੋਂ ਪ੍ਰੇਸ਼ਾਨ ਹੋ ਤਾਂ 1 ਗਲਾਸ 'ਚ ਥੋੜਾ ਜਿਹਾ ਮਿੱਠਾ ਸੋਡਾ ਮਿਲਾਕੇ ਪੀਣ ਨਾਲ ਆਰਾਮ ਮਿਲਦਾ ਹੈ। 1 ਚੱਮਚ ਅਜਵਾਈਨ ਨੂੰ ਤਵੇ 'ਤੇ ਭੁੰਨ ਕੇ ਉਸ 'ਚ ਕਾਲਾ ਨਮਕ ਮਿਲਾ ਕੇ ਅਤੇ ਇਸ ਨੂੰ ਕੋਸੇ ਪਾਣੀ ਨਾਲ ਖਾਣ ਨਾਲ ਦਰਦ ਠੀਕ ਹੋ ਜਾਂਦਾ ਹੈ।

# ਇਹ ਫਲ ਮੋਟਾਪੇ ਦੇ ਸੈੱਲ ਨੂੰ ਖੋਰ ਦਿੰਦਾ



ਟੈਕਸਾਸ ਯੂਨੀਵਰਸਿਟੀ ਵਿੱਚ ਔਰਤਾਂ ਉੱਤੇ ਹੋਈ ਖੋਜ ਦੌਰਾਨ ਪਤਾ ਲੱਗਿਆ ਕਿ ਬਲੂਬੇਰੀ ਮੋਟਾਪਾ ਘਟਾਉਂਦੀਆਂ ਹਨ। ਮੋਟਾਪੇ ਦੇ ਸੈੱਲ (ਫੈਟ ਸੈੱਲ) ਘਟਾ ਕੇ ਇਹ ਥਿੰਦਾ ਖੋਰ ਦਿੰਦੀਆਂ ਹਨ। ਲਗਾਤਾਰ ਖਾਂਦੇ ਰਹਿਣ ਨਾਲ ਬਲੱਡ ਪ੍ਰੈੱਸ਼ਰ ਵੀ 10 ਫ਼ੀਸਦੀ ਤਕ ਘੱਟ ਜਾਂਦਾ ਹੈ ਜਿਹੜਾ ਇਸ ਵਿਚਲੇ 'ਏਕੈਂਥੋਸਾਇਆਨਿਨ' ਸਦਕਾ ਹੈ। ਇਹ ਤੱਥ ਇੰਗਲੈਂਡ ਵਿਚਲੀ ਐਂਗਲੀਆ ਯੂਨੀਵਰਸਿਟੀ ਤੇ ਅਮਰੀਕਾ ਦੀ ਹਾਵਰਡ ਯੂਨੀਵਰਸਿਟੀ ਵਿੱਚ ਹੋਈ ਖੋਜ ਰਾਹੀਂ ਪਤਾ ਲੱਗੇ ਹਨ। ਏਕੈਂਥੋਸਾਇਆਨਿਨ ਤੱਤ ਸਦਕਾ ਔਰਤਾਂ ਵਿੱਚ ਦਿਲ ਦੇ ਦੌਰੇ ਦਾ ਖ਼ਤਰਾ ਵੀ 33 ਫ਼ੀਸਦੀ ਘਟ ਜਾਂਦਾ ਹੈ ਜੇ ਹਫ਼ਤੇ ਵਿੱਚ ਤਿੰਨ ਤੋਂ ਚਾਰ ਦਿਨ ਬਲੂਬੈਰੀ ਖਾ ਲਈਆਂ ਜਾਣ। ਕੈਨੇਡਾ ਦੀ ਮੈਮੋਰੀਅਲ ਯੂਨੀਵਰਸਿਟੀ ਨੇ ਬਲੂਬੈਰੀਜ਼ ਬਾਰੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਪਾਰਕਿਨਸਨ ਤੇ ਹੋਰ ਯਾਦਾਸ਼ਤ ਭੁਲਾਉਣ ਵਾਲੇ ਰੋਗਾਂ ਤੋਂ ਬਚਣਾ ਹੈ ਤੇ ਦਿਮਾਗ ਤੰਦਰੁਸਤ ਰੱਖਣਾ ਹੈ ਤਾਂ ਬਲੂਬੈਰੀ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ।

# ਤੰਦਰੁਸਤ ਦੰਦ ਮੰਗਦੇ ਹਨ ਉਚਿਤ ਦੇਖਭਾਲ



ਦੰਦ ਤੰਦਰੁਸਤ ਹਨ ਤਾਂ ਸਾਡਾ ਪੇਟ ਵੀ ਤੰਦਰੁਸਤ ਰਹੇਗਾ, ਕਿਉਂਕਿ ਜੋ ਵੀ ਭੋਜਨ ਅਸੀਂ ਖਾਂਦੇ ਹਾਂ, ਉਹ ਦੰਦਾਂ ਦੁਆਰਾ ਚਬਾਇਆ ਜਾਂਦਾ ਹੈ। ਦੰਦ ਕਮਜ਼ੋਰ ਹੋਣ 'ਤੇ ਭੋਜਨ ਬਿਨਾਂ ਪੂਰੀ ਤਰ੍ਹਾਂ ਚਬਾਏ ਪੇਟ ਵਿਚ ਜਾਵੇਗਾ ਅਤੇ ਪੇਟ ਖਰਾਬ ਹੋ ਜਾਵੇਗਾ। ਦੰਦਾਂ ਨੂੰ ਤੰਦਰੁਸਤ ਰੱਖਣ ਲਈ ਦੰਦਾਂ ਦੀ ਉਚਿਤ ਦੇਖਭਾਲ ਕਰਨੀ ਚਾਹੀਦੀ ਹੈ।

- × ਦਿਨ ਵਿਚ ਦੋ ਵਾਰ ਦੰਦਾਂ ਦੀ ਸਫ਼ਾਈ ਜ਼ਰੂਰ ਕਰੋ, ਸਵੇਰੇ ਉੱਠ ਕੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ।
- × ਦੰਦਾਂ ਦੀ ਸਫ਼ਾਈ ਦੇ ਨਾਲ ਮਸੂੜਿਆਂ ਦਾ ਵੀ ਧਿਆਨ ਰੱਖੋ। ਮਸੂੜੇ ਕਮਜ਼ੋਰ ਹੋਣ 'ਤੇ ਦੰਦ ਛੇਤੀ ਹਿੱਲਣੇ ਸ਼ੁਰੂ ਹੋ ਜਾਣਗੇ।
- × ਬੁਰਸ਼ ਨੂੰ ਹੌਲੀ-ਹੌਲੀ ਦੰਦਾਂ 'ਤੇ ਉੱਪਰ-ਹੇਠਾਂ, ਸੱਜੇ-ਖੱਬੇ ਚਲਾਓ। ਦੰਦਾਂ ਅਤੇ ਮਸੂੜਿਆਂ 'ਤੇ ਜ਼ੋਰ ਨਾਲ ਬੁਰਸ਼ ਨੂੰ ਨਾ ਰਗੜੋ।
- × ਡੇਢ-ਦੋ ਮਹੀਨੇ ਬਾਅਦ ਆਪਣਾ ਦੰਦਾਂ ਵਾਲਾ ਬੁਰਸ਼ ਬਦਲ ਲਓ। ਬੁਰਸ਼ ਦੇ ਬੇਤਰਤੀਬ ਰੇਸ਼ੇ ਦੰਦ ਸਾਫ ਕਰਨ ਦੇ ਯੋਗ ਨਹੀਂ ਹੁੰਦੇ।
- × ਟੁੱਥ ਪੇਸਟ, ਬੁਰਸ਼, ਮੰਜਨ ਚੰਗੀ ਕਿਸਮ ਦਾ ਹੀ ਵਰਤੋ। ਸਖ਼ਤ ਮੰਜਨ ਨਾ ਵਰਤੋ।
- × ਵਿਟਾਮਿਨ 'ਸੀ' ਦੇ ਸੇਵਨ ਨਾਲ ਦੰਦ ਅਤੇ ਮਸੂੜੇ ਮਜ਼ਬੂਤ ਬਣਦੇ ਹਨ। ਆਪਣੇ ਭੋਜਨ ਵਿਚ ਵਿਟਾਮਿਨ 'ਸੀ' ਵਾਲੇ ਫਲ ਅਤੇ ਪੁੰਗਰੀਆਂ ਦਾਲਾਂ ਦੀ ਵਰਤੋਂ ਨਿਯਮਤ ਕਰੋ। ਭੁੱਟਾ ਖਾਣ ਅਤੇ ਗੰਨਾ ਚੂਪਣ ਨਾਲ ਦੰਦਾਂ ਅਤੇ ਮਸੂੜਿਆਂ ਦੀ ਕਸਰਤ ਹੁੰਦੀ ਹੈ।
- × ਜ਼ਿਆਦਾ ਮਸਾਲੇਦਾਰ, ਖਟਿਆਈ ਅਤੇ ਮਿੱਠਾ ਦੰਦਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਬਹੁਤ ਜ਼ਿਆਦਾ ਗਰਮ ਅਤੇ ਠੰਢੇ ਪਦਾਰਥਾਂ ਦਾ ਸੇਵਨ ਘੱਟ ਤੋਂ ਘੱਟ ਕਰੋ।
- × ਸਾਲ ਵਿਚ ਘੱਟ ਤੋਂ ਘੱਟ ਦੋ ਵਾਰ ਦੰਦਾਂ ਦਾ ਨਿਰੀਖਣ ਦੰਦਾਂ ਦੇ ਡਾਕਟਰ ਕੋਲੋਂ ਕਰਵਾਓ। ਵਿਚ-ਵਿਚਾਲੇ ਦੰਦਾਂ ਵਿਚ ਕਿਸੇ ਤਰ੍ਹਾਂ ਦੀ ਦਰਦ, ਪਸ ਜਾਂ ਖ਼ੂਨ ਆਉਣ 'ਤੇ ਘਰੇਲੂ ਇਲਾਜ 'ਤੇ ਹੀ ਨਿਰਭਰ ਨਾ ਰਹੋ। ਡਾਕਟਰ ਨਾਲ ਸਲਾਹ ਕਰਕੇ ਉਚਿਤ ਦਵਾਈ ਲਓ।
- × ਦੰਦਾਂ ਵਿਚ ਕੇਵਿਟੀ ਹੋਣ 'ਤੇ ਦੰਦ ਮਾਹਿਰਾਂ ਕੋਲੋਂ ਜਾਂਚ ਕਰਵਾ ਕੇ ਸਮੇਂ ਸਿਰ ਹੀ ਦੰਦਾਂ ਦੀ ਫਿਲਿੰਗ ਕਰਵਾਓ।
- × ਦੰਦਾਂ 'ਤੇ ਜੰਮੀ ਪਰਤ ਦੀ ਸਫ਼ਾਈ ਲਈ ਡਾਕਟਰ ਕੋਲੋਂ ਦੰਦਾਂ ਦੀ ਸਕੇਲਿੰਗ ਕਰਵਾਓ।
- × ਦੰਦਾਂ ਵਿਚ ਕੁਝ ਫਸ ਜਾਣ ਦੀ ਸਥਿਤੀ ਵਿਚ ਪਹਿਲਾਂ ਬੁਰਸ਼ ਕਰਕੇ ਕੱਢਣ ਦੀ ਕੋਸ਼ਿਸ਼ ਕਰੋ। ਨਾ ਨਿਕਲਣ ਦੀ ਹਾਲਤ ਵਿਚ 'ਡੈਂਟਲ ਫਲਾਸ' ਦੀ ਸਹਾਇਤਾ ਨਾਲ ਦੰਦਾਂ ਨੂੰ ਸਾਫ਼ ਕਰੋ। 'ਡੈਂਟਲ ਫਲਾਸ' ਖਰੀਦਣ ਤੋਂ ਪਹਿਲਾਂ ਡਾਕਟਰ ਕੋਲੋਂ ਉਸ ਦੀ ਸਹੀ ਤਰ੍ਹਾਂ ਵਰਤੋਂ ਕਰਨ ਬਾਰੇ ਜਾਣਕਾਰੀ ਲੈ ਲਓ।

**ਪ੍ਰੀਤਨਾਮਾ ਅਖ਼ਬਾਰ ਵਿਚ ਪ੍ਰਕਾਸ਼ਿਤ ਦੇਸੀ ਨੁਸਖੇ ਅਪਣਾਉਣ ਤੋਂ ਪਹਿਲਾਂ ਇੱਕ ਵਾਰ ਕਿਸੇ ਮਾਹਿਰ ਜਾਂ ਫਿਰ ਡਾਕਟਰ ਨਾਲ ਜ਼ਰੂਰ ਸਲਾਹ ਕਰ ਲਓ।**

# ਦਮੇ ਵਿਚ ਸਹਾਇਕ ਹੈ ਘਰੇਲੂ ਇਲਾਜ

ਜਿਥੇ ਅੰਗਰੇਜ਼ੀ ਦਵਾਈਆਂ ਨਾਲ ਦਮੇ ਦੇ ਲੱਛਣਾਂ ਨੂੰ ਦਬਾਅ ਕੇ ਕੁਝ ਸਮੇਂ ਲਈ ਰਾਹਤ ਹੀ ਪਾਈ ਜਾ ਸਕਦੀ ਹੈ, ਉਥੇ ਘਰੇਲੂ ਅਤੇ ਕੁਦਰਤੀ ਨਿਯਮਾਂ ਦਾ ਪਾਲਣ ਕਰਕੇ ਇਸ ਨੂੰ ਲਗਪਗ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ।



ਦਮਾ ਅਲਰਜੀ ਦਾ ਨਤੀਜਾ ਹੈ। ਜਿਨ੍ਹਾਂ ਚੀਜ਼ਾਂ ਤੋਂ ਵਿਅਕਤੀ ਨੂੰ ਅਲਰਜੀ ਹੋਵੇ, ਉਹ ਉਨ੍ਹਾਂ ਦੇ ਪ੍ਰਤੀ ਇਕ ਤਰ੍ਹਾਂ ਦੀ ਸਰੀਰਕ ਪ੍ਰਤੀਕਿਰਿਆ ਹੈ। ਸਾਹ ਸਬੰਧੀ ਰੋਗਾਂ ਵਿਚ ਇਹ ਸਭ ਤੋਂ ਤਕਲੀਫ਼ ਦਿੰਦਾ ਹੈ। ਦਮੇ ਦੇ ਮਰੀਜ਼ ਨੂੰ ਇਸ ਦੇ ਦੌਰੇ ਵਾਰ-ਵਾਰ ਪੈਂਦੇ ਹਨ ਅਤੇ ਉਸ ਸਮੇਂ ਉਸ ਦੇ ਲਈ ਸਾਹ ਲੈਣਾ ਮੁਸ਼ਕਿਲ ਹੋ ਜਾਂਦਾ ਹੈ। ਦੌਰੇ ਤੋਂ ਠੀਕ ਪਹਿਲਾਂ ਅਤੇ ਬਾਅਦ ਵਿਚ ਇਹ ਬਿਲਕੁਲ ਆਮ ਵਾਂਗ ਰਹਿੰਦਾ ਹੈ।

ਲੱਛਣ : ਦਮੇ ਦੇ ਮਰੀਜ਼ ਹਫਦੇ ਹੋਏ ਦਿਸਦੇ ਹਨ। ਉਨ੍ਹਾਂ ਨੂੰ ਸਾਹ ਲੈਣ ਵਿਚ ਜਿੰਨੀ ਮੁਸ਼ਕਿਲ ਹੁੰਦੀ ਹੈ, ਉਸ ਨਾਲੋਂ ਜ਼ਿਆਦਾ ਸਾਹ ਛੱਡਣ ਵਿਚ ਹੁੰਦੀ ਹੈ। ਅਜਿਹਾ ਫੇਫੜੇ ਤੱਕ ਹਵਾ ਲਿਜਾਣ ਵਾਲੀ ਨਲੀ ਵਿਚ ਸੰਕੁਚਨ ਦੇ ਕਾਰਨ ਹੁੰਦਾ ਹੈ। ਇਸ ਸੰਕੁਚਨ ਦੀ ਵਜ੍ਹਾ ਨਾਲ ਹਾਲੇ ਪਹਿਲੇ ਸਾਹ ਦੀ ਹਵਾ ਫੇਫੜੇ ਵਿਚੋਂ ਨਿਕਲ ਨਹੀਂ ਸਕੀ ਹੁੰਦੀ ਕਿ ਮਰੀਜ਼ ਅਗਲੀ ਸਾਹ ਲੈਣੀ ਚਾਹੁੰਦਾ ਹੈ। ਇਸ ਨਾਲ ਫੇਫੜੇ ਫੁੱਲਣ ਲਗਦੇ ਹਨ। ਦਮੇ ਦੇ ਸਾਰੇ ਮਰੀਜ਼ਾਂ ਨੂੰ ਜ਼ਿਆਦਾ ਪ੍ਰੇਸ਼ਾਨੀ ਰਾਤ ਨੂੰ, ਖਾਸ ਕਰਕੇ ਨੀਂਦ ਦੀ ਹਾਲਤ ਵਿਚ ਹੁੰਦੀ ਹੈ। ਕਾਰਨ : ਦਮਾ ਕਈ ਕਾਰਨਾਂ ਕਰਕੇ ਹੁੰਦਾ ਹੈ। ਕਈ ਲੋਕਾਂ ਨੂੰ ਇਹ ਅਲਰਜੀ ਦੇ ਕਾਰਨ ਹੁੰਦਾ ਹੈ। ਇਹ ਅਲਰਜੀ ਮੌਸਮ ਦੀਆਂ ਸਥਿਤੀਆਂ, ਕਿਸੇ ਖਾਧ, ਦਵਾਈ, ਗੰਧ ਜਾਂ ਹੋਰ ਕਾਰਨਾਂ ਨਾਲ ਹੋ ਸਕਦੀ ਹੈ। ਅਲਰਜੀ ਦੇ ਕਾਰਨ ਵੱਖ-ਵੱਖ ਵਿਅਕਤੀਆਂ ਲਈ ਵੱਖ-ਵੱਖ ਹੁੰਦੇ ਹਨ ਪਰ ਸਭ ਤੋਂ ਆਮ ਕਾਰਨ ਧੂੜ ਹੈ।

ਕੁਝ ਲੋਕਾਂ ਨੂੰ ਕਿਸੇ ਖਾਸ ਤਰ੍ਹਾਂ ਦੀ ਧੂੜ ਤੋਂ ਅਲਰਜੀ ਹੁੰਦੀ ਹੈ। ਕੱਪੜੇ ਦੀ ਧੂੜ, ਕਣਕ ਦੀ ਧੂੜ, ਕਾਗਜ਼ 'ਤੇ ਜੰਮੀ ਧੂੜ, ਪਸ਼ੂਆਂ ਦੇ ਵਾਲਾਂ ਦੀ ਧੂੜ ਅਤੇ ਕੀਟ-ਪਤੰਗੇ ਦੀ ਧੂੜ ਇਸ ਦੀਆਂ ਮਿਸਾਲਾਂ ਹਨ। ਅਲਰਜੀ ਪੈਦਾ ਕਰਨ ਵਾਲੇ ਖਾਧ ਪਦਾਰਥ ਆਮ ਤੌਰ 'ਤੇ ਇਹ ਹਨ-ਕਣਕ, ਆਂਡਾ, ਦੁੱਧ, ਚਾਕਲੇਟ, ਫਲੀਆਂ, ਆਲੂ ਅਤੇ ਮਾਸ। ਮਾਹਿਰਾਂ ਦਾ ਅਨੁਮਾਨ ਹੈ ਕਿ ਜੇ ਮਾਂ-ਬਾਪ ਦੋਵਾਂ ਨੂੰ ਦਮਾ ਹੋਵੇ ਤਾਂ 50 ਫੀਸਦੀ ਮਾਮਲਿਆਂ ਵਿਚ ਔਲਾਦ ਨੂੰ ਵੀ ਅਲਰਜੀ ਸਬੰਧੀ ਰੋਗ ਹੋ ਜਾਂਦੇ ਹਨ। ਹਾਲ ਹੀ ਵਿਚ ਕੁਝ ਖੋਜ ਕਰਤਾ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਕੁਪੋਸ਼ਣ ਜਾਂ ਸਰੀਰ ਵਿਚ ਕੁਝ ਪੌਸ਼ਟਿਕ ਤੱਤਾਂ ਦੀ ਕਮੀ ਵੀ ਦਮੇ ਦੇ ਕਾਰਨ ਹਨ। ਅਧਿਵਰਕਿਕ ਗ੍ਰੰਥੀ ਦੇ ਠੀਕ ਤਰ੍ਹਾਂ ਕੰਮ ਨਾ ਕਰਨ, ਖ਼ੂਨ ਸ਼ੱਕਰ ਘੱਟ ਹੋਣ ਜਾਂ ਕਾਰਬੋਹਾਈਡ੍ਰੇਟ ਠੀਕ ਤਰ੍ਹਾਂ ਨਾ ਪਚਾ ਸਕਣ ਦੀ ਸਥਿਤੀ ਵਿਚ ਵੀ ਦਮਾ ਹੋ ਸਕਦਾ ਹੈ।

# ਕਸਰਤ ਬਚਾਉਂਦੀ ਹੈ ਸਤਨ ਕੈਂਸਰ ਤੋਂ

ਨਿਯਮਤ ਰੂਪ ਨਾਲ ਹਰ ਰੋਜ਼ ਕਸਰਤ ਮਨੁੱਖ ਨੂੰ ਕਈ ਰੋਗਾਂ ਤੋਂ ਬਚਾਉਂਦੀ ਹੈ। ਕੈਲੇਫੋਰਨੀਆ ਯੂਨੀਵਰਸਿਟੀ ਦੇ ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਔਰਤਾਂ ਕਸਰਤ ਨਾਲ ਸਤਨ ਕੈਂਸਰ ਤੋਂ ਬਚ ਸਕਦੀਆਂ ਹਨ। ਉਨ੍ਹਾਂ ਦੇ ਪ੍ਰੀਖਣ ਅਨੁਸਾਰ ਜੋ ਔਰਤਾਂ ਆਪਣੇ ਪ੍ਰਜਨਣ ਕਾਲ ਵਿਚ ਹਰ ਹਫਤੇ ਚਾਰ ਜਾਂ ਉਸ ਤੋਂ ਜ਼ਿਆਦਾ ਘੰਟੇ ਕਸਰਤ ਕਰਦੀਆਂ ਹਨ, ਉਨ੍ਹਾਂ ਵਿਚ ਸਤਨ ਕੈਂਸਰ ਦੀ ਸੰਭਾਵਨਾ 60 ਫੀਸਦੀ ਤੱਕ ਘੱਟ ਹੋ ਜਾਂਦੀ ਹੈ। ਪੱਛਮੀ ਦੇਸ਼ਾਂ ਵਿਚ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਔਰਤਾਂ ਕਸਰਤ ਵੱਲ ਪ੍ਰੇਰਿਤ ਹੋਈਆਂ ਹਨ। ਕਿਉਂ ਨਾ ਸਾਡੇ ਦੇਸ਼ ਦੀਆਂ ਔਰਤਾਂ ਵੀ ਇਸ ਸੁਰੱਖਿਅਤ ਪ੍ਰਣਾਲੀ ਨੂੰ ਅਪਣਾਉਣ ?

# ਲਗਾਤਾਰਤਾ ਜ਼ਰੂਰੀ ਹੈ ਕਸਰਤ ਵਿਚ

ਤੁਸੀਂ ਆਪਣੀ ਸਿਹਤ ਅਤੇ ਲੋੜ ਨੂੰ ਧਿਆਨ ਵਿਚ ਰੱਖਦੇ ਹੋਏ ਨਿਸ਼ਾਨਾ ਬਣਾਓ। ਸਭ ਤੋਂ ਪਹਿਲਾਂ ਆਪਣੇ ਕੋਲੈਸਟ੍ਰੋਲ, ਸ਼ੂਗਰ ਅਤੇ ਖ਼ੂਨ ਦੇ ਦਬਾਅ ਦੀ ਜਾਂਚ ਕਰਵਾਓ। ਫਿਰ ਨਤੀਜੇ ਅਨੁਸਾਰ ਆਪਣੇ ਕਸਰਤ ਦੇ ਤਰੀਕਿਆਂ ਨੂੰ ਮਿਥ ਲਓ। ਡਾਕਟਰ ਦੀ ਸਲਾਹ ਅਨੁਸਾਰ ਆਪਣੇ ਕਸਰਤ ਦੇ ਤਰੀਕਿਆਂ ਨੂੰ ਜਾਣੋ ਅਤੇ ਸਮਾਂ ਵੀ ਪੁੱਛੋ ਕਿ ਮੈਨੂੰ ਇਕ ਹਫ਼ਤੇ ਵਿਚ ਕਿੰਨਾ ਸਮਾਂ ਕਸਰਤ ਲਈ ਦੇਣਾ ਚਾਹੀਦਾ ਹੈ। ਉਸ ਨੂੰ ਉਸੇ ਰੂਪ ਵਿਚ ਵੰਡ ਕੇ ਆਪਣੀ ਰੁਟੀਨ ਬਣਾਓ। ਫਿਰ ਦੇਖੋ ਤੁਹਾਡਾ ਸਰੀਰ ਤੁਹਾਡੇ ਕਾਬੂ ਵਿਚ ਰਹੇਗਾ। ਜੇ ਤੁਸੀਂ ਕੋਈ ਖੇਡ ਖੇਡਣਾ ਪਸੰਦ ਕਰਦੇ ਹੋ, ਜਿਵੇਂ ਤੈਰਾਕੀ, ਬੈਡਮਿੰਟਨ, ਲਾਅਨ ਟੈਨਿਸ, ਟੇਬਲ ਟੈਨਿਸ ਆਦਿ ਤਾਂ ਆਪਣੇ ਗਰੁੱਪ ਦੇ ਲੋਕਾਂ ਦੇ ਨਾਲ ਮੁਕਾਬਲਾ ਕਰਦੇ ਰਹੋ ਅਤੇ ਨਿਯਮਤ ਰੂਪ ਨਾਲ ਭਾਰ ਲਓ ਤਾਂ ਕਿ ਤੁਹਾਨੂੰ ਆਪਣੀ ਕਸਰਤ ਦਾ ਲਾਭ ਮਿਲਦਾ ਰਹੇ ਅਤੇ ਖੇਡ ਵਿਚ ਵੀ ਅੱਗੇ ਵਧਦੇ ਰਹੋ। ਤੁਹਾਡੇ ਸਰੀਰ ਵਿਚ ਜੇ ਚਰਬੀ ਛੇਤੀ ਜਮ੍ਹਾਂ ਹੁੰਦੀ ਹੋਵੇ ਅਤੇ ਖ਼ਰਚ ਘੱਟ ਹੁੰਦੀ ਹੋਵੇ ਤਾਂ ਚਰਬੀ ਨੂੰ ਖ਼ਰਚ ਕਰਨ ਦੇ ਤਰੀਕੇ ਜਾਣੋ ਅਤੇ ਚਰਬੀ ਜਮ੍ਹਾਂ ਨਾ ਹੋਣ ਦਿਓ। ਜੇ ਤੁਸੀਂ ਸਹੀ ਤਰੀਕਿਆਂ ਬਾਰੇ ਅਣਜਾਣ ਹੋ ਤਾਂ ਕਿਸੇ ਮਾਹਿਰ ਅਤੇ ਡਾਈਟੀਸ਼ੀਅਨ ਦੀ ਸਹਾਇਤਾ ਲੈ ਕੇ ਇਸ ਪ੍ਰਕਿਰਿਆ ਨੂੰ ਅੱਗੇ ਵਧਾਓ ਤਾਂ ਕਿ ਭਾਰ ਜ਼ਿਆਦਾ ਨਾ ਵਧੇ। ਜੇ ਕੁਝ ਕਸਰਤਾਂ ਤੁਹਾਨੂੰ ਪਸੰਦ ਨਹੀਂ ਤਾਂ ਉਨ੍ਹਾਂ ਨੂੰ ਆਪਣੇ 'ਤੇ ਨਾ ਥੋਪੋ, ਨਹੀਂ ਤਾਂ ਤੁਸੀਂ ਬਹੁਤ ਛੇਤੀ ਬੋਰ ਹੋ ਜਾਓਗੇ ਅਤੇ ਤੁਹਾਡੀ ਲਗਾਤਾਰਤਾ ਟੁੱਟ ਜਾਵੇਗੀ। ਜੇ ਜਿੰਮ ਜਾ ਕੇ ਤੁਹਾਨੂੰ ਰੋਜ਼ ਟ੍ਰੇਡਮਿਲ 'ਤੇ ਚੱਲਣਾ ਪਸੰਦ ਨਹੀਂ ਤਾਂ ਕੋਈ ਹੋਰ ਕਸਰਤ ਕਰੋ। ਜਿੰਮ ਜਾਣਾ ਪਸੰਦ ਨਹੀਂ ਤਾਂ ਘਰ ਹੀ ਯੋਗ ਆਸਣ, ਪ੍ਰਾਣਾਯਾਮ ਕਰ ਸਕਦੇ ਹੋ ਜਾਂ ਫਿਰ ਸੰਗੀਤ ਲਗਾ ਕੇ ਨਾਚ ਵਾਲੀ ਕਸਰਤ ਕਰ ਸਕਦੇ ਹੋ। ਕਦੇ-ਕਦੇ ਪਾਰਕ ਜਾ ਕੇ ਲੰਬੀ ਸੈਰ ਦਾ ਅਨੰਦ ਲੈ ਸਕਦੇ ਹੋ, ਰੱਸੀ ਟੱਪ ਸਕਦੇ ਹੋ, ਭਾਰ ਚੁੱਕ ਸਕਦੇ ਹੋ। ਜੋ ਪਸੰਦ ਹੋਵੇ, ਉਹੀ ਕਰੋ। ਕੋਸ਼ਿਸ਼ ਕਰ ਕੇ ਆਪਣੀ ਕਸਰਤ ਦਾ ਪ੍ਰੋਗਰਾਮ ਤੁਸੀਂ ਇਕ ਮਹੀਨੇ ਦਾ ਪਹਿਲਾਂ ਤੈਅ ਕਰ ਲਓ, ਫਿਰ ਸ਼ੁਰੂ ਕਰੋ। ਉਸ ਵਿਚ ਕਸਰਤ ਕਰਨ ਦੇ ਤਰੀਕਿਆਂ ਵਿਚ ਵਿਭਿੰਨਤਾ ਵੀ ਰੱਖ ਸਕਦੇ ਹੋ। ਜੋ ਪ੍ਰੋਗਰਾਮ ਤੁਸੀਂ ਲਿਖਤੀ ਰੂਪ ਵਿਚ ਤਿਆਰ ਕਰੋ, ਉਸ 'ਤੇ ਪੱਕੇ ਰਹਿ ਕੇ ਚੱਲੋ, ਤਾਂ ਹੀ ਲਾਭ ਮਿਲੇਗਾ।



ਪ੍ਰੋਗਰਾਮ ਬਣਾਉਂਦੇ ਸਮੇਂ ਧਿਆਨ ਰੱਖੋ ਕਿ ਹਫ਼ਤੇ ਵਿਚ ਔਸਤ 4 ਘੰਟੇ ਦਾ ਸਮਾਂ ਕਸਰਤ ਲਈ ਜ਼ਰੂਰ ਰੱਖੋ। 4 ਘੰਟੇ ਦਾ ਅਰਥ 4 ਘੰਟੇ ਹੀ ਹੈ, ਇਸ ਤੋਂ ਘੱਟ ਨਹੀਂ। ਕਸਰਤ ਘਰ ਕਰੋ ਜਾਂ ਜਿੰਮ ਜਾ ਕੇ, ਜੇ ਸੰਗੀਤ ਨਾਲ ਚੱਲ ਰਿਹਾ ਹੋਵੇ ਤਾਂ ਕਸਰਤ ਕਰਨ ਦਾ ਮਜ਼ਾ ਵਧ ਜਾਂਦਾ ਹੈ। ਇਕ ਅਧਿਐਨ ਅਨੁਸਾਰ ਜੇ ਗਾਣਾ ਤੁਹਾਡੀ ਪਸੰਦ ਦਾ ਹੈ ਤਾਂ ਤੁਸੀਂ ਜ਼ਿਆਦਾ ਜੋਸ਼ ਨਾਲ ਕਸਰਤ ਕਰ ਸਕਦੇ ਹੋ।




# ਸਫਲ ਫਿਲਮ ਲੇਖਕ ਤੇ ਨਿਰਦੇਸ਼ਕ : ਜਗਦੀਪ ਸਿੱਧੂ



ਪੰਜਾਬੀ ਸਿਨੇਮਾ ਦਾ ਪੱਧਰ ਹੁਣ ਕਾਫੀ ਉੱਚਾ ਹੋ ਚੁੱਕਾ ਹੈ।ਇਸ ਸਫਲਤਾ ਵਿੱਚ ਵੱਡਾ ਯੋਗਦਾਨ ਸਾਡੇ ਫਿਲਮ ਨਿਰਦੇਸ਼ਕਾਂ ਤੇ ਲੇਖਕ ਵਰਗ ਦਾ ਵੀ ਹੈ।ਜਿਹਨਾ ਸਾਡੇ ਫਿਲਮੀ ਤਾਣੇ ਬਾਣੇ ਨੂੰ ਸਮੇ ਦਾ ਹਾਣੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਪਾਲੀਵੁੱਡ ਦੀ ਨੁਹਾਰ ਬਦਲਣ ਵਾਲੇ ਅਜਿਹੇ ਹੀ ਸ਼ਾਨਦਾਰ ਫਿਲਮ ਨਿਰਦੇਸ਼ਕਾਂ ਤੇ ਲੇਖਕਾ ਵਿੱਚੋ ਇੱਕ ਹੈ "ਜਗਦੀਪ ਸਿੱਧੂ" ।ਜਿਸਨੇ ਪੰਜਾਬੀ ਸਿਨੇਮੇ ਪ੍ਰਤੀ ਪੂਰੀ ਤਨਦੇਹੀ ਨਾਲ ਕੰਮ ਕਰਦਿਆਂ ਨਿਵੇਕਲੇ ਵਿਸ਼ਿਆ ਦੀਆ ਫਿਲਮਾ ਦੀ ਉਪਜ ਕੀਤੀ ਹੈ।ਅਤੇ ਨਵਾਂ ਦਰਸ਼ਕ ਵਰਗ ਪੰਜਾਬੀ ਸਿਨੇਮੇ ਨਾਲ ਜੋੜਿਆ ਹੈ।ਵਿਲੱਖਣ ਸੋਚ ਦਾ ਮਾਲਕ ਜਗਦੀਪ ਸਿੱਧੂ ਅੱਜ ਜਿਸ ਮੁਕਾਮ ਤੇ ਹੈ।ਉਸ ਪਿੱਛੇ ਉਸਦਾ ਕੀਤਾ ਤਗੜਾ ਸੰਘਰਸ਼ ਸਾਫ ਗਵਾਹੀ ਭਰਦਾ ਹੈ।ਸ੍ਰੀ ਗੰਗਾਨਗਰ ਇਲਾਕੇ ਦੇ ਸਾਧਾਰਨ ਪਰਿਵਾਰ ਵਿੱਚ ਪੈਦੇ ਹੋਏ ਇਸ ਮਿਹਨਤਕਸ਼ ਫਿਲਮਸਾਜ਼ ਤੇ ਲੇਖਕ ਨੂੰ ਛੋਟੀ ਉਮਰੇ ਹੀ ਫਿਲਮੀ ਲੇਖਣੀ ਦਾ ਸ਼ੌਕ ਪੈ ਗਿਆ ਸੀ।ਉਸਦਾ ਵਧੇਰੇ ਸਮਾਂ ਇਸੇ ਕੇਦਰ ਬਿੰਦੂ ਦੇ ਦੁਆਲੇ ਬੀਤਦਾ ਸੀ।ਉਸਦਾ ਸੁਪਨਾ ਆਪਣੀਆਂ ਕਹਾਣੀਆਂ ਨੂੰ ਪਰਦੇ ਤੇ ਦੇਖਣ ਦਾ ਸੀ।ਪਰ ਨਾਲ ਹੀ ਉਹ ਇਹ ਵੀ ਸਮਝ ਚੁੱਕਾ ਸੀ।ਕਿ ਅਗਰ ਜਨੂੰਨ ਨੂੰ ਅਮਲੀ ਜਾਮਾ ਪਹਿਨਾਉਣਾ ਹੈ।ਤਾ ਫੈਸਲੇ ਵੀ ਕਰੜੇ ਹੀ ਲੈਣੇ ਪੈਣਗੇ।ਸੈਨਿਕ ਸਕੂਲ ਚਿਤੌੜਗੜ ਵਿੱਚ ਸੈਕੰਡਰੀ ਤੱਕ ਪੜ੍ਹਾਈ ਕਰਨ ਤੋ ਬਾਅਦ ਉਸਨੇ ਅੱਗੇ ਦੀ ਸਿੱਖਿਆ ਲਈ ਮੁੰਬਈ ਆਉਣ ਦਾ ਫੈਸਲਾ ਕੀਤਾ।ਕਿਉਕਿ ਪੜ੍ਹਾਈ ਤਾ ਇੱਕ ਬਹਾਨਾ ਸੀ।ਇੱਥੇ ਆਉਣ ਦਾ ਮਕਸਦ ਸਿਰਫ ਆਪਣੇ ਸੁਪਨਿਆ ਨੂੰ ਹਕੀਕਤ ਵਿੱਚ ਬਦਲਣਾ ਸੀ।ਪਰ ਬਤੌਰ ਲੇਖਕ ਸਮੁੰਦਰ ਵਰਗੀ ਵਿਸ਼ਾਲ ਇੰਡਸਟਰੀ ਵਿੱਚ ਪੈਰ ਜਮਾਉਣਾ ਕੋਈ ਸੋਖਾ ਕੰਮ ਨਹੀ ਸੀ।ਉਹ ਆਪਣੀਆ ਉਮੀਦਾਂ ਦੇ ਚਿੱਠੇ ਲੈ ਕੇ ਕਈ ਪ੍ਰੋਡਕਸ਼ਨ ਹਾਊਸਾਂ ਤੱਕ ਗਿਆ।ਪਰ ਸ਼ਾਇਦ ਕਿਸਮਤ ਹਜੇ ਉਸਦੀ ਦ੍ਰਿੜਤਾ ਦੀ ਪਰਖ ਲੈ ਕੇ ਰਹੀ ਸੀ।ਸੰਨ ੨੦੧੪ ਵਿੱਚ ਆਈ ਇੱਕ ਹਿੰਦੀ ਫਿਲਮ "ਜਲ" ਵਿੱਚ ਉਸਨੂੰ ਅਡੀਸ਼ਨਲ ਸੰਵਾਦ ਲੇਖਕ ਵਜੋ ਕੰਮ ਕਰਨ ਦਾ ਪਹਿਲਾ ਮੌਕਾ ਮਿਲਿਆ।ਇਸੇ ਤਰਾਂ ਹਿੰਦੀ ਦੇ ਵਾਂਗ ਪੰਜਾਬੀ ਫਿਲਮਾਂ ਉਸਨੂੰ ਪਹਿਲੀ ਬ੍ਰੇਕ ਫਿਲਮ "ਰੋਦੇ ਸਾਰੇ ਵਿਆਹ ਪਿੱਛੋ" ਰਾਹੀ ਮਿਲੀ।ਜਿਸ ਵਿੱਚ ਉਸਨੇ ਡਾਇਲਾਗ ਲੇਖਕ ਵਜੋ ਕੰਮ ਕੀਤਾ।ਬਤੌਰ ਫਿਲਮ ਲੇਖਕ ਉਸਦੀ ਪਹਿਲੀ ਫਿਲਮ ਪੰਜਾਬੀ "ਦਿਲਦਾਰੀਆ" ਸੀ।ਇਸਦੇ ਬਾਅਦ ਦੂਜੀ ਫਿਲਮ ਦੇ ਰੂਪ ਵਿੱਚ ਉਸਨੇ "ਸਰਘੀ" ਫਿਲਮ ਦੀ ਕਹਾਣੀ ਦਾ ਨਿਰਮਾਣ ਕੀਤਾ।ਪਰ ਉਸਦੀ ਕਲਮ ਨੂੰ ਸਫਲਤਾ ੨੦੧੬ ਵਿੱਚ ਆਈ ਫਿਲਮ "ਨਿੱਕਾ ਜ਼ੈਲਦਾਰ" ਦੇ ਰੂਪ ਵਿੱਚ ਮਿਲੀ।ਜਿਸਨੇ ਉਸ ਵੱਲੋ ਕੀਤੀ ਸਾਲਾਂਬੰਦੀ ਮਿਹਨਤ ਦਾ ਅਸਲ ਮੁੱਲ ਮੋੜਿਆਂ।ਇਸਦੇ ਬਾਅਦ ਆਏ ਫਿਲਮ ਦੇ ਸੀਕੁਅਲ ਭਾਵ ਨਿੱਕਾ ਜ਼ੈਲਦਾਰ ੨ ਦੀ ਕਾਮਯਾਬੀ ਨੇ ਜਗਦੀਪ ਸਿੱਧੂ ਨੂੰ ਪੰਜਾਬੀ ਸਿਨੇਮਾ ਜਗਤ ਉੱਤਮ ਲੇਖਕ ਬਣਾ ਦਿੱਤਾ ਹੈ।ਪੇਡੂ ਪਿਛੋਕੜ ਹੋਣ ਕਰਕੇ ▲ਸਦੀਆਂ ਫਿਲਮਾਂ ਦੀ ਕਹਾਣੀ ਬੜੀ ਠੇਠ ਤੇ ਲੱਛੇਦਾਰ ਹੁੰਦੀ ਹੈ।ਉਸਦੀ ਹਰ ਫਿਲਮ ਦੇ ਪਾਤਰ ਬੜੇ ਸੋਹਣੇ ਨਾਲ ਘੜੇ ਹੁੰਦੇ ਹਨ।ਪ੍ਰਸਿੱਧ ਹਾਕੀ ਖਿਡਾਰੀ "ਹਰਜੀਤ ਸਿੰਘ ਤੁਲੀ" ਦੇ ਜੀਵਨ ਤੇ ਅਧਾਰਿਤ "ਹਰਜੀਤਾ" ਵਰਗੀ ਨੈਸ਼ਨਲ ਐਵਾਰਡ ਜੇਤੂ ਫਿਲਮ ਲਿਖਣਾ ਉਸਦੀ ਵੱਡੀ ਪ੍ਰਾਪਤੀ ਹੈ।ਫਿਲਮ ਖੇਤਰ ਵਿੱਚ ਇੱਕ ਕਦਮ ਅੱਗੇ ਵਧਾਉਦਿਆਂ ਭਾਵ ਲੇਖਕ ਤੋ ਨਿਰਦੇਸ਼ਕ ਬਣਦਿਆਂ ਉਸਨੇ ਐਮੀ ਵਿਰਕ ਤੇ ਸਰਗੁਣ ਮਹਿਤਾ ਨੂੰ ਲੈ ਕੇ ਫਿਲਮ "ਕਿਸਮਤ" ਦਾ ਨਿਰਦੇਸ਼ਣ ਕੀਤਾ।ਉਸਦੇ ਪਹਿਲੇ ਹੀ ਪ੍ਰਆਸ ਨੇ ਉਸਦੀ ਪ੍ਰਤਿਬਾ ਤੇ ਅਨੁਭਵੀ ਨਿਰਦੇਸ਼ਕ ਦੀ ਮੋਹਰ ਲਗਾ ਦਿੱਤੀ। "ਕਿਸਮਤ" ਫਿਲਮ ਲਈ ਉਸਨੂੰ ਪੀ.ਟੀ.ਸੀ ਫਿਲਮ ਐਵਾਰਡ ੨੦੧੯ ਦੌਰਾਨ "ਬੈਸਟ ਡੈਬਿਊ ਡਾਇਰੈਕਟਰ" ਦਾ ਖਿਤਾਬ ਵੀ ਦਿੱਤਾ ਗਿਆ।ਇਸਦੇ ਬਾਅਦ ਉਸਦੀ ਲਿਖੀ ਤੇ ਨਿਰਦੇਸ਼ਿਤ ਕੀਤੀ ਦੂਜੀ ਫਿਲਮ "ਛੜਾ(੨੦੧੯)" ਨੇ ਵੀ ਕਮਾਈ ਪੱਖੋ ਨਵੇ ਕੀਰਤੀਮਾਨ ਸਥਾਪਿਤ ਕੀਤੇ।ਸਾਲ ੨੦੧੯ ਦੀ ਇੱਕ ਹੋਰ ਸਫਲ ਫਿਲਮ "ਗੁੱਡੀਆ ਪਟੋਲੇ" ਦਾ ਕਹਾਣੀ ਨਿਰਮਾਤਾ ਵੀ ਜਗਦੀਪ ਸਿੱਧੂ ਹੀ ਹੈ।ਇਹਨੀ ਦਿਨੀ ਉਹ ਬਤੌਰ ਨਿਰਦੇਸ਼ਕ ਆਪਣੀ ਤੀਜੀ ਫਿਲਮ "ਸੁਰਖੀ ਬਿੰਦੀ" ਨੂੰ ਲੈ ਕੇ ਸੁਰਖੀਆਂ ਵਿੱਚ ਹੈ।ਰੁਪਿੰਦਰ ਇੰਦਰਜੀਤ ਵੱਲੋ ਲਿਖੀ ਇਸ ਫਿਲਮ ਵਿੱਚ ਗੁਰਨਾਮ ਭੁੱਲਰ ਤੇ ਸਰਗੁਣ ਮਹਿਤਾ ਮੁੱਖ ਕਿਰਦਾਰ ਨਿਭਾ ਰਹੇ ਹਨ।ਮਹੁੱਬਤੀ ਅਹਿਸਾਸ ਦੀ ਤਰਜ਼ਮਾਨੀ ਕਰਦੀ ਇਸ ਫਿਲਮ ਤੋ ਇਲਾਵਾ ਉਹ ਜਲਦ ਹੀ ਇੱਕ ਹੋਰ ਫਿਲਮ "ਸੁਫਨਾ" ਦਾ ਨਿਰਮਾਣ ਕਰਨ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਜਗਦੀਪ ਸਿੱਧੂ ਨੇ ਹਾਲ ਹੀ ਵਿੱਚ ਅਨੁਰਾਗ ਕਸ਼ਯਪ ਵੱਲੋ ਨਿਰਦੇਸ਼ਿਤ ਬਾਲੀਵੁੱਡ ਫਿਲਮ "ਸਾਂਡ ਕੀ ਆਂਖ" ਦੇ ਡਾਇਲਾਗ ਵੀ ਲਿਖੇ ਜੋ ਕਿ ਅਕੂਤਬਰ ਮਹੀਨੇ ਵਿੱਚ ਰਿਲੀਜ਼ ਹੋਵੇਗੀ।ਇਸਦੇ ਨਾਲ ਹੀ ਉਸ ਵੱਲੋ ਲਿਖੀ "ਨਿੱਕਾ ਜ਼ੈਲਦਾਰ ੩" ਵੀ ਸਤੰਬਰ ਮਹੀਨੇ ਵਿੱਚ ਸਿਨੇਮਾਘਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ।ਸਫਲਤਾ ਦੇ ਰੱਥ ਤੇ ਸਵਾਰ ਜਗਦੀਪ ਸਿੱਧੂ ਆਪਣੇ ਨਾਲ ਜੁੜੇ ਹਰ ਉਸ ਸਖਸ਼ ਦਾ ਸ਼ੁਕਰਗੁਜ਼ਾਰ ਹੈ।ਜਿਹਨਾਂ ਦੀ ਅੱਜ ਬਦੌਲਤ ਅੱਜ ਉਹ ਵਡਿਆਈ ਖੱਟ ਰਿਹਾ ਹੈ।ਉਸਦਾ ਕਹਿਣਾ ਹੈ ਕਿ ਕੁਝ ਚੰਗਾ ਕਰਨ ਲਈ ਸਾਰੀ ਇੰਡਸਟਰੀ ਆਪਸ ਵਿੱਚ ਮਿਲਕੇ ਕੰਮ ਕਰਨਾ ਚਾਹੀਦਾ ਹੈ।ਤਾ ਜੋ ਪੰਜਾਬੀ ਸਿਨੇਮਾ ਹੋਰ ਵੀ ਪ੍ਰਫੁੱਲਿਤ ਹੋ ਸਕੇ।

**ਦੀਪ ਸੰਦੀਪ**
**9501375047**

# ਮਨੋਰੰਜਨ ਦੇ ਨਾਲ ਨਾਲ ਪੰਜਾਬ ਦਾ ਗੰਭੀਰ ਮੁੱਦਾ ਵੀ ਦਿਖਾਏਗੀ 'ਦੂਰਬੀਨ'





ਇਸ ਸਾਲ ਦੀਆਂ ਸਭ ਤੋਂ ਵੱਧ ਬੇਸਬਰੀ ਨਾਲ ਉਡੀਕੀਆਂ ਜਾਣ ਵਾਲੀਆਂ ਪੰਜਾਬੀ ਫ਼ਿਲਮਾਂ ਵਿੱਚ ਸ਼ਾਮਲ ਫ਼ਿਲਮ 'ਦੂਰਬੀਨ' ਰਿਲੀਜ਼ ਲਈ ਤਿਆਰ ਹੈ। ਹਾਲਹਿ ਵਿੱਚ ਇਸ ਫਿਲਮ ਦਾ ਟੀਜਰ ਰਿਲੀਜ਼ ਕੀਤਾ ਗਿਆ ਹੈ, ਜਿਸ ਨੇ ਦਰਸ਼ਕਾਂ ਵਿੱਚ ਫਿਲਮ ਪ੍ਰਤੀ ਹੋਰ ਉਤਸ਼ਾਹ ਵਧਾ ਦਿੱਤਾ ਹੈ। 27 ਸਤੰਬਰ ਨੂੰ ਰਿਲੀਜ਼ ਹੋਣ ਜਾ ਰਹੀ ਇਸ ਫਿਲਮ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਇਸ ਚਰਚਾ ਦਾ ਕਾਰਨ ਇਕ ਤਾਂ ਫਿਲਮਾਂ ਦਾ ਆਮ ਫ਼ਿਲਮਾਂ ਨਾਲੋਂ ਬਿਲਕੁਲ ਵੱਖਰਾ ਹੋਣਾ ਹੈ ਅਤੇ ਦੂਜਾ ਇਹ ਉਹ ਪੰਜਾਬੀ ਫਿਲਮ ਵਿੱਚ ਜਿਸ ਵਿੱਚ ਪੰਜਾਬੀ ਫਿਲਮ ਇੰਡਸਟਰੀ ਦੇ ਦੋ ਦਰਜਨ ਤੋਂ ਵੱਧ ਚਰਚਿਤ ਕਲਾਕਾਰਾਂ ਨੇ ਕੰਮ ਕੀਤਾ ਹੈ। ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਇਹ ਫਿਲਮ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਇਕ ਗੰਭੀਰ ਸਮਾਜਿਕ ਮੁੱਦੇ ਤੋਂ ਵੀ ਪਰਦਾ ਚੁੱਕੇਗੀ। 'ਆਜ਼ਾਦ ਪਰਿੰਦੇ ਫ਼ਿਲਮਸ' ਵੱਲੋਂ ਬਣਾਈ ਗਈ ਨਿਰਮਾਤਾ ਜੁਗਰਾਜ ਬੱਲ, ਸੁਖਰਾਜ ਰੰਧਾਵਾ ਅਤੇ ਯਾਦਵਿੰਦਰ ਵਿਰਕ ਦੀ ਇਸ ਫ਼ਿਲਮ ਦੀ ਕਹਾਣੀ ਭਲਵਾਨ ਸਿੰਘ ਅਤੇ ਪ੍ਰਹੁਣਾ ਵਰਗੀਆਂ ਹਿਟ ਫਿਲਮਾਂ ਲਿਖ ਚੁੱਕੇ ਨਿਰਦੇਸ਼ਕ ਸੁਖਰਾਜ ਸਿੰਘ ਨੇ ਲਿਖੀ ਹੈ। ਫਿਲਮ ਵਿੱਚ ਪੰਜਾਬੀ ਗਾਇਕ ਨਿੰਜਾ, ਜੱਸ ਬਾਜਵਾ, ਵਾਮਿਕਾ ਗੱਬੀ ਅਤੇ ਜੈਸਮੀਨ ਬਾਜਵਾ ਮੁੱਖ ਭੂਮਿਕਾ ਵਿੱਚ ਹਨ। ਬਾਕੀ ਕਲਾਕਾਰਾਂ ਵਿੱਚ ਯੋਗਰਾਜ ਸਿੰਘ, ਕਰਮਜੀਤ ਅਨਮੋਲ, ਪ੍ਰਕਾਸ਼ ਗਾਧੂ, ਹਾਰ ਬੀ ਸੰਘਾ, ਗੁਰਮੀਤ ਸਾਜਨ, ਹੌਬੀ ਧਾਲੀਵਾਲ, ਗੁਰਿੰਦਰ ਮਕਨਾ, ਰਣਦੀਪ ਭੰਗੂ, ਰੁਪਿੰਦਰ ਕੌਰ ਰੂਪੀ ਸਮੇਤ ਕਈ ਹੋਰ ਚਿਹਰੇ ਸ਼ਾਮਲ ਹਨ।

ਇਹ ਫ਼ਿਲਮ ਕਾਮੇਡੀ, ਰੁਮਾਂਸ ਅਤੇ ਡਰਾਮੇ ਦਾ ਮਿਸ਼ਰਣ ਹੈ ਜੋ ਹਰ ਵਰਗ ਦੇ ਦਰਸ਼ਕਾਂ ਦਾ ਮਨੋਰੰਜਨ ਕਰੇਗੀ। ਇਹ ਫਿਲਮ ਇਕ ਅਜਿਹੇ ਪਿੰਡ ਦੀ ਕਹਾਣੀ ਹੈ, ਜਿਸ ਵਿੱਚ ਕੁਝ ਲੋਕ ਨਜਾਇਜ਼ ਸ਼ਰਾਬ ਵੇਚਦੇ ਹਨ ਜਿਨ੍ਹਾਂ ਦੀ ਗ੍ਰਿਫਤਾਰੀ ਲਈ ਪੁਲਿਸ ਨੂੰ ਵਾਰ ਵਾਰ ਪਿੰਡ ਵਿੱਚ ਛਾਪਾ ਮਾਰਨਾ ਪੈਂਦਾ ਹੈ। ਪਿੰਡ ਵਿੱਚ ਬਹੁਤ ਸਾਰੇ ਲੋਕ ਵੀ ਇਸ ਗੱਲ ਦੇ ਖਿਲਾਫ਼ ਹਨ। ਦਰਅਸਲ ਇਹ ਫ਼ਿਲਮ ਇਕ ਪਿੰਡ, ਪਿੰਡ ਦੇ ਲੋਕਾਂ, ਪੇਂਡੂ ਸੱਭਿਆਚਾਰ ਅਤੇ ਆਪਸੀ ਮੇਲ ਜੋਲ ਦੀ ਕਹਾਣੀ ਹੈ। ਫ਼ਿਲਮ ਵਿਚਲਾ ਇਹ ਪਿੰਡ ਪੰਜਾਬ ਦੇ ਪਿੰਡਾਂ ਦੀ ਗੱਲ ਕਰੇਗਾ। ਇਸ ਫ਼ਿਲਮ ਜ਼ਰੀਏ ਪੰਜਾਬੀ ਗਾਇਕ ਜੱਸ ਬਾਜਵਾ ਬਤੌਰ ਹੀਰੋ ਪੰਜਾਬੀ ਇੰਡਸਟਰੀ ਵਿੱਚ ਕਦਮ ਰੱਖਣਗੇ। ਹਿੰਦੀ ਫ਼ਿਲਮਾਂ ਅਤੇ ਵੈਬ ਸੀਰੀਜ ਜ਼ਰੀਏ ਮਸ਼ਹੂਰ ਹੋਈ ਪੰਜਾਬੀ ਮੁਟਿਆਰ ਜੈਸਮੀਨ ਬਾਜਵਾ ਦੀ ਵੀ ਇਹ ਪਹਿਲੀ ਪੰਜਾਬੀ ਫਿਲਮ ਹੈ। ਫ਼ਿਲਮ ਵਿੱਚ ਦੋ ਅਜਿਹੀਆਂ ਮਨਮੋਹਕ ਪ੍ਰੇਮ ਕਹਾਣੀਆਂ ਵੀ ਹਨ ਜੋ ਸਭਨਾਂ ਦਾ ਦਿਲ ਜਿੱਤਣਗੀਆਂ। ਫ਼ਿਲਮ ਦੇ ਟੀਜ਼ਰ ਨੇ ਦੱਸ ਦਿੱਤਾ ਹੈ ਕਿ ਇਹ ਫਿਲਮ ਆਮ ਪੰਜਾਬੀ ਫਿਲਮਾਂ ਨਾਲੋਂ ਹਰ ਪੱਖ ਤੋਂ ਹਟਵੀਂ ਤੇ ਸ਼ਾਨਦਾਰ ਫਿਲਮ ਹੈ। ਇਹ ਅਜਿਹੀ ਪੰਜਾਬੀ ਫਿਲਮ ਹੋਵੇਗੀ ਜਿਸ ਨੂੰ ਪੰਜਾਬ ਦੀ ਥਾਂ ਦੇਸ਼ ਦੀ ਇਕ ਨਾਮਵਰ ਫ਼ਿਲਮ ਡਿਸਟੀਬਿਊਸ਼ਨ ਕੰਪਨੀ ਕੌਮਾਂਤਰੀ ਪੱਧਰ 'ਤੇ ਰਿਲੀਜ਼ ਕਰ ਰਹੀ ਹੈ। ਇਸ ਫਿਲਮ ਦਾ ਟੀਜਰ ਅਤੇ ਟ੍ਰੇਲਰ ਵੀ ਪੰਜਾਬ ਦੀ ਥਾਂ ਸੁਮੱਚੇ ਦੇਸ਼ ਦੇ ਸਿਨੇਮਾਘਰਾਂ ਵਿੱਚ ਦਿਖਾਇਆ ਗਿਆ ਹੈ। ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬ ਦੇ ਨੇੜਲੇ ਇਲਾਕਿਆਂ ਫਿਲਮ ਬਣੀ ਇਸ ਫ਼ਿਲਮ ਦਾ ਮਿਊਜ਼ਿਕ ਵੀ ਸਭ ਦਾ ਦਿਲ ਜਿੱਤੇਗਾ। ਇਸ ਫ਼ਿਲਮ ਦਾ ਸੰਗੀਤ ਗੈਗਜ ਸਟੂਡੀਓ, ਗੋਲਡ ਬੁਆਏ, ਅਤੇ ਡੀਜੇ ਫਲੋਅ ਨੇ ਬਣਾਇਆ ਹੈ। ਫ਼ਿਲਮ ਵਿਚਲੇ ਗੀਤਾਂ ਨੂੰ ਹੈਪੀ ਰਾਏਕੋਟੀ, ਵੀਤ ਬਲਜੀਤ, ਜੱਸੀ ਲੋਕਾ ਅਤੇ ਮਨਜਿੰਦਰ ਬਰਾੜ ਨੇ ਲਿਖਿਆ ਹੈ। ਇਨ੍ਹਾਂ ਨੂੰ ਆਵਾਜ਼ ਨਿੰਜਾ, ਜੱਸ ਬਾਜਵਾ, ਡੀਜੇ ਫਲੋਅ ਅਤੇ ਗੁਰਲੇਜ ਅਖਤਰ ਨੇ ਦਿੱਤੀ ਹੈ। ਇਹ ਫਿਲਮ ਦਰਸ਼ਕਾਂ ਦੀ ਕਸਵੱਟੀ 'ਤੇ ਖਰਾ ਉਤਰੇਗੀ। ਫ਼ਿਲਮ ਦੀ ਸਮੁੱਚੀ ਟੀਮ ਵੱਲੋਂ ਇਹ ਆਸ ਕੀਤੀ ਜਾ ਰਹੀ ਹੈ।

**ਬਲਜਿੰਦਰ ਉਪਲ**
**9914189080**

# ਪੰਜਾਬੀ ਪਰਦੇ ਦਾ ਨਵਾਂ ਨਾਇਕ 'ਜੋਬਨਪ੍ਰੀਤ ਸਿੰਘ'

## ਮੈਂਡੀ ਤੱਖਰ ਨਾਲ ਫ਼ਿਲਮ 'ਸਾਕ' 'ਚ ਨਿਭਾਅ ਰਿਹਾ ਬਤੌਰ ਹੀਰੋ ਦੀ ਭੂਮਿਕਾ



ਬਤੌਰ ਨਾਇਕ 'ਸਾਕ' ਫ਼ਿਲਮ ਵਿੱਚ ਫੌਜੀ ਕਰਮ ਸਿੰਘ ਦੀ ਅਹਿਮ ਭੂਮਿਕਾ ਨਿਭਾਉਣ ਵਾਲਾ 'ਜੋਬਨਪ੍ਰੀਤ' ਪੰਜਾਬੀ ਰੰਗਮੰਚ ਤੋਂ ਫ਼ਿਲਮਾਂ ਵੱਲ ਆਇਆ ਇੱਕ ਸਫ਼ਲ ਅਦਾਕਾਰ ਹੈ ਜਿਸਨੇ 'ਰੁਪਿੰਦਰ ਗਾਧੀ-੨, 'ਬਲੈਕਪ੍ਰਿੰਸ' ਅਤੇ 'ਕੰਡੇ' ਵਰਗੀਆਂ ਨਾਮਵਰ ਫ਼ਿਲਮਾਂ ਵਿੱਚ ਅਹਿਮ ਕਿਰਦਾਰ ਨਿਭਾਏ। ਹੁਣ ਉਹ ਅੱਜ ੬ ਸਤੰਬਰ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਸਾਕ' ਵਿੱਚ ਪੰਜਾਬੀ ਸਿਨਮੇ ਦੀ ਸਥਾਪਤ ਅਦਾਕਾਰਾ ਮੈਂਡੀ ਤੱਖਰ ਨਾਲ ਬਤੌਰ ਨਾਇਕ ਪਰਦੇ 'ਤੇ ਆ ਰਿਹਾ ਹੈ। ਆਪਣੇ ਕਿਰਦਾਰ ਬਾਰੇ ਦੱਸਦਿਆਂ ਜੋਬਨਪ੍ਰੀਤ ਨੇ ਕਿਹਾ ਕਿ ਇਹ ਫ਼ਿਲਮ ਇੱਕ ਫੌਜੀ ਦੀ ਪਿਆਰ ਭਰੀ ਕਹਾਣੀ ਹੈ ਜੋ ਬਹੁਤ ਰੋਹਬ ਵਾਲਾ ਅਤੇ ਆਪਣੇ ਅਸੂਲਾਂ ਦਾ ਪੱਕਾ ਬੰਦਾ ਹੈ ਪਰ ਜਦ ਉਸਨੂੰ ਪਿਆਰ ਹੋ ਜਾਂਦਾ ਹੈ ਤਾਂ ਫ਼ਿਲਮ ਦੀ ਕਹਾਣੀ ਵੱਖ ਵੱਖ ਮੋੜਾਂ ਤੋਂ ਲੰਘਦੀ ਹੋਈ ਫੌਜੀ ਜੀਵਨ ਅਤੇ ਸਮਾਜਿਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਭਾਵੁਕਤਾ ਦੇ ਨਾਲ-ਨਾਲ ਸੰਗੀਤ ਅਤੇ ਕਾਮੇਡੀ ਮਾਹੌਲ ਦੇ ਰੰਗਾਂ ਦੀ ਮਨੋਰੰਜਨ ਭਰਪੂਰ ਪੇਸ਼ਕਾਰੀ ਕਰੇਗੀ। ਇਹ ਫਿਲਮ ਆਮ ਫ਼ਿਲਮਾਂ ਤੋਂ ਹਟਕੇ ਇੱਕ ਇਹ ਪੀਰਿਅਡ ਫ਼ਿਲਮ ਹੈ ਜੋ ਦਰਸ਼ਕਾਂ ਨੂੰ ਅੱਜ ਤੋਂ ਵੀਹ ਸਾਲ ਪਹਿਲਾਂ ਦੇ ਕਲਚਰ ਅਤੇ ਮਾਹੌਲ ਨਾਲ ਜੋੜੇਗੀ।

ਮਿਨਹਾਸ ਫਿਲਮਜ਼ ਪ੍ਰਾਈਵੇਟ ਲਿਮਟਿਡ ਦੇ ਬੈਨਰ ਹੇਠ ਜਤਿੰਦਰ ਜੇ ਮਿਨਹਾਸ ਤੇ ਰੁਪਿੰਦਰ ਪ੍ਰੀਤ ਮਿਨਹਾਸ ਦੀ ਇਸ ਫਿਲਮ ਦਾ ਲੇਖਕ ਅਤੇ ਨਿਰਦੇਸਕ ਕੰਵਲਜੀਤ ਸਿੰਘ ਹੈ। ਫਿਲਮ ਵਿੱਚ ਜੋਬਨਪ੍ਰੀਤ, ਮੈਂਡੀ ਤੱਖਰ,ਮੁਕਲ ਦੇਵ, ਮਹਾਂਬੀਰ ਭੁੱਲਰ, ਸੋਨਪ੍ਰੀਤ ਜਵੰਧਾ,ਸਿਮਰਨ ਸਹਿਜਪਾਲ, ਗੁਰਦੀਪ ਬਰਾੜ, ਸੁਖਬੀਰ ਬਾਠ, ਪ੍ਰਭਸ਼ਰਨ ਕੌਰ ਅਤੇ ਦਿਲਾਵਰ ਸਿੱਧੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਗੀਤ ਕੈਲਾਸ਼ ਖੇਰ, ਮੰਨਤ ਨੂਰ, ਬੀਤ ਬਲਜੀਤ, ਹਰਸ਼ਦੀਪ ਕੌਰ, ਕਰਤਾਰ ਕਮਲ ਨੇ ਗਾਏ ਹਨ ਜਿਸਨੂੰ ਬੀਤ ਬਲਜੀਤ ਅਤੇ ਕਰਤਾਰ ਕਮਲ ਨੇ ਲਿਖਿਆ ਹੈ। ਜ਼ਿਲ੍ਹਾ ਲੁਧਿਆਣਾ ਦੇ ੍ਰੀ ਰਾੜਾ ਸਾਹਿਬ ਨੇੜਲੇ ਪਿੰਡ ਕੂਹਲੀ ਕਲਾਂ ਦਾ ਜੰਮਪਲ ਜੋਬਨਪ੍ਰੀਤ ਨੂੰ ਸਕੂਲ ਕਾਲਜ ਦੇ ਸਮਿਆਂ ਤੋਂ ਹੀ ਅਦਾਕਾਰੀ ਦਾ ਸ਼ੌਕ ਪਿਆ ਜੋ ਉਸਨੂੰ ਰੰਗਮੰਚ ਤੋਂ ਬਾਅਦ ਫ਼ਿਲਮਾਂ ਤੱਕ ਲੈ ਆਇਆ। ਜੋਬਨਪ੍ਰੀਤ ਇੱਕ ਅਦਾਕਾਰ ਦੇ ਇਲਾਵਾ ਪੰਜਾਬ ਪੁਲਸ ਦਾ ਮੁਲਾਜਮ ਵੀ ਹੈ। ਆਪਣੀ ਡਿਊਟੀ ਦੇ ਨਾਲ ਨਾਲ ਕਲਾ ਦੇ ਖੇਤਰ ਵਿੱਚ ਸਰਗਰਮ ਰਹਿਣਾ ਉਸਦੀ ਰੁਝੇਵਿਆਂ ਭਰੀ ਜ਼ਿੰਦਗੀ ਦਾ ਹਿੱਸਾ ਹੈ। ਆਉਣ ਵਾਲੇ ਸਮਿਆਂ 'ਚ ਉਸ ਕੋਲ ਹੋਰ ਵੀ ਕਈ ਚੰਗੀਆਂ ਫਿਲਮਾਂ ਹਨ। ਆਪਣੀ ਇਸ ਫ਼ਿਲਮ 'ਸਾਕ' ਤੋਂ ਜੋਬਨਪ੍ਰੀਤ ਨੂੰ ਬਹੁਤ ਉਮੀਦਾਂ ਹਨ।

**ਹਰਜਿੰਦਰ ਸਿੰਘ ਜਵੰਦਾ**

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# Newspaper Classifieds

MATRIMONIAL
PROPERTY
RECRUITMENT
NAME OF CHANGE
BUSINESS

It's time to
Grow your Business
Advertise with us...

## 24 ਘੰਟੇ ਆਨਲਾਈਨ ਪੜ੍ਹੋ
## www.preetnama.com
ਲੇਖ, ਰਚਨਾਵਾਂ, ਕਾਵਿ ਕਿਆਰੀ, ਅਤੇ ਹੋਰ ਚਲੰਤ ਮਸਲੇ

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

preetnamausa@gmail.com

**Contact : +1 201-312-4180**

**FREE ADMISSION**

FREE PARKING, FREE FOOD-CAKE-PAAN TASTING
FREE HENNA, PHOTOS, T-SHIRTS, BAGS & RAFFLES

Exclusive Events, Maliha Khan Makeup & Aisha's Wedding Decor Present:

Sumit Arya & Maliha Khan's

# DULHAN EXPO

## Bridal Show

Wedding Planning & Lifestyle Expos
for
The Sophisticated South Asian Bride

- 70 Vendors Per Expo; 100 Unique Ones Total
- Attend Both Expos for Maximum Choices
- Plan All Types of Events, Not Just Weddings

## LONG ISLAND

SUNDAY **Sept.15** 2019
12-6PM
**MARRIOTT MELVILLE**
1350 Walt Whitman Road, Melville NY 11747

## NEW JERSEY

SUNDAY **Sept.29** 2019
12-7PM
**DELTA HOTELS WOODBRIDGE**
(FORMERLY: RENAISSANCE WOODBRIDGE)
515 US Highway 1S, Iselin, New Jersey 08830

**OFFICIAL VENDORS:**
**Photo/Video:** Ravinder Arora/John Martin/Fredy Alvarez; **Sound:** Exclusive Events
**Stage Decor:** Aisha's Wedding Decor; **Fashion Choreography:** Karamjit Bhinder

**MEDIA SPONSORS:**
**Television & Radio:** Hum TV, B4U Network, ARY, Aaj Tak, ITV Gold, India Life TV, AwesomeTV, Easy96.com, Swaarg Sangeet Radio, AWSM Radio
**Magazines:** Little India, Gujarat Darpan, Za's Pages, India Life & Times, Tiranga
**Newspapers:** Desi Talk, Apna Punjab, Weekly Probash, Urdu Times, Preetnama
**Online Media:** ApneeCommunity.com, Sulekha.com, NJWedding.com

